ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 24 | 14 June to 20 June 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਲੰਡਨ 'ਚ ਭਿਆਨਕ ਅੱਗ ਨਾਲ ਕਈ ਮੌਤਾਂ

**ਲੰਡਨ/ਬਿਊਰੋ ਨਿਊਜ਼:** ਪੱਛਮੀ ਲੰਡਨ ਦੀ ਇੱਕ ਅਪਾਰਟਮੈਂਟ ਨੂੰ ਬੁੱਧਵਾਰ ਤੜਕੇ ਲੱਗੀ ਅੱਗ 'ਚ ਕਈ ਮੌਤਾਂ ਅਤੇ ਦਰਜਨਾਂ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਹਨ। ਇਸ ਭਿਆਨਕ



ਅਗਨੀ ਕਾਂਡ 'ਚੋਂ 50 ਦੇ ਕਰੀਬ ਲੋਕ ਕੱਢ ਕੇ ਹਸਪਤਾਲ ਪਹੁੰਚਾਏ ਗਏ ਹਨ। ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਅੱਗ ਦੇ ਵੱਡੇ ਲਾਂਬੂ ਵਾਂਗ ਦਿਖਾਈ ਦਿਸਦੀ ਇਸ ਤ੍ਰਾਸਦੀ 'ਚ ਜਾਨ ਗਵਾਉਣ ਜਾਂ ਜ਼ਖ਼ਮੀ ਹੋਣ ਵਾਲਿਆਂ ਬਾਰੇ ਹਾਲੇ ਕੁਝ ਨਹੀਂ ਦੱਸਿਆ ਜਾ ਰਿਹਾ।

ਉਪਰਲੀਆਂ ਮੰਜ਼ਿਲਾਂ 'ਚੋਂ ਲੋਕ ਇਸ਼ਾਰੇ ਕਰਕੇ ਉਨ੍ਹਾਂ ਨੂੰ ਬਚਾਉਣ ਲਈ ਹਾੜੇ ਕੱਢ ਰਹੇ ਸਨ। ਪਤਾ ਨਹੀਂ ਲੱਗਾ ਕਿ ਬਚਾਅਕਰਮੀ ਉਨ੍ਹਾਂ ਤੱਕ ਪਹੁੰਚ ਸਕੇ ਜਾਂ ਨਹੀਂ।

ਅੱਗ ਬੁਝਾਉਣ ਵਾਲੇ ਸੈਂਕੜੇ ਕਰਮਚਾਰੀਆਂ ਨੂੰ ਦੂਰ ਰਹਿ ਕੇ ਕੰਮ ਕਰਨ ਲਈ ਆਖਿਆ ਗਿਆ ਹੈ ਤਾਂ ਕਿ ਕਿਤੇ ਉਹ ਇਮਾਰਤ ਡਿਗਣ ਦੀ ਸੂਰਤ 'ਚ ਮਲਬੇ ਹੇਠਾਂ ਨਾ ਆ ਜਾਣ।

ਲਾਟੀਮਾਰ ਰੋਡ ਦੇ ਲਾਂਚੈਸਟਰ ਵੈਸਟ ਅਸਟੇਟ ਉੱਤਲੇ ਗਰੇਨਫੈਲ ਟਾਵਰ ਨਾਂਅ ਦੀ ਇਸ ਇਮਾਰਤ ਵਿਚਲੇ ਬਹੁਤ ਸਾਰੇ ਲੋਕਾਂ ਨੇ ਜਾਨਾਂ ਬਚਾਉਣ ਲਈ ਉਪਰੋਂ ਛਾਲਾਂ ਮਾਰ ਦਿੱਤੀਆਂ ਜਿਨ੍ਹਾਂ ਦੇ ਬਣ ਜਾਣ ਬਾਰੇ ਕੋਈ ਜਾਣਕਾਰੀ ਨਹੀਂ।

ਇਸ ਏਰੀਆ 'ਚ ਭਰਵੀਂ ਮੁਸਲਿਮ ਵਸੋਂ ਦੱਸੀ ਜਾਂਦੀ ਹੈ।

# ਦਰਬਾਰ ਸਾਹਿਬ ਉੱਤੇ ਭਾਰਤ ਸਰਕਾਰ ਵੱਲੋਂ ਹਮਲੇ ਦੀ ਯਾਦ 'ਚ ਸਿੱਖ ਫਰੀਡਮ ਮਾਰਚ

### ਸਾਨ ਫਰਾਂਸਿਸਕੋ 'ਚ ਹਜ਼ਾਰਾਂ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਦਰਬਾਰ ਸਾਹਿਬ 'ਤੇ ਹਮਲੇ ਦੀ 33ਵੀਂ ਵਰ੍ਹੇ ਗੰਢ ਮੌਕੇ ਸ਼ਰਧਾਂਜਲੀਆਂ ਦਿੱਤੀਆਂ

**ਸਾਨ ਫਰਾਂਸਿਸਕੋ/ਹੁਸਨ ਲੜੋਆ ਬੰਗਾ:**
ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 33 ਵੀਂ ਵਰੇ ਗੰਢ ਸੈਨ ਫਰਾਂਸਿਸਕੋ ਵਿਖੇ ਨਗਰ ਕੀਰਤਨ ਦੇ ਰੂਪ ਚ ਸਮੂਹਕ ਤੌਰ ਤੇ ਮਨਾਈ। ਇਸ ਮੌਕੇ ਵਿਸਾਲ ਸਮਾਗਮ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਕੇਂਦਰੀ ਵਾਦੀ ਤੇ ਹੋਰਨਾਂ ਵੱਖ ਵੱਖ ਥਾਵਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੱਢੀ ਗਈ ਪਰੇਡ ਵਿਚ ਇਸ ਗੱਲ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਕਿ 33 ਸਾਲ ਬੀਤ ਜਾਣ ਦੇ ਬਾਅਦ ਵੀ ਘੱਟ ਗਿਣਤੀ ਸਿੱਖਾਂ ਦੀਆਂ ਧਾਰਮਿਕ ਅਤੇ ਆਰਥਿਕ ਮੰਗਾਂ ਅਜੇ ਵੀ ਅਣਸੁਲਝੀਆਂ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਅਜੇ ਵੀ ਬਿਨਾਂ ਕਿਸੇ ਦੋਸ਼ ਅਤੇ ਅਪਰਾਧ ਦੇ ਜੇਲਾਂ ਵਿਚ ਬੰਦ ਹਨ। ਭਾਰਤ ਵਿਚ ਘੱਟ ਗਿਣਤੀਆਂ ਨੂੰ ਜਬਰ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਅਤੇ ਹੋਰਨਾਂ ਭਾਰਤੀ ਸ਼ਹਿਰਾਂ ਵਿਚ ਵਾਪਰੀ ਸਿੱਖ ਨਸਲਕੁਸ਼ੀ ਦੇ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿਚ ਹਨ।



ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ 33ਵੀਂ ਵਰ੍ਹੇ ਗੰਢ ਮੌਕੇ ਸਾਨ ਫਰਾਂਸਿਸਕੋ 'ਚ ਹਜ਼ਾਰਾਂ ਸਿੱਖਾਂ ਵਲੋਂ ਕੱਢੇ ਸਿੱਖ ਫਰੀਡਮ ਮਾਰਚ 'ਚ ਸ਼ਾਮਲ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ।

ਪ੍ਰੋਗਰਾਮ ਦੇ ਪ੍ਰਬੰਧਕ ਜਸਦੇਵ ਸਿੰਘ ਨੇ ਕਿਹਾ 'ਦਰਬਾਰ ਸਾਹਿਬ ਵਿਖੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਭੈਣ ਭਰਾਵਾਂ ਨੂੰ ਸ਼ਰਧਾਂਜਲੀ ਦੇਣ ਲਈ ਅਸੀਂ ਹਰ ਵਰ੍ਹੇ ਇਕੱਤਰ ਹੁੰਦੇ ਹਾਂ। ਅਸੀਂ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕੇ।

ਬਾਕੀ ਸਫ਼ਾ 31 'ਤੇ

# ਮੱਠਾ ਨਹੀਂ ਪੈ ਰਿਹਾ ਮੰਦਸੌਰ ਦਾ ਕਿਸਾਨ ਅੰਦੋਲਨ

### ਕਾਂਗਰਸ ਦੇ ਐਮ ਪੀ ਸਿੰਧੀਆ ਤੇ ਗੁਜਰਾਤ ਪਾਟੀਦਾਰ ਸੰਘਰਸ਼ ਦੇ ਆਗੂ ਹਾਰਦਿਕ ਪਟੇਲ ਨੂੰ ਪੁਲੀਸ ਨੇ ਹਿਰਾਸਤ 'ਚ ਲਿਆ

**ਰਤਲਾਮ/ਨੀਮਚ (ਮੱਧ ਪ੍ਰਦੇਸ਼)/ਬਿਊਰੋ ਨਿਊਜ਼:**
ਮੱਧ ਪ੍ਰਦੇਸ਼ 'ਚ ਮੰਦਸੌਰ ਦਾ ਕਿਸਾਨ ਅੰਦੋਲਨ ਮੱਠਾ ਪੈਂਦਾ ਨਜ਼ਰ ਹੀਂ ਆਉਂਦਾ ਜਦੋਂ ਕਿ ਅੰਦੋਲਨਕਾਰੀ ਕਿਸਾਨਾਂ ਨਾਲ ਮੁਲਾਕਾਤ ਕਰਨ ਮੰਦਸੌਰ ਜਾ ਰਹੇ ਕਾਂਗਰਸ ਆਗੂ ਜਯੋਤਿਰਦਿੱਤਿਆ ਸਿੰਧੀਆ ਤੇ ਗੁਜਰਾਤ ਪਾਟੀਦਾਰ ਰਾਖਵਾਂਕਰਨ ਅੰਦੋਲਨ ਦੇ ਆਗੂ ਹਾਰਦਿਕ ਪਟੇਲ ਨੂੰ ਪੁਲੀਸ ਨੇ ਮੰਗਲਵਾਰ ਨੂੰ ਹਿਰਾਸਤ ਵਿੱਚ ਲੈ ਲਿਆ।

ਪੁਲੀਸ ਨੇ ਸਿੰਧੀਆ ਨੂੰ ਉਸ ਦੇ ਪਾਰਟੀ ਦੇ ਸਾਥੀ ਕਾਂਤੀਆਲ ਭੂਰੀਆ ਤੇ ਵੱਡੀ ਗਿਣਤੀ 'ਚ ਹਮਾਇਤੀਆਂ ਸਮੇਤ ਰਤਲਾਮ ਦੇ ਨਿਆਗਾਉਂ-ਜੌਰਾ ਟੌਲ ਬੂਥ ਨੇੜਿਓਂ ਹਿਰਾਸਤ 'ਚ ਲਿਆ ਜੋ ਮੰਦਸੌਰ ਵੱਲ ਕੂਚ ਕਰ ਰਹੇ ਸਨ। ਇਸ ਇਲਾਕੇ ਵਿੱਚ ਅਜੇ ਵੀ ਪਾਬੰਦੀਆਂ ਲੱਗੀਆਂ ਹੋਈਆਂ ਹਨ। ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਕਾਂਗਰਸ ਆਗੂਆਂ ਤੇ ਉਨ੍ਹਾਂ

ਬਾਕੀ ਸਫ਼ਾ 25 'ਤੇ



ਕਾਂਗਰਸੀ ਆਗੂ ਤੇ ਸੰਸਦ ਮੈਂਬਰ ਜਯੋਤਿਰਦਿੱਤਿਆ ਸਿੰਧੀਆ ਦੋਧਪੁਰ ਟੌਲ ਬੂਥ 'ਤੇ ਮੰਦਸੌਰ ਦੇ ਕਿਸਾਨਾਂ ਨੂੰ ਮਿਲਣ ਜਾਣ ਦਾ ਯਤਨ ਕਰਦੇ ਹੋਏ।

## ਬਾਲਟੀਮੋਰ ਦਾ ਹਰਪ੍ਰੀਤ ਸਿੰਘ ਮੈਰੀਲੈਂਡ 'ਚ ਕ੍ਰਿਪਾਨ ਕਾਰਨ ਗ੍ਰਿਫ਼ਤਾਰ; ਜਾਂਚ ਮਗਰੋਂ ਕੀਤਾ ਰਿਹਾਅ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ 'ਚ ਇਕ ਵਾਰ ਫਿਰ ਇਕ ਸਿੱਖ ਨੂੰ ਧਾਰਮਿਕ ਚਿੰਨ੍ਹ ਕ੍ਰਿਪਾਨ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। ਅਮਰੀਕੀ ਪੁਲੀਸ ਨੇ ਬਾਲਟੀਮੋਰ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਨੂੰ ਮੈਰੀਲੈਂਡ 'ਚ ਕ੍ਰਿਪਾਨ ਪਾਈ ਹੋਣ ਕਾਰਨ ਗ੍ਰਿਫ਼ਤਾਰ ਕਰ ਲਿਆ। ਹਰਪ੍ਰੀਤ ਸਿੰਘ ਗਰੋਸਰੀ ਸਟੋਰ 'ਚ ਸੀ ਜਦੋਂ ਕੁਝ ਹੋਰ ਗਾਹਕਾਂ ਨੇ ਉਸ ਨੂੰ ਸ਼ੱਕੀ ਸਮਝ ਕੇ ਇਸ ਦੀ ਸੂਚਨਾ ਪੁਲੀਸ ਨੂੰ ਦਿੱਤੀ, ਪੁਲੀਸ ਉਸ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ ਭਾਵੇਂ ਕਿ ਬਾਅਦ 'ਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ।



ਆਪਣੇ ਫੇਸਬੁੱਕ ਅਕਾਊਂਟ 'ਤੇ ਇਸ ਬਾਰੇ ਜਾਣਕਾਰੀ ਦਿੰਦਿਆ ਹਰਪ੍ਰੀਤ ਨੇ ਲਿਖਿਆ ਹੈ ਕਿ ਪੁਲੀਸ ਨੇ ਮੇਰੀ ਪਹਿਨੀ ਹੋਈ ਛੋਟੀ ਕ੍ਰਿਪਾਨ ਨੂੰ ਮਾਰੂ ਹਥਿਆਰ ਸਮਝਦਿਆਂ ਉਸ ਨੂੰ ਹੱਥਕੜੀ ਲਗਾਈ ਤੇ ਮੇਰੇ ਧਾਰਮਿਕ ਚਿੰਨ੍ਹ ਨੂੰ ਸਮਾਜ ਲਈ ਖ਼ਤਰਾ ਦੱਸਿਆ। ਜ਼ਿਕਰਯੋਗ ਹੈ ਕਿ ਅਮਰੀਕਨ ਨਾਈਫ ਐਂਡ ਟੂਲ ਇੰਸਟੀਚਿਊਟ ਦੀ ਵੈੱਬਸਾਈਟ ਮੁਤਾਬਕ ਮੈਰੀਲੈਂਡ 'ਚ ਕਿਸੇ ਤਰ੍ਹਾਂ ਦੀ ਕ੍ਰਿਪਾਨ ਜਾਂ ਚਾਕੂ ਪਹਿਨਣ 'ਤੇ ਕੋਈ ਪਾਬੰਦੀ ਨਹੀਂ ਹੈ। ਇਸ ਘਟਨਾ ਤੋਂ ਸਪਸ਼ਟ ਹੁੰਦਾ ਹੈ ਕਿ ਅਮਰੀਕੀ ਪੁਲੀਸ ਨੂੰ ਸਿੱਖ ਅਜੇ ਤੱਕ ਸਿੱਖ ਧਰਮ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ, ਅਜਿਹੇ ਕਈ ਮਾਮਲੇ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ।

For Advertisements in Quomantry Amritsar Times Please Call :
Jai Singh
510-677-2777
















A KAVI RAZ FILM
THE BLACK PRINCE
A FILM BY KAVI RAZ 'THE BLACK PRINCE' STARRING SATINDER SARTAAJ JASON FLEMYNG AMANDA ROOT SOPHIE STEVENS AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ

# "ਹਿੰਸਾ ਨੂੰ ਉਤਸ਼ਾਹਿਤ ਕਰਨ ਜਾਂ ਉਕਸਾਹਟ ਕਰਨ ਲਈ ਜੋ ਵਿਅਕਤੀ ਕੰਮ ਕਰਦੇ ਹਨ ਉਨ੍ਹਾਂ ਨੂੰ ਰੋਕਣਾ ਹਰੇਕ ਇਨਸਾਨ ਦਾ ਮੁੱਢਲਾ ਫਰਜ"

## ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਵਲੋਂ ਅਰੀਕੀ ਸੰਸਦ 'ਚ ਕਰਵਾਈ ਗੋਸ਼ਟੀ ਦੌਰਾਨ ਅਹਿਮ ਵਿਚਾਰਾਂ

### ਯੂ. ਐਨ. ਅੰਡਰ ਜਨਰਲ ਸੈਕਟਰੀ ਸਮੇਤ ਉੱਘੀਆਂ ਸਖ਼ਸ਼ੀਅਤਾਂ ਤੇ ਮਾਹਿਰਾਂ ਨੇ ਲਿਆ ਹਿੱਸਾ





**ਵਾਸ਼ਿੰਗਟਨ ਡੀ.ਸੀ./ਹੁਸਨ ਲੜੋਆ ਬੰਗਾ ਤੇ ਬਿਊਰੋ ਨਿਊਜ਼:** ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਵੱਲੋਂ ਇੱਥੇ ਰਾਇਬਰਨ ਹਾਊਸ ਆਫ਼ਿਸ ਬਿਲਡਿੰਗ ਵਿਖੇ ਕਰਵਾਈ ਇੱਕ ਵਿਸ਼ੇਸ਼ ਗੋਸ਼ਟੀ ਦੌਰਾਨ ਬੁਲਾਰਿਆਂ ਵਲੋਂ ਆਪਣੇ ਭਾਸ਼ਣਾਂ 'ਚ ਵਿਸ਼ਵ ਭਰ ਵਿੱਚ ਧਾਰਮਿਕ ਆਧਾਰਾਂ 'ਤੇ ਹਿੰਸਾ ਦੀਆਂ ਵਧਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਗਈ। ਇਸ ਮੌਕੇ ਆਪਣੇ ਮੁੱਖ ਭਾਸ਼ਣ 'ਚ ਨਸਲਕੁਸ਼ੀ ਰੋਕਥਾਮ ਬਾਰੇ ਸੰਯੁਕਤ ਰਾਸ਼ਟਰ ਸੰਘ (ਯੂ. ਐੱਨ. ਓ.) ਦੇ ਅੰਡਰ ਜਨਰਲ ਸਕੱਤਰ ਤੇ ਵਿਸ਼ੇਸ਼ ਸਲਾਹਕਾਰ ਸ੍ਰੀ ਆਡਾਮਾ ਡਾਇੰਗ ਨੇ ਵਿਸ਼ਵ ਭਰ 'ਚ ਵੱਧਦੀਆਂ ਧਰਮ ਸਬੰਧੀ ਹਿੰਸਕ ਘਟਨਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕੀਤੀ।

ਸ੍ਰੀ ਡਾਇੰਗ ਨੇ ਕਿਹਾ ਕਿ ਹਿੰਸਾ ਨੂੰ ਉਕਸਾਉਣ ਦੀ ਰੋਕਥਾਮ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਮਾਪਦੰਡਾਂ 'ਚ ਪਾਈ ਜਾਂਦੀ ਹੈ ਅਤੇ ਇਸ ਤਰ੍ਹਾਂ ਧਾਰਮਿਕ ਆਧਾਰਾਂ ਅਤੇ ਅਧਿਆਤਮਿਕ ਗਾਇਡਾਂ ਨੂੰ ਇਸ ਆਧਾਰ 'ਤੇ ਹਿੰਸਾ ਨੂੰ ਕੁਚਲਣ ਲਈ ਮਹੱਤਵਪੂਰਨ ਅਦਾਕਾਰਾਂ ਵਜੋਂ ਵਰਤਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਆਗੂਆਂ 'ਚ ਲੋਕਾਂ ਦੀ ਜ਼ਿੰਦਗੀ ਅਤੇ ਵਿਹਾਰ ਨੂੰ ਪ੍ਰਭਾਵਿਤ ਕਰਨ ਦੀ ਮਜ਼ਬੂਤ ਸਮਰੱਥਾ ਹੁੰਦੀ ਹੈ। ਇਸ ਲਈ ਇਨ੍ਹਾਂ ਆਗੂਆਂ ਤੋਂ ਇਲਾਵਾ ਰਾਜਨੀਤਿਕ ਲੀਡਰਾਂ ਨੂੰ ਵੀ ਅਗਾਂਹ ਆ ਕੇ ਧਾਰਮਿਕ ਹਿੰਸਾ ਨੂੰ ਰੋਕਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਗੋਸ਼ਟੀ ਦੌਰਾਨ ਇਸ ਮੁੱਦੇ ਦੇ ਸਕਾਰਾਤਮਕ ਅਤੇ ਨਕਾਰਾਤਮਕ ਪਹਿਲੂਆਂ 'ਤੇ ਵੀ ਚਾਨਣਾ ਪਾਇਆ ਗਿਆ।

ਸਬੰਧਤ ਹੋਰ ਤਸਵੀਰਾਂ ਰੰਗਦਾਰ ਸਫ਼ਾ 17 'ਤੇ

ਸ੍ਰੀ ਡਾਇੰਗ ਨੇ ਕਿਹਾ ਕਿ ਅਸੀਂ ਜਨਤਾ ਦੇ ਹੱਕ-ਹਕੂਕਾਂ ਦੀ ਰੱਖਿਆ ਲਈ ਸਮੂਹਿਕ ਕਾਰਵਾਈ ਪ੍ਰਤੀ ਵਿਸ਼ਵ ਪੱਧਰ 'ਤੇ ਵਚਨਬੱਧ ਹਾਂ ਅਤੇ ਕੌਮੀ ਹਿੱਤਾਂ ਨੂੰ ਨੈਤਿਕ, ਕਾਨੂੰਨੀ ਅਤੇ ਰਾਜਨੀਤਿਕ ਪ੍ਰਤੀਬੱਧਤਾਵਾਂ ਤੋਂ ਉੱਪਰ ਰੱਖਣ ਦੇ ਹੱਕ 'ਚ ਆਪਣੀ ਅਵਾਜ਼ ਬੁਲੰਦ ਕਰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਨੂੰ ਵੀ ਆਪਣੇ ਜਨਤਕ ਭਾਸ਼ਣਾਂ ਅਤੇ ਮੀਡੀਆ ਰਾਹੀਂ ਇਸ ਮੁੱਦੇ 'ਤੇ ਹਮੇਸ਼ਾਂ ਅਗਵਾਈ ਕਰਨੀ ਚਾਹੀਦੀ ਹੈ ਤਾਂ ਕਿ ਕਿਸੇ ਖ਼ਾਸ ਵਰਗ ਦੇ ਵਿਅਕਤੀਆਂ ਅਤੇ ਭਾਈਚਾਰਿਆਂ ਪ੍ਰਤੀ ਨਫ਼ਰਤ ਅਤੇ ਦੁਸ਼ਮਣੀ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਹਿੰਸਾ ਨੂੰ ਉਤਸ਼ਾਹਿਤ ਕਰਨ ਜਾਂ ਉਕਸਾਹਟ ਕਰਨ ਲਈ ਜੋ ਵਿਅਕਤੀ ਕੰਮ ਕਰਦੇ ਹਨ ਉਨ੍ਹਾਂ ਨੂੰ ਰੋਕਣਾ ਹਰੇਕ ਇਨਸਾਨ ਦਾ ਮੁੱਢਲਾ ਫ਼ਰਜ਼ ਹੈ।

ਇਸ ਮੌਕੇ ਇੰਸਟੀਚਿਊਟ ਫ਼ਾਰ ਲੀਡਰਸ਼ਿਪ ਐਂਡ ਕਮਿਊਨਿਟੀ ਡਿਵੈੱਲਪਮੈਂਟ ਲੰਡਨ ਦੇ ਡਾਇਰੈਕਟਰ ਡਾ. ਇਕਤਦਾਰ ਕਰਾਮਤ ਚੀਮਾ ਨੇ ਕਿਹਾ ਕਿ ਆਮ ਤੌਰ 'ਤੇ ਧਾਰਮਿਕ ਅੱਤਿਆਚਾਰ ਤੇ ਜੁਰਮ ਹਿੰਸਕ ਹੁੰਦੇ ਹਨ ਕਿਉਂਕਿ ਇਨ੍ਹਾਂ ਦੀ ਉਪਜ ਪਹਿਲਾਂ ਨਫ਼ਰਤ ਵਾਲੇ ਭਾਸ਼ਣ ਦੇ ਰੂਪ 'ਚ ਹੁੰਦੀ ਹੈ। ਉਨ੍ਹਾਂ ਨੇ ਖ਼ਾਸ ਤੌਰ 'ਤੇ ਪਾਕਿਸਤਾਨ, ਭਾਰਤ ਤੇ ਮਿਆਂਮਾਰ 'ਚ ਧਾਰਮਿਕ ਤੇ ਰਾਜਨੀਤਿਕ ਨੇਤਾਵਾਂ ਵੱਲੋਂ ਭੜਕਾਊ ਭਾਸ਼ਣਾਂ ਨਾ ਹੋ ਰਹੀ ਹਿੰਸਕ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨ 'ਚ ਹਿੰਦ ਭਾਈਚਾਰੇ ਨੂੰ ਕਈ ਵਾਰ ਸਰਕਾਰ ਵੱਲੋਂ ਹਿੰਸਾ ਦਾ ਸ਼ਿਕਾਰ ਬਣਨਾ ਪਿਆ ਹੈ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਆਪਸੀ ਭਾਈਚਾਰਕ ਸਾਂਝ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਧਾਰਮਿਕ ਲੀਡਰਾਂ ਅਤੇ ਨੇਤਾਵਾਂ ਨੂੰ ਹਰ ਕਿਸਮ ਦੇ ਵਿਤਕਰੇ ਵਿਰੁੱਧ ਲੜਨ 'ਚ ਸਹਾਇਤਾ ਕਰਨੀ ਚਾਹੀਦੀ ਹੈ, ਜਿਵੇਂ ਕਿ ਕਲਾਸ, ਕਾਸਟ, ਜਾਤ, ਜਾਤੀ ਜਾਂ ਧਰਮ ਦੇ ਆਧਾਰ 'ਤੇ ਭੇਦਭਾਵ, ਜਿਵੇਂ ਕਿ ਦੁਸ਼ਮਣੀਵਾਦ, ਇਸਲਾਮਫੋਬੀਆ ਅਤੇ ਐਕਸੈਨੋਫੋਬੀਆ ਵਜੋਂ ਸਾਹਮਣੇ ਆਉਂਦੇ ਹਨ।

ਉਨ੍ਹਾਂ ਨੇ ਖ਼ਾਸ ਤੌਰ 'ਤੇ ਕਿਹਾ ਕਿ ਪਾਕਿਸਤਾਨ 'ਚ ਹਿੰਦੂ ਭਾਈਚਾਰੇ ਨੂੰ ਕਦੇ ਵੀ ਸਰਕਾਰ ਦੁਆਰਾ ਸਵੀਕਾਰ ਜਾਂ ਭਰੋਸੇਯੋਗ ਨਹੀਂ ਮੰਨਿਆ ਗਿਆ ਅਤੇ ਇਹ ਭਾਈਚਾਰਾ ਹਮੇਸ਼ਾਂ ਹੀ ਹਿੰਸਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਇੱਥੋਂ ਤੱਕ ਕਿ ਦੇਸ਼ ਦੇ ਕੁਝ ਪਬਲਿਕ ਸਕੂਲਾਂ 'ਚ ਪੜ੍ਹਾਈ ਦੇ ਪਾਠਕ੍ਰਮ 'ਚ ਵੀ ਇੰਨ੍ਹਾਂ ਖਿਲਾਫ਼ ਨਫ਼ਰਤ ਸਪੱਸ਼ਟ ਨਜ਼ਰ ਆ ਰਹੀ ਹੈ। ਸੰਯੁਕਤ ਰਾਜ ਦੇ ਹੋਲੋਕਸਟ ਮੈਮੋਰੀਅਲ ਮਿਊਜ਼ੀਅਮ 'ਚ ਨਸਲਕੁਸ਼ੀ ਰੋਕਥਾਮ ਲਈ ਸੈਂਟਰ ਦੀ ਡਿਪਟੀ ਡਾਇਰੈਕਟਰ ਨਾਓਮੀ ਕਿੱਕੋਲਰ ਨੇ ਆਪਣੇ ਭਾਸ਼ਣ 'ਚ ਸੁਝਾਅ ਦਿੱਤਾ ਕਿ ਨਸਲਕੁਸ਼ੀ ਅਤੇ ਮਨੁੱਖਤਾ ਵਰਗੇ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਪਰਾਧਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਮੁੱਢਲੇ ਚੇਤਾਵਨੀ ਦੇ ਸੰਕੇਤ, ਸਪੱਸ਼ਟ ਮਹੀਨ੍ਹਿਆਂ ਅਤੇ ਕਈ ਸਾਲ ਪਹਿਲਾਂ ਹੀ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਸ ਮੌਕੇ ਇਨ੍ਹਾਂ ਦੀ ਰੋਕਥਾਮ ਅਤਿਅੰਤ ਜਰੂਰੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਹਿੰਸਾ

ਬਾਕੀ ਸਫ਼ਾ 32 'ਤੇ






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# Scholarships Awards

**For students graduated in year 2017 from High/Middle school in Southern California, with one or both parents being Sikhs**

For application forms, guidelines for applicants, or more information, send email to:scholarshipandawards@gmail.com

## Academic Excellence Awards

*High School Graduates –*
*TenAwards $1000 - $2500*

Middle School (8th grade) Graduates –
Five Awards$250 - $600

### *Eligibility Criteria:*

*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

*High School Graduates:$750*
*1-Sports;2-Visual & Performing Arts;*
*3-Community Service*

*Special Awards:$200/each for Perfect score in SAT*
*$100/each for 80% or higher score on quiz*
*(quiz material supplied in advance)*

Middle School Graduates:Visual & Performing Arts
*Two ($250 and $200), $100/each for 80% or higher score on quiz (quiz material supplied in advance)*

Last date for receipt of completed applications: **Monday,July 23, 2017**

**Winners to receive awards at a Gala Lunch event**
August 6, 2017 at 11 am

For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452

Sponsored by: **Sikh American Heritage Society**

## ਬਰਕਲੀ ’ਵਰਸਿਟੀ ਸਮਾਗਮ ਵਿਚ ਚੰਡੀਗੜ੍ਹ ਦੇ ਅੰਗਦ ਸਿੰਘ ਨੇ ਭਾਸ਼ਣ ਦੇ ਕੇ ਮਨ ਮੋਹਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੀ ਯੂ.ਸੀ. ਬਰਕਲੀ ਯੂਨੀਵਰਸਿਟੀ ਦੇ ਵਿਦਾਇਗੀ ਸਮਾਗਮ ਵਿਚ ਚੰਡੀਗੜ੍ਹ ਦੇ ਸਿੱਖ ਨੌਜਵਾਨ ਅੰਗਦ ਸਿੰਘ ਨੇ ਭਾਸ਼ਣ ਦੇ ਕੇ ਸਾਰਿਆਂ ਦਾ ਮਨ ਮੋਹ ਲਿਆ। ਉਸ ਦਾ ਭਾਸ਼ਣ ਇੰਨਾ ਜ਼ਬਰਦਸਤ ਸੀ ਕਿ ਤਾੜੀਆਂ ਦੀ ਗੂੰਜ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ। ਅੰਗਦ ਦੇ ਇਸ ਭਾਸ਼ਣ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਅੰਗਦ ਨੂੰ ਯੂਨੀਵਰਸਿਟੀ ਨੇ Summa Cum Laude ਸਨਮਾਨ ਨਾਲ ਵੀ ਸਨਮਾਨਤ ਕੀਤਾ। ਇਹ ਯੂਨੀਵਰਸਿਟੀ ਦਾ ਸਭ ਤੋਂ ਵੱਡਾ ਸਨਮਾਨ ਹੈ।



ਕਾਮਰਸ ਦੀ ਪੜ੍ਹਾਈ ਕਰਨ ਵਾਲਾ 23 ਸਾਲਾ ਅੰਗਦ ਮੰਚ ਸੰਭਾਲਦੇ ਹੀ ਪਹਿਲਾਂ ਤਬਲਾ ਵਜਾਉਂਦਾ ਹੈ ਅਤੇ ਫਿਰ ਇਸ ਤੋਂ ਬਾਅਦ ਜਦੋਂ ਉਹ ਮਾਈਕ ਸੰਭਾਲਦਾ ਹੈ ਤੇ ਉਸ ਦੇ ਚਿਹਰੇ ਦਾ ਨੂਰ ਦੇਖਣ ਵਾਲਾ ਹੁੰਦਾ ਹੈ। ਆਪਣੇ ਭਾਸ਼ਣ ਵਿਚ ਅੰਗਦ ਨੇ ਕਿਹਾ ਕਿ ਜੇਕਰ ਦੁਨੀਆ ਵਿਚ ਕਿਤੇ ਹਿਜਾਬ ਕਾਰਨ ਮੁਸਲਿਮ ਔਰਤ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ, ਸਿੱਖ ਨੂੰ ਪੱਗੜੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਵੈਨੇਜ਼ੁਏਲਾ ’ਚ ਭੁੱਖਮਰੀ ਹੈ, ਸੀਰੀਆ ਵਿਚ ਕੋਈ ਪਿਤਾ ਆਪਣੇ ਪੂਰੇ ਪਰਿਵਾਰ ਨੂੰ ਗੁਆ ਦਿੰਦਾ ਹੈ ਤਾਂ ਇਹ ਸਾਡੇ ਸਾਹਮਣੇ ਪੇਸ਼ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ।ਅੰਗਦ ਨੇ ਉਥੇ ਆਪਣੇ ਪਿੰਡ ਦੀ ਨਸ਼ੇ ਦੀ ਸਮੱਸਿਆ ਦਾ ਵੀ ਜ਼ਿਕਰ ਕੀਤਾ।ਉਸ ਨੇ ਕਿਹਾ ਕਿ ਸਾਨੂੰ ਇਕ ਅਜਿਹੀ ਦੁਨੀਆ ਦਾ ਨਿਰਮਾਣ ਕਰਨਾ ਚਾਹੀਦਾ ਹੈ, ਜਿੱਥੇ ਨਸਲ, ਧਰਮ, ਭਾਸ਼ਾ ਦੇ ਨਾਂ ’ਤੇ ਭੇਦਭਾਵ ਨਾ ਕੀਤਾ ਜਾਂਦਾ ਹੋਵੇ। ਅੰਗਦ ਨੇ ਕਿਹਾ ਕਿ ਭਾਰਤ ਦੇ ਮਹਾਰਾਸ਼ਟਰ ਦੇ ਸ਼ਨੀ ਸ਼ਿੰਗਣਾਪੁਰ ਦੇ ਕਿਸੇ ਵੀ ਘਰ ਵਿਚ ਜਿੰਦਾ (ਤਾਲਾ) ਨਹੀਂ ਲਗਾਇਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਇਕ-ਦੂਜੇ ’ਤੇ ਭਰੋਸਾ ਹੈ। ਸਾਨੂੰ ਅਜਿਹੇ ਲੋਕਾਂ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਦੁਨੀਆ ਵਿਚ ਚੰਗਿਆਈ ਨੂੰ ਲਿਆਉਣ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਅੰਗਦ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ ਲਾਭ ਕਮਾਉਣ ਅਤੇ ਆਪਣੀ ਕਮਾਈ ਨੂੰ ਵਧਾਉਣ ਲਈ ਕੰਮ ਨਾ ਕਰਨ। ਉਹ ਆਪਣਾ ਧਿਆਨ ਦੁਨੀਆ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਵੀ ਲਗਾਉਣ। ਉਸ ਨੇ ਕਿਹਾ ਕਿ ਦੁਨੀਆ ’ਚ ਬਦਲਾਅ ਲਿਆਉਣ ਦੀ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ।

# ਪ੍ਰੋ.ਬਡੂੰਗਰ ਨੂੰ ਅਕਾਲੀ ਧਰਨੇ ਵਿਚ ਨਹੀਂ ਸੀ ਜਾਣਾ ਚਾਹੀਦਾ : ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿਆਸੀ ਪਾਰਟੀ ਵਲੋਂ ਉਲੀਕੇ ਧਰਨਿਆਂ ਵਿਚ ਸ਼੍ਰੋਮਣੀ ਕਮੇਟੀ ਦੀ ਸ਼ਮੂਲੀਅਤ ਦੇ ਹੋ ਰਹੇ ਵਿਰੋਧ ’ਤੇ ਉਸ ਵੇਲੇ ਪੰਥਕ ਮੋਹਰ ਵੀ ਲੱਗ ਗਈ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਨਿੱਜੀ ਰਾਏ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਇਨ੍ਹਾਂ ਸਿਆਸੀ ਧਰਨਿਆਂ ਵਿਚ ਸ਼ਮੂਲੀਅਤ ਨਹੀਂ ਕਰਨੀ ਚਾਹੀਦੀ।ਇਥੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਮੇਂ ਇਸ ਮਾਮਲੇ ਸਬੰਧੀ ਜਦੋਂ ਉਨ੍ਹਾਂ ਤੋਂ ਸਵਾਲ ਪੁੱਛਿਆ ਗਿਆ ਤਾਂ ਅਕਾਲ ਤਖ਼ਤ ਦੇ ਜਥੇਦਾਰ



ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਸਬੰਧੀ ਜਵਾਬ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੀ ਦੇ ਸਕਦੇ ਹਨ। ਪਰ ਉਨ੍ਹਾਂ ਦੀ ਨਿੱਜੀ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਜਿਹੇ ਸਿਆਸੀ ਧਰਨਿਆਂ ਵਿਚ ਸ਼ਮੂਲੀਅਤ ਤੋਂ ਦੂਰ ਰਹਿਣਾ ਚਾਹੀਦਾ ਹੈ।

ਇਸੇ ਮਾਮਲੇ ਵਿਚ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਇਕ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਧਰਨਿਆਂ ਵਿਚ ਸ਼ਾਮਲ ਹੋਣ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿਰਫ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਨੁਮਾਇੰਦਗੀ ਨਹੀਂ ਕਰਦੀ ਸਗੋਂ ਇਹ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੈ। ਇਸ ਸੰਸਥਾ ਨੂੰ ਆਪਣੀ ਸਾਖ ਬਰਕਰਾਰ ਰੱਖਣੀ ਚਾਹੀਦੀ ਹੈ। **ਬਾਕੀ ਸਫ਼ਾ 25 ’ਤੇ**

# ਸਿਡਨੀ : ਸ਼ਾਪਿੰਗ ਸੈਂਟਰ ਵਿਚ ‘ਅੱਲਾ ਹੂ ਅਕਬਰ’ ਦੇ ਨਾਅਰੇ ਲੱਗਣ ਮਗਰੋਂ ਸਿੱਖ ਹਲਕਿਆਂ ’ਚ ਬੇਚੈਨੀ

**ਸਿਡਨੀ/ਬਿਊਰੋ ਨਿਊਜ਼ :** ਪੰਜਾਬੀਆਂ ਦੇ ਗੜ੍ਹ ਵਜੋਂ ਮਕਬੂਲ ਬਲੈਕ ਟਾਊਨ, ਜੋ ਕਿ ਪੱਛਮੀ ਸਿਡਨੀ ਵਿੱਚ ਹੈ, ਦੇ ਵੈਸਟਪੌਇੰਟ ਸ਼ਾਪਿੰਗ ਸੈਂਟਰ ਵਿਚਲੇ ਸਿਨੇਮਾਘਰ ਵਿੱਚ ‘ਅੱਲਾ ਹੂ ਅਕਬਰ’ ਦੇ ਨਾਅਰੇ ਲੱਗਣ ਮਗਰੋਂ ਸਿੱਖ ਹਲਕਿਆਂ ਵਿੱਚ ਬੇਚੈਨੀ ਹੈ। ਪੁਲੀਸ ਇਸ ਘਟਨਾ ਨੂੰ ਇਸਲਾਮਿਕ ਸਟੇਟ ਨਾਲ ਜੋੜ ਕੇ ਵੇਖ ਰਹੀ ਹੈ। ਪੁਲੀਸ ਬਿਨ ਲਾਦਿਨ ਦੇ ਪਹਿਰਾਵੇ ਦੀ ਦਿਖ ਨਾਲ ਮਿਲਦੇ ਜੁਲਦੇ ਚਾਰ ਨੌਜਵਾਨਾਂ ਦਾ ਖੁਰਾ ਖੋਜ ਲੱਭਣ ਲਈ ਗੁਰਦੁਆਰਾ ਪਾਰਕਲੀ ਸਿਡਨੀ ਪਹੁੰਚ ਗਈ ਹੈ। ਪੁਲੀਸ ਨੇ ਅਜੇ ਤਕ ਇਸ ਮਾਮਲੇ ਵਿੱਚ ਕਿਸੇ ਖਿਲਾਫ਼ ਕੋਈ ਦੋਸ਼ ਆਇਦ ਨਹੀਂ ਕੀਤੇ, ਪਰ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ। ਪੁਲੀਸ ਨੇ ਗੁਰਦੁਆਰਾ ਗਲੈਨਵੁੱਡ ਪਾਰਕਲੀ ਦੇ ਅਹੁਦੇਦਾਰ ਜਗਤਾਰ ਸਿੰਘ ਨਾਲ ਸੰਪਰਕ ਕਰਕੇ ਸੀਸੀਟੀਵੀ ਫੁਟੇਜ ’ਚੋਂ ਲਈ ਫੋਟੋ ਬਾਰੇ ਜਾਣਕਾਰੀ ਮੰਗੀ ਹੈ। ਇਸ ਦੌਰਾਨ ਸਿੱਖ ਭਾਈਚਾਰੇ ਨੇ ਲੋਕਾਂ ਨੂੰ ਸਿੱਖ ਪਹਿਰਾਵੇ ਬਾਰੇ ਜਾਗਰੂਕ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ ਹੈ। ਜਗਤਾਰ ਸਿੰਘ ਨੇ ਦੱਸਿਆ ਕਿ ਪੁਲੀਸ ਨੂੰ ਸਹਿਯੋਗ ਦੇਣ ਦੇ ਕੀਤੇ ਵਾਅਦੇ ਅਨੁਸਾਰ ਅਤੇ ਫੋਟੋ ਸਿੱਖ ਨੌਜਵਾਨਾਂ ਨਾਲ ਮਿਲਦੀ ਹੋਣ ਕਰਕੇ ਉਨ੍ਹਾਂ ਫੋਟੋ ਨੂੰ ਆਪਣੇ ਫੇਸਬੁੱਕ ਪੇਜ ’ਤੇ ਸਾਂਝਾ ਕੀਤਾ ਹੈ। ਜਗਤਾਰ ਸਿੰਘ ਅਨੁਸਾਰ ਫੋਟੋ ਵਿਚਲੇ ਨੌਜਵਾਨ ਖ਼ੁਦ ਬਖ਼ੁਦ ਸਾਹਮਣੇ ਆਏ ਹਨ। ਉਹ ਸਿੱਖ ਨੌਜਵਾਨ ਹਨ। ਨੌਜਵਾਨਾਂ ਦੇ ਕਹੇ ਮੁਤਾਬਕ ਉਹ ਐਤਵਾਰ ਨੂੰ ਫਿਲਮ ਵੇਖਣ ਲਈ ਸਿਨੇਮਾਘਰ ਗਏ



ਪੁਲੀਸ ਵਲੋਂ ਸੀਸੀਟੀਵੀ ਫੁਟੇਜ ਤੋਂ ਲਈ ਗਈ ਸ਼ੱਕੀ ਨੌਜਵਾਨਾਂ ਦੀ ਤਸਵੀਰ।

ਸਨ। ਉਥੇ ਕਿਵੇਂ ਉਨ੍ਹਾਂ ਨਾਲ ਕੀ ਕੁਝ ਹੋਇਆ ਇਸ ਬਾਰੇ ਉਹ ਬਲੈਕ ਟਾਊਨ ਪੁਲੀਸ ਨੂੰ ਦੱਸਣਗੇ। ਸਿੱਖ ਨੌਜਵਾਨਾਂ ਨੇ ਹਾਲਾਂਕਿ ਕਥਿਤ ਨਾਅਰੇ ਲਾਉਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਿੱਖ ਪਹਿਰਾਵੇ ਬਾਰੇ ਜਾਗਰੂਕ ਕਰਨ ਦੀ ਲੋੜ ਹੈ।

CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ



















**ਸ਼ਿਕਾਗੋ/ਮੱਖਣ ਸਿੰਘ ਕਲੇਰ:** ਭਾਰਤੀ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਵਿਚ ਵਰਤਾਏ ਤੀਜੇ ਘੱਲੂਘਾਰੇ ਦੀ ਯਾਦ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਤਿੰਨ ਰੋਜ਼ਾ ਸ਼ਹੀਦੀ ਸਮਾਗਮ ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖ ਕਰਵਾਏ ਗਏ। 9 ਜੂਨ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ। 11 ਜੂਨ ਐਤਵਾਰ ਸਵੇਰੇ ਭੋਗ ਪਾਏ ਗਏ ਉਪਰੰਤ ਗੁਰੂ ਘਰ ਦੀ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਗਈ। ਇਨ੍ਹਾਂ ਤੋਂ ਬਾਅਦ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਵਿਚਾਰ ਕੀਤੀ ਤੇ ਬੜੇ ਹੀ ਵਿਸਥਾਰ ਨਾਲ 1984 ਦੇ ਵਿਚ ਭਾਰਤੀ ਫੌਜਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਗਏ ਫੌਜੀ ਹਮਲੇ ਬਾਰੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ, ਜਨਰਲ ਸੁਬੇਗ ਸਿੰਘ ਤੇ ਉਨ੍ਹਾਂ ਦੇ ਨਾਲ ਸਿੰਘਾਂ ਵੱਲੋਂ ਕਿਵੇਂ ਭਾਰਤੀ ਫੌਜਾਂ ਦਾ ਮੁਕਾਬਲਾ ਕੀਤਾ। ਅਖੀਰ ਕਿਵੇਂ ਗੁਰੂ ਘਰ ਦੀ ਰਾਖੀ ਕਰਦਿਆਂ ਸ਼ਹੀਦੀਆਂ ਪਾਈਆਂ। ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭਾਰਤ ਵਿਚ ਦਿਲੀ ਸਮੇਤ ਵੱਖ ਵੱਖ ਸੂਬਿਆਂ ਵਿਚ ਸਿੱਖਾਂ ਦੀ ਯੋਜਨਾਬਧ ਤਰੀਕੇ ਨਾਲ ਕੀਤੀ ਨਸ਼ਲੀਕੁਸ਼ੀ ਬਾਰੇ ਦਸਿਆ। ਉਪਰੰਤ ਇਸ ਸਮਾਗਮ ਵਿਚ ਉਚੇਚਾ ਪਹੁੰਚੇ ਹੋਏ ਕੁਲਵੰਤ ਸਿੰਘ ਪੰਡੋਰੀ ਦੇ ਢਾਡੀ ਜਥੇ ਵੱਲੋਂ ਸੂਰਮਿਆਂ ਦੀਆਂ ਵਾਰਾਂ ਤੇ ਇਤਿਹਾਸ ਸਰਵਣ ਕਰਵਾਇਆ।

ਇਸ ਸ਼ਹੀਦੀ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਪੰਥਕ ਜਥੇਬੰਦੀਆਂ ਦੇ ਬੁਲਾਰਿਆਂ ਵੱਲੋਂ ਵਿਚਾਰ ਪੇਸ਼ ਕੀਤੇ ਗਏ। ਸਮੂਹ ਬੁਲਾਰਿਆਂ ਵੱਲੋਂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਭਾਰਤ ਅੰਦਰ ਸਿੱਖਾਂ ਅਤੇ ਘੱਟ ਗਿਣਤੀਆਂ ਦੇ ਲੋਕਾਂ ਤੇ ਹੋਏ ਅਤਿਆਚਾਰਾਂ ਦੀ ਗੱਲ ਕੀਤੀ। ਸਿੱਖਾਂ ਦੀ ਆਜ਼ਾਦੀ ਦੀ ਗੱਲ ਕੀਤੀ। ਅਜ਼ਾਦੀ ਲੈਣ ਵੇਲੇ ਜੋ ਸਿੱਖਾਂ ਨਾਲ ਉਸ ਵੇਲੇ ਦੇ ਲੀਡਰਾਂ ਨੇ ਵਾਅਦੇ ਕੀਤੇ ਉਨ੍ਹਾਂ ਵਾਅਦਿਆਂ ਤੋਂ ਮੁਕਰ ਕੇ ਸਗੋਂ ਸਿੱਖਾਂ ਨੂੰ ਇਕ ਜੁਰਾਇਮ ਪੇਸ਼ਾ ਕੌਮ ਐਲਾਨਣ ਦਾ ਜ਼ਿਕਰ ਕੀਤਾਾ ਗਿਆ। ਫਿਰ ਪੰਜਾਬੀ ਸੂਬਾ ਲੈਣ ਵਾਸਤੇ ਸੰਘਰਸ਼ ਕਰਨਾ ਪਿਆ ਤੇ ਹੋਰ ਕਈ ਤਰ੍ਹਾਂ ਦੇ ਸੰਘਰਸ਼ ਕਰਨੇ ਪਏ। ਉਸਤੋਂ ਬਾਅਦ ਨਿਰੰਕਾਰੀ ਕਾਂਡ 1978 ਦੀ ਵਿਸਾਖੀ ਵਾਲੇ ਦਿਨ ਵਾਪਰਿਆ। 1982 ਵਿਚ ਕਾਪੂਰੀ ਮੋਰਚਾ ਲਾਇਆ ਤੇ ਫਿਰ ਅਕਾਲੀ ਦਲ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਸਾਂਝੇ ਤੌਰ ਆਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ, ਸਿੱਖਾਂ ਦੀਆਂ ਹੋਰ ਸਿਆਸੀ ਤੇ ਧਾਰਮਿਕ ਮੰਗਾਂ ਨੂੰ ਲੈ ਕੇ ਮੋਰਚਾ ਤੇਜ ਕੀਤਾ ਗਿਆ. ਅਖੀਰ ਵਿੱਚ ਦਿੱਲੀ ਵਿਚਲੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ।

ਉਲਟਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰੂਧਾਮਾਂ ਤੇ ਫੌਜੀ ਹਮਲਾ ਕਰ ਦਿੱਤਾ ਗਿਆ ਤੇ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਮਾਰੇ ਗਏ। ਇਸ ਤੋਂ ਪਿੱਛੋਂ ਜੁਝਾਰੂ ਸੰਘਰਸ਼ ਸ਼ੁਰੂ ਹੋ ਗਿਆ ਤੇ ਇਸ ਵਿਚ ਵੀ ਹਜ਼ਾਰਾਂ ਹੀ ਨੌਜਵਾਨਾਂ ਦੀ ਸ਼ਹੀਦੀਆਂ ਹੋਈਆਂ। ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਉਹ ਸੰਘਰਸ਼ ਸਿੱਖਾਂ ਦੀ ਪੂਰਨ ਅਜ਼ਾਦੀ ਖਾਲਿਸਤਾਨ ਵਾਸਤੇ ਲੜਿਆ ਜਾ ਰਿਹਾ ਹੈ। ਹਰ ਸਿੱਖ ਨੂੰ ਇਸ ਸੰਘਰਸ਼ ਵਿਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਹੋ ਬੇਨਤੀਆਂ ਸਮੂਹ ਬੁਲਾਰਿਆਂ ਨੇ ਸੰਗਤਾਂ ਨੂੰ ਕੀਤੀਆਂ।

ਬੁਲਾਰਿਆਂ ਵਿਚ ਜੇ ਪੀ ਸਿੰਘ ਨਿਊਯਾਰਕ, ਅਤਵਾਰ ਸਿੰਘ ਪੰਨੂੰ ਨਿਊਯਾਰਕ, ਲਖਵੀਰ ਸਿੰਘ ਕੰਗ ਇੰਡਿਆਨਾ, ਕੁਲਵਿੰਦਰ ਸਿੰਘ ਇੰਡਿਆਨਾ ਤੇ ਮਹਾਂਬੀਰ ਸਿੰਘ ਢਿੱਲੋਂ ਸ਼ਿਕਾਗੋ ਸ਼ਾਮਲ ਸਨ। ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਨੇ ਬਾਖੂਬੀ ਨਿਭਾਈ ਤੇ ਸਭਨਾਂ ਦਾ ਧੰਨਵਾਦ ਕੀਤਾ।

# ਜੂਨ ਚੁਰਾਸੀ ਦੇ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਦੇ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਸਮਾਗਮ

**ਫਰਿਜਨੋ/(ਕੁਲਵੰਤ ਧਾਲੀਆਂ, ਨੀਟਾ ਮਾਛੀਕੇ):** ਭਾਰਤੀ ਫੌਜ ਵੱਲੋਂ ਅਕਾਲ ਤਖਤ ਨੂੰ ਢਹਿ-ਢੇਰੀ ਕੀਤਿਆਂ ਬੇਸ਼ੱਕ 33 ਸਾਲ ਬੀਤ ਗਏ ਹਨ, ਪਰ ਦੇਸ਼ ਵਿਦੇਸ ਵਿੱਚ ਬੈਠੇ ਸਿੱਖ ਅੱਜ ਵੀ ਇਸ ਘੱਲੂਘਾਰੇ ਨੂੰ ਯਾਦ ਕਰਕੇ ਝਿਜੋੜੇ ਜਾਂਦੇ ਹਨ। ਜੂਨ ਦੇ ਮਹੀਨੇ ਵਿੱਚ ਦੁਨੀਆਂ ਭਰ ਵਿੱਚ ਤੀਜੇ ਘੱਲੂਘੇਰੇ ਨੂੰ ਯਾਦ ਕਰਦਿਆਂ ਸ਼ਹੀਦੀ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਏਰੀਏ ਦੇ ਟਰੱਕਰ ਵੀਰਾਂ ਵੱਲੋਂ ਸਥਾਨਿਕ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸ਼੍ਰੀ ਅਖੰਠ ਪਾਠ ਸਹਿਬ ਦੇ ਭੋਗ ਪਾਏ ਗਏ। ਭਾਈ ਹਰਭਜਨ ਸਿੰਘ ਅਤੇ ਦਾਰਾ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਭਾਈ ਇਕਬਾਲ ਸਿੰਘ ਰਾਜਪੁਰੇ ਵਾਲਿਆ ਖੂਨੀ ਸਾਕੇ ਦੀ ਦਾਸਤਾਨ ਸੁਣਾ ਕੇ ਹਰ ਅੱਖ ਨਮ ਕਰ ਦਿੱਤੀ। ਭਾਈ ਸੁਖਜਿੰਦਰ ਸਿੰਘ ਦੇ ਢਾਡੀ ਜਥੇ ਨੇ ਢਾਡੀ-ਵਾਰਾਂ ਨਾਲ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰਦੁਅਰਾ ਨਾਨਕਸਰ ਦੇ ਪ੍ਰਬੰਧਕਾਂ ਵੱਲੋਂ ਭਾਈ ਇਕਬਾਲ ਸਿੰਘ ਰਾਜਪੂਰੇ ਨੂੰ ਸਿਰੋਪਾਓ ਦੇ ਕੇ ਨਿਵਾਜ਼ਿਆ ਗਿਆ। ਅਰਦਾਸ ਅਤੇ ਕੜਾਹ ਪ੍ਰਸ਼ਾਦ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ 'ਛੋਟਾ ਘਲੂਘਾਰਾ ਨੂੰ ਸਮਰਪਤਿ ਧਾਰਮਿਕ ਕਵੀ ਦਰਬਾਰ ਸਜਾਇਆ




**ਸੈਨਹੋਜੇ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਛੋਟਾ ਘਲੂਘਰਾ ਨੂੰ ਸਮਰਪਤਿ ਧਾਰਮਿਕ ਕਵੀ ਦਰਬਾਰ ਸਿੱਖ ਗੁਰਦੁਆਰਾ ਸੈਨਹੋਜ਼ੇ (3636 MURILLO AUE SANJOSE CA. 95148 ਵਿਖੇ) ਹਫ਼ਤਾਵਾਰੀ ਦੀਵਾਨ ਵਿਚ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ।ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ 'ਛੋਟੇ ਘਲੂਘਾਰਾ ਦੇ ਇਤਿਹਾਸ ਦਰਸਾਉਂਦਿਆਂ ਕਿਹਾ ਗਿਆ ਕਿ ਕਾਹਨੂੰਵਾਨ ਦੇ ਵਿਸ਼ਾਲ ਛੰਬ ਵਿਚ ਲਖਪਤ ਰਾਏ ਦੀ ਵਿਸ਼ਾਲ ਸ਼ਾਹੀ ਫੌਜ ਨੇ ਸਿੱਖਾਂ ਨੂੰ ਮੁਕਾਉਣ ਦੇ ਇਰਾਦੇ ਨਾਲ ਘੇਰਾ ਪਾ ਲਿਆ। ਸਿੰਘ ਘੱਟ ਗਿਣਤੀ ਵਿਚ ਹੁੰਦੇ ਹੋਏ ਵੀ ਬੜੀ ਬਹਾਦਰੀ ਨਾਲ ਗੁਰੀਲਾ ਯੁੱਧ ਦੀ ਰਣਨੀਤੀ ਅਪਨਾ ਕੇ ਮੁਕਾਬਲਾ ਕਰਦੇ ਰਹੇ। ਸਿੰਘਾਂ ਨੇ ਮੁਗਲ ਫੌਜ ਦੇ ਨਾਮੀ ਜਰਨੈਲਾਂ ਨੂੰ ਵੀ ਮਾਰ ਮੁਕਾਇਆ। ਇਸ ਗਹਿਗੱਚ ਲੜਾਈ ਵਿਚ 7000 ਸਿੰਘ ਸ਼ਹੀਦੀਆਂ ਪਾ ਗਏ। 3000 ਸਿੰਘਾਂ ਨੂੰ ਕੈਦੀ ਬਣਾ ਕੇ ਲਾਹੌਰ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ। ਬਾਅਦ ਵਿਚ 1762ਈ: ਨੂੰ ਕੁਪ ਰਹੀੜਾ ਦੇ ਅਸਥਾਨ ਤੇ ਵਾਪਰੇ ਸਿੱਖਾਂ ਦੇ ਭਾਰੀ ਕਤਲੇਆਮ ਤੇ ਇਸ ਦਾ ਨਾਉਂ ਛੋਟਾ ਘਲੂਘਾਰਾ ਪੈ ਗਿਆ। ਕਵਿਤਾਵਾਂ ਦੇ ਦੌਰ ਵਿਚ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੋਂਟ, ਮਹਿੰਦਰ ਸਿੰਘ ਰਾਜਪੂਤ, ਪ੍ਰੋ. ਸੁਰਜੀਤ ਸਿੰਘ ਨਨੂਆ ਅਤੇ ਤੇਜਿੰਦਰ ਸਿੰਘ ਨੇ ਅਪਣੀਆਂ ਰਚਨਾਵਾਂ ਸੁਣਾਈਆਂ। ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ 'ਪ੍ਰਵਾਨਾ' ਵੱਲੋਂ ਦ੍ਰਿੜਾਇਆ ਗਿਆ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ ਦੁਰਾਡੇ ਦੇ ਗੁਰਦੁਆਰਾ ਦੇ ਹਫ਼ਤਾਵਾਰੀ ਸੱਜਦੇ ਦੀਵਾਨਾਂ ਵਿਚ ਇਹ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

## ਐੱਸ ਅਸ਼ੋਕ ਭੌਰਾ ਨੂੰ ਸਦਮਾ, ਵੱਡੇ ਭਰਾ ਕਮਲ ਭੌਰਾ ਦਾ ਅਕਾਲ ਚਲਾਣਾ

### *ਸ਼ਰਧਾਂਜਲੀ ਸਮਾਰੋਹ ਪਿੰਡ ਭੌਰਾ ਵਿਖੇ 16 ਜੂਨ ਨੂੰ*



**ਫਰੀਮੌਂਟ/ਬਿਊਰੋ ਨਿਊਜ਼:** ਕਾਲਮ ਨਵੀਸ ਅਤੇ ਪੱਤਰਕਾਰ ਐੱਸ ਅਸ਼ੋਕ ਭੌਰਾ ਨੂੰ ਬੀਤੇ ਦਿਨੀ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਕਮਲ ਭੌਰਾ ਦਾ ਪਿਛਲੇ ਦਿਨੀਂ ਪਿੰਡ ਭੌਰਾ (ਨੇੜੇ ਬੰਗਾ) ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪਿੰਡ ਵਿਖੇ ਅੰਤਿਮ ਸੰਸਕਾਰ ਕਨ ਮੌਕੇ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਲੜਕੇ ਜਸਵਿੰਦਰ ਭੌਰਾ ਨੇ ਵਿਖਾਈ। ਮਰਹੂਮ ਕਮਲ ਭੌਰਾ ਦੀ ਅੰਤਿਮ ਯਾਤਰਾ ਵਿਚ ਵਿਚ ਜ਼ਿਲ੍ਹਾ ਕਾਂਗਰਸ ਪ੍ਰਧਾਨ ਨਵਾਂਸ਼ਹਿਰ ਸਤਵੀਰ ਸਿੰਘ ਪੱਲੀ ਝਿੱਕੀ, ਸਾਬਕਾ ਸਰਪੰਚ ਅਵਤਾਰ ਸਿੰਘ ਭੌਰਾ, ਗਾਇਕ ਜੋੜੀ ਲੱਖਾ 'ਤੇ ਨਾਜ਼, ਮਾਸਟਰ ਪ੍ਰੇਮ ਸਿੰਘ ਸੂਰਾਪੁਰੀ, ਗਾਇਕ ਜੋੜੀ ਆਤਮਾ ਬੁੱਢੇਵਾਲੀਆ 'ਤੇ ਅਮਨ ਰੋਜ਼ੀ, ਆਤਮਾ ਸਵਰੂਪ ਸਮੇਤ ਉਘੀਆਂ ਸਖ਼ਸ਼ੀਅਤਾਂ ਸ਼ਾਮਲ ਸਨ। 65 ਵਰ੍ਹਿਆਂ ਦੇ ਕਮਲ ਚੰਦ ਭੌਰਾ ਆਪਣੇ ਪਿੱਛੇ ਦੋ ਪੁੱਤਰ, ਇਕ ਧੀ ਅਤੇ ਪਤਨੀ ਛੱਡ ਗਏ ਹਨ। ਮਰਹੂਮ ਕਮਲ ਭੌਰਾ ਨਮਿੱਤ ਸ਼ਰਧਾਂਜਲੀ ਸਮਾਰੋਹ ਗ੍ਰਹਿ ਪਿੰਡ ਭੌਰਾ ਵਿਖੇ 16 ਜੂਨ ਸ਼ੁੱਕਰਵਾਰ ਨੂੰ ਹੋਵੇਗਾ ਅਤੇ ਅੰਤਿਮ ਅਰਦਾਸ ਹੋਵੇਗੀ। ਸ੍ਰੀ ਕਮਲ ਭੌਰਾ ਦੀ ਮੌਤ 'ਤੇ ਯੁਨਾਈਟਡ ਸਪੋਰਟਸ ਕਲੱਬ ਵਲੋਂ ਸਰਪ੍ਰਸਤ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ ਤੋਂ ਇਲਾਵਾ ਹੋਰ ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਵਲੋਂ ਐੱਸ ਅਸ਼ੋਕ ਭੌਰਾ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ 21 ਜੂਨ ਤੋਂ 25 ਜੂਨ ਤੱਕ

### *ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਸਿੰਘ ਜੀ ਕਨੇਡਾ ਵਾਲੇ ਕਥਾ ਕਰਨਗੇ*

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸੱਦੇ ਤੇ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਸਿੰਘ ਜੀ ਕੈਨੇਡਾ ਵਾਲੇ 21 ਜੂਨ ਤੋਂ ਲੈ ਕੇ 24 ਜੂਨ ਤੱਕ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ ਤੇ 25 ਜੂਨ ਦਿਨ ਐਤਵਾਰ ਨੂੰ ਸਵੇਰ ਦੇ ਦੀਵਾਨਾਂ ਵਿਚ ਹਾਜਰੀ ਭਰਨਗੇ। ਪ੍ਰਬੰਧਕ ਕਮੇਟੀ ਅਨੁਸਾਰ ਇਸ ਹਫਤੇ ਦੇ ਦੀਵਾਨ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਮਰਪਿਤ ਹੋਣਗੇ। ਇਸ ਦੇ ਨਾਲ ਹੀ ਸ਼ੁੱਕਰਵਾਰ 23 ਜੂਨ ਨੂੰ ਸਵੇਰੇ 9:30 ਵਜੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਭੋਗ 25 ਜੂਨ ਦਿਨ ਐਤਵਾਰ ਨੂੰ ਸਵੇਰੇ 09:30 ਵਜੇ ਪਾਏ ਜਾਣਗੇ। ਇਸਦੇ ਨਾਲ ਹੀ 16 ਜੂਨ ਦਿਨ ਸ਼ੁਕਰਵਾਰ ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਵਿਸ਼ੇਸ਼ ਤੌਰ 'ਤੇ ਸ਼ਾਮ ਦੇ ਦਿਵਾਨ ਸਜਣਗੇ। 16 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 09:30 ਵਜੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 18 ਜੂਨ ਦਿਨ ਐਤਵਾਰ ਸਵੇਰੇ 09:30 ਭੋਗ ਪਾਏ ਜਾਣਗੇ, ਉਪਰੰਤ ਕੀਰਤਨ, ਕਥਾ ਹੋਵੇਗੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਭਾਈ ਕੁਲਵੰਤ ਸਿੰਘ ਪੰਡੋਰੀ ਦਾ ਢਾਡੀ ਜਥਾ ਗੁਰਇਤਿਹਾਸ ਅਤੇ ਸਿੱਖ ਇਤਿਹਾਸ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਉਣਗੇ। ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਲਾਹਾ ਲਓ ਜੀ।

## ਮਿਸ਼ੀਗਨ ਪੰਜਾਬੀ ਕਮਿਊਨਿਟੀ ਦਾ 10ਵਾਂ ਖੇਡ ਮੇਲਾ 9 ਸਤੰਬਰ ਨੂੰ

**ਮਿਸ਼ੀਗਨ/ਬਿਊਰੋ ਨਿਊਜ਼:** ਮਿਸ਼ੀਗਨ ਪੰਜਾਬੀ ਕਮਿਊਨਿਟੀ ਦੀ ਉਡੀਕ ਆਖਰ ਖਤਮ ਹੋ ਗਈ ਹੈ। ਮਿਸ਼ੀਗਨ ਪੰਜਾਬੀ ਕਮਿਊਨਿਟੀ ਦਾ 10ਵਾਂ ਸਾਲਾਨਾ ਖੇਡ ਮੇਲਾ 9 ਸਤੰਬਰ 2017 ਨੂੰ ਕਰਵਾਇਆ ਜਾ ਰਿਹਾ ਹੈ। ਪੀ ਐਸ ਸੀ ਏ ਟੀਮ ਕਾਫ਼ੀ ਬਹਿਸਾਂ ਮਗਰੋਂ ਆਖਰ ਤਰੀਕ ਤੈਅ ਕਰਨ ਲਈ ਸਹਿਮਤੀ ਕਾਇਮ ਕਰ ਸਕੀ ਹੈ। ਇਨ੍ਹਾਂ ਖੇਡਾਂ ਨੂੰ ਚੈਨ ਸਿੰਘ ਸੰਧੂ, ਦਰਸ਼ਨ ਸਿੰਘ ਗਰੇਵਾਲ, ਹਰਪ੍ਰੀਤ ਸਿੰਘ ਆਹਲੂਵਾਲੀਆ, ਜੈਰੀ ਸਿੰਘ, ਰਤਨ ਸਿੰਘ ਸੇਖੋਂ, ਬਲਜੀਤ ਬੈਂਸ, ਕਰਮਬੀਰ ਸਿੰਘ, ਹਰਪ੍ਰੀਤ ਸਿੰਘ, ਸੁੱਖੀ ਨਰਵਾਲਾ, ਰਸਟੀ ਸੇਖੋਂ, ਗੋਲਡੀ ਢਿੱਲੋਂ, ਅਮਰਜੀਤ ਸਿੰਘ ਸਿੱਧੂ, ਰਾਜ ਸ਼ੇਰਗਿੱਲ, ਬਲਬੀਰ ਗਰੇਵਾਲ ਅਤੇ ਹੋਰਨਾਂ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ 'ਚ ਹੋਰ ਵੀ ਸਪਾਂਸਰ ਨਾਲ ਜੁੜ ਸਕਦੇ ਹਨ। ਇਸ ਈਵੈਂਟ ਲਈ 3000 ਲੋਕਾਂ ਦੀ ਸ਼ਮੂਲੀਅਤ ਹੋਵੇਗੀ, ਜਿਸ ਵਿਚ ਐਂਟਰੀ ਮੁਫ਼ਤ ਹੋਵੇਗੀ । ਇਸ ਮੌਕੇ ਖਾਣ ਪੀਣ ਦੀਆਂ ਸਟਾਲਾਂ ਲਾਈਆਂ ਜਾਣਗੀਆਂ।

# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਦੀ ਅਗਵਾਈ ਵਿਚ ਸਿੱਖ ਸੰਗਤ ਵਲੋਂ ਭਾਰਤੀ ਕੌਂਸਲੇਟ ਸ਼ਿਕਾਗੋ ਅੱਗੇ ਰੋਸ ਮੁਜਾਹਰਾ










**ਸ਼ਿਕਾਗੋ/ਬਿਊਰੋ ਨਿਊਜ਼:** ਸ਼ਿਕਾਗੋ ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼ਿਕਾਗੋ ਯੂਨਿਟ ਵਲੋਂ ਜੂਨ 84 ਘੱਲੂਘਾਰਾ ਵਿਰੁਧ ਭਾਰਤੀ ਕੌਂਸਲੇਟ ਦਫ਼ਤਰ ਸ਼ਿਕਾਗੋ ਅੱਗੇ ਰੋਸ ਮੁਜਾਹਰਾ ਕੀਤਾ ਗਿਆ। ਸਿੱਖਾਂ ਵਲੋਂ ਇਹ ਰੋਸ ਪ੍ਰਗਟਾਵਾ ਹਰ ਸਾਲ ਦੀ ਤਰਾਂ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਵਿਚ ਭਾਰਤੀ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਆਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ ਕੀਤੇ ਗਏ ਫੌਜੀ ਹਮਲੇ, ਨਵੰਬਰ 1984 ਵਿੱਚ ਦਿੱਲੀ ਅਤੇ ਭਾਰਤ ਦੇ ਵੱਖ ਵੱਖ ਸ਼ਹਿਰਾਂ ਅੰਦਰ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲਿਆਂ ਨੂੰ ਅਜੇ ਤਕ ਸਜਾਵਾਂ ਨਾ ਦੇਣ ਅਤੇ 35-35 ਸਾਲਾਂ ਤੋਂ ਜੇਲ੍ਹੀਂ ਬੈਠੇ ਸਿੱਖਾਂ ਦੀਆਂ ਰਿਹਾਈਆਂ ਨਾ ਕਰਨ ਦੇ ਰੋਸ ਵਜੋਂ ਕੀਤਾ ਗਿਆ। ਇਸ ਰੋਸ ਮੁਜਾਹਰੇ ਵਿਚ ਸ਼ਿਕਾਗੋ ਦੀਆਂ ਸੰਗਤਾਂ ਤੋਂ ਇਲਾਵਾ ਇੰਡਿਆਨਾ, ਮਿਸ਼ੀਗਨ ਤੇ ਮਿਲਵਾਕੀ ਤੋਂ ਵੀ ਸੰਗਤ ਪਹੁੰਚੀ ਹੋਈ ਸੀ। ਮੁਜਾਹਰਾਕਾਰੀਆਂ ਵਲੋਂ ਭਾਰਤ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਤੋਂ ਇਲਾਵਾ ਨੌਜਵਾਨ ਬੱਚਿਆਂ ਵਲੋਂ ਉਥੋਂ ਲੰਘ ਰਹੇ ਦੂਸਰੇ ਧਰਮਾਂ ਅਤੇ ਦੂਸਰੇ ਭਾਈਚਾਰੇ ਦੇ ਲੋਕਾਂ ਨੂੰ ਸਿੱਖਾਂ ਉਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਅੱਤਿਆਚਾਰਾਂ ਸਬੰਧੀ ਮੂੰਹ ਬੋਲਦੀਆਂ ਤਸਵੀਰਾਂ ਵਾਲਾ ਲਿਟਰੇਚਰ ਵੰਡਿਆ ਗਿਆ ਤੇ ਲੋੜੀਂਦੀ ਜਾਣਕਾਰੀ ਦਿੱਤੀ ਗਈ ਜਿਸ ਤੋਂ ਉਹ ਲੋਕ ਕਾਫ਼ੀ ਪ੍ਰਭਾਵਤ ਹੋਏ। ਭਾਰਤ ਸਰਕਾਰ ਵਿਰੁੱਧ ਆਪਣੇ ਗੁੱਸੇ ਦਾ ਪ੍ਰਗਟਾਵਾ ਕਰ ਰਹੀਆਂ ਸੰਗਤਾਂ ਨੇ ਆਪਣੇ ਹੱਥਾਂ ਵਿਚ ਪੰਜਾਬ ਪੁਲਿਸ ਅਤੇ ਭਾਰਤੀ ਫੌਜ ਵਲੋਂ ਸਿੱਖਾਂ 'ਤੇ ਕੀਤੇ ਗਏ ਅੱਤਿਆਚਾਰ ਅਤੇ ਕਤਲੇਆਮ ਦੀ ਨਿਸ਼ਾਨਦੇਹੀ ਕਰਦੀਆਂ ਤਸਵੀਰਾਂ ਵਾਲੀਆਂ ਤਖਤੀਆਂ ਅਤੇ ਬੈਨਰ ਫੜੇ ਹੋਏ ਸਨ। ਭਾਰਤ ਸਰਕਾਰ ਤੋਂ ਹੁਣ ਸਿੱਖ ਕੌਮ ਨੂੰ ਇਨਸਾਫ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ ਤੇ ਹੁਣ ਆਸ ਰੱਖਣੀ ਵੀ ਨਹੀਂ ਚਾਹੀਦੀ ਤੇ ਹੁਣ ਸਿਰਫ਼ ਭਾਰਤ ਤੋਂ ਆਜਾਦ ਹੋਣ (ਖਾਲਿਸਤਾਨ) ਲਈ ਲੜਾਈ ਇਕਮੁੱਠ ਹੋ ਕਿ ਲੜਨੀ ਚਾਹੀਦੀ ਹੈ। ਗੁਰਦੁਆਰਾ ਸਾਹਿਬ ਪੈਲਾਟਾਈਨ ਦੀ ਪ੍ਰੰਬਧਕ ਕਮੇਟੀ ਮੈਂਬਰ ਸ. ਪਰਦੀਪ ਸਿੰਘ ਵਲੋਂ ਮੁਜਾਹਰੇ ਵਿਚ ਪਹੁੰਚਣ 'ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਡਾ. ਅਮਰੀਕ ਸਿੰਘ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਨਵੇਂ ਪ੍ਰਿੰਸੀਪਲ ਬਣਾਏ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸਿੱਖਿਆ ਦੇ ਖੇਤਰ ਵਿੱਚ ਉੱਚ ਯੋਗਤਾ ਪ੍ਰਾਪਤ ਅਤੇ ਪੜ੍ਹਾਉਣ ਦਾ ਚੋਖਾ ਤਜਰਬਾ ਰੱਖਣ ਵਾਲੇ ਡਾ. ਅਮਰੀਕ ਸਿੰਘ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਪ੍ਰਿੰਸੀਪਲ ਬਣਾਏ ਗਏ ਹਨ। ਉਹ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੀ ਪ੍ਰਿੰਸੀਪਲ ਮਿਸਜ਼ ਸ਼ੀਲਾ ਗਿਬਸਨ ਦੀ ਥਾਂ ਲੈਣਗੇ ਜਿਹੜੇ ਆਪਣੇ ਤਿੰਨ ਸਾਲਾਂ ਦਾ ਕਾਰਜਕਾਲ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਗਏ। ਇਸ ਸਬੰਧੀ ਇੱਕ ਵਿਦਾਇਗੀ ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਨਰਿੰਦਰ ਥਾਂਦੀ ਤੇ ਸਕੂਲ ਦੇ ਵਾਇਸ ਪ੍ਰਧਾਨ ਦਰਸ਼ਨ ਮੁੰਡੀ ਨੇ ਸ਼ੀਲਾ ਗਿਬਸਨ ਨੂੰ ਸਨਮਾਨ ਚਿੰਨ ਭੇਟ ਕੀਤਾ ਤੇ ਉਨ੍ਹਾਂ ਦੀਆਂ ਸੇਵਾਵਾਂ ਲਈ ਸਾਰੇ ਸਕੂਲ ਦੇ ਬੱਚਿਆਂ ਦੀ ਅਸੈਂਬਲੀ ਵਿੱਚ ਧੰਨਵਾਦ ਕੀਤਾ। ਇਹ ਵੀ ਐਲਾਨ ਕੀਤਾ ਕਿ ਅਗਲੇ ਸਕੂਲ ਪ੍ਰਿੰਸੀਪਲ ਡਾ: ਅਮਰੀਕ ਸਿੰਘ ਹੋਣਗੇ । ਇਸ ਮੌਕੇ ਸ.ਦਰਸ਼ਨ ਸਿੰਘ ਮੁੰਡੀ ਨੇ ਕਿਹਾ ਕਿ ਮਿਸਜ਼ ਗਿਬਸਨ ਹੁਣ ਬੋਰਡ ਅਡਵਾਈਜ਼ਰ ਦੇ ਤੌਰ ਤੇ ਸੇਵਾ ਕਰਦੇ ਰਹਿਣਗੇ । ਪੰਜਾਬ ਵਿੱਚ ਕਾਲਜ ਅਧਿਆਪਕ ਰਹੇ ਡਾ. ਅਮਰੀਕ ਸਿੰਘ ਸਕੂਲ ਖੁੱਲ੍ਹਣ ਤੋਂ ਲੈ ਕੇ ਹੁਣ ਤਕ ਅਧਿਆਪਕ, ਵਾਇਸ ਪ੍ਰਿੰਸੀਪਲ ਤੇ ਸਕੂਲ ਕੋਆਰਡੀਨੇਟਰ ਜਹੀਆਂ ਸੇਵਾਵਾਂ ਨਿਭਾ ਚੁੱਕੇ ਹਨ । ਉਨਾਂ ਅਧਿਆਪਨ ਦੇ ਨਾਲ ਨਾਲ ਸਮਾਜਿਕ ਕਾਰਜਾਂ ਵਿੱਚ ਵੀ ਹਿੱਸਾ ਲਿਆ । ਇਸ ਦੇ ਨਾਲ਼ ਡਾ. ਸਿੰਘ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਹਨ ਜਿੱਥੇ ਉਹ ਸੰਨ 2006 ਤੋਂ ਲਗਾਤਾਰ ਪੜ੍ਹਾ ਰਹੇ ਹਨ । ਅਮਰੀਕਾ ਆਉਣ ਤੋ ਪਹਿਲਾਂ ਡਾ: ਸਿੰਘ ਗੌਰਮਿੰਟ ਕਾਲਜ ਫ਼ੌਰ ਗਰਲਜ਼ ਚੰਡੀਗੜ੍ਹ ਵਿੱਚ ਅਸੋਸੀਏਟ ਪ੍ਰੋਫ਼ੈਸਰ ਆਫ਼ ਇੰਗਲਿਸ਼ ਸਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ ਪੀ. ਐੱਚ. ਡੀ. ਇੰਗਲਿਸ਼ ਸੰਨ 1999 ਵਿੱਚ ਹਾਸਲ ਕੀਤੀ ਅਤੇ ਇੱਥੇ ਆ ਕੇ ਵੀ ਟੀਚਿੰਗ

ਬਾਕੀ ਸਫ਼ਾ 31 'ਤੇ



**ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਿਖੇ ਵਿਦਾਇਗੀ ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਨਰਿੰਦਰ ਥਾਂਦੀ ਤੇ ਸਕੂਲ ਦੇ ਵਾਇਸ ਪ੍ਰਧਾਨ ਦਰਸ਼ਨ ਮੁੰਡੀ ਨੇ ਅਹੁਦਾ ਤਿਆਗ ਰਹੀ ਪ੍ਰਿੰਸੀਪਲ ਸ਼ੀਲਾ ਗਿਬਸਨ ਨੂੰ ਸਨਮਾਨ ਚਿੰਨ ਭੇਟ ਕਰਦੇ ਹੋਏ। ਨਵੇਂ ਪ੍ਰਿੰਸੀਪਲ ਡਾ. ਅਮਰੀਕ ਸਿੰਘ ਵੀ ਨਾਲ ਖੜ੍ਹੇ ਵਿਖਾਈ ਦੇ ਰਹੇ ਹਨ।**

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear

Family Law • Divorce

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

SFO/LAX to DELHI
LOW FARE
Starting from
695 to 895




With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

# ਅਕਾਲੀ-ਭਾਜਪਾ ਤੇ ਸ਼੍ਰੋਮਣੀ ਕਮੇਟੀ ਵਲੋਂ ਕੈਪਟਨ ਸਰਕਾਰ ਖ਼ਿਲਾਫ਼ ਧਰਨੇ

**ਲੁਧਿਆਣਾ/ਬਿਊਰੋ ਨਿਊਜ਼** :ਰੇਤੇ ਦੀਆਂ ਖੱਡਾਂ ਦੀ ਨਿਲਾਮੀ, ਦਲਿਤਾਂ 'ਤੇ ਅੱਤਿਆਚਾਰ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਵਿਗੜਨ ਨੂੰ ਆਧਾਰ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਲੋਂ ਇੱਥੇ ਕਾਂਗਰਸ ਖ਼ਿਲਾਫ਼ ਦਿੱਤੇ ਧਰਨੇ ਵਿੱਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਸ਼ਾਮਲ ਹੋਏ। ਕੇਂਦਰੀ ਮੰਤਰੀ ਵਿਜੈ ਸਾਂਪਲਾ ਵੀ ਧਰਨੇ ਵਿੱਚ ਪੁੱਜੇ ਹੋਏ ਸਨ। ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਤਿੰਨ ਮਹੀਨਿਆਂ ਵਿੱਚ ਹੀ ਕਾਂਗਰਸ ਨੇ ਸੂਬੇ ਦਾ ਮਾੜਾ ਹਾਲ ਕਰ ਦਿੱਤਾ ਹੈ। ਸੂਬੇ ਦੀ ਕਾਨੂੰਨ ਵਿਵਸਥਾ ਖ਼ਤਮ ਹੋ ਗਈ ਹੈ ਅਤੇ ਅਮਨ-ਸ਼ਾਂਤੀ ਭੰਗ ਹੋ ਗਈ ਹੈ। ਹਾਲਾਤ ਏਨੇ ਮਾੜੇ ਹਨ ਕਿ ਪੁਲੀਸ ਮੁਲਾਜ਼ਮ ਤੱਕ ਸੁਰੱਖਿਅਤ ਨਹੀਂ ਹਨ। ਕੁਝ ਦਿਨ ਪਹਿਲਾਂ ਹੀ ਮਹਿਲਾ ਸਿਪਾਹੀ ਨੇ ਖ਼ੁਦਕੁਸ਼ੀ ਕੀਤੀ ਹੈ।

ਸ੍ਰੀ ਬਾਦਲ ਨੇ ਕੈਪਟਨ ਸਰਕਾਰ ਨੂੰ ਕਿਹਾ ਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ। ਉਨ੍ਹਾਂ ਕਿਹਾ ਕਿ ਅਕਾਲੀ ਦਲ-ਭਾਜਪਾ ਕਿਸੇ ਵੀ ਕੀਮਤ 'ਤੇ ਕੈਪਟਨ ਸਰਕਾਰ ਨੂੰ ਕੀਤੇ ਵਾਅਦਿਆਂ ਤੋਂ ਭੱਜਣ ਨਹੀਂ ਦੇਵੇਗੀ। ਅਕਾਲੀ ਦਲ ਨੇ ਸੋਚਿਆ ਸੀ ਕਿ ਕੈਪਟਨ ਸਰਕਾਰ ਨੂੰ ਛੇ ਮਹੀਨੇ ਕੰਮ ਕਰਨ ਦਾ ਮੌਕਾ ਦਿੱਤੇ ਜਾਵੇ ਪਰ ਸਰਕਾਰ ਨੇ ਆਪਣੇ ਤਿੰਨ ਮਹੀਨੇ ਦੇ ਕਾਰਜਕਾਲ ਵਿੱਚ ਹੀ ਘੁਟਾਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਕੈਪਟਨ ਸਰਕਾਰ ਨੇ ਹਰ ਵਾਅਦੇ ਤੋਂ ਮੁੱਕਰਦਿਆਂ ਲੋਕਾਂ ਲਈ ਸ਼ੁਰੂ ਕੀਤੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ ਤੇ ਵਿਰੋਧ ਕਰਨ ਵਾਲਿਆਂ 'ਤੇ ਝੂਠੇ ਕੇਸ ਪਾਏ ਜਾ ਰਹੇ ਹਨ। ਸੁਖਬੀਰ ਨੇ ਪੁਲੀਸ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਝੂਠੇ ਕੇਸ ਦਰਜ ਕਰਨ ਵਾਲੇ ਅਧਿਕਾਰੀਆਂ ਨੂੰ ਹਾਈ ਕੋਰਟ ਵਿੱਚ ਲਿਜਾਇਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਰੇਤ ਨਿਲਾਮੀ ਘੁਟਾਲੇ ਵਿੱਚ ਕਥਿਤ ਤੌਰ 'ਤੇ ਸਿਰਫ਼ ਰਾਣਾ ਗੁਰਜੀਤ ਨਹੀਂ ਸਗੋਂ 15 ਕਾਂਗਰਸੀ ਵਿਧਾਇਕ ਸ਼ਾਮਲ ਹਨ। ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਉਹ ਇਸ ਵਾਅਦੇ ਤੋਂ ਪਿੱਛੇ ਹਟਣ ਲੱਗੇ ਹਨ। ਉਧਰ ਯੂਪੀ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਹੈ ਤੇ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਨੇ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਤੇ ਰਾਹੁਲ ਗਾਂਧੀ ਨੇ ਰਲ਼ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਬਦਨਾਮ ਕੀਤਾ ਸੀ। ਹੁਣ ਕੈਪਟਨ ਪੰਜਾਬ 'ਚੋਂ ਨਸ਼ਾ ਖਤਮ ਹੋਣ ਦੀ ਗ਼ੱਲ ਆਖ ਰਹੇ ਹਨ ਪਰ ਸਵਾਲ ਇਹ ਹੈ ਕਿ ਰਾਹੁਲ ਗਾਂਧੀ ਦੇ ਕਹਿਣ ਅਨੁਸਾਰ 70 ਫੀਸਦ ਨਸ਼ੇੜੀ ਨੌਜਵਾਨ ਆਖਰ ਕਿਸ ਨਸ਼ਾ ਮੁਕਤੀ ਕੇਂਦਰ ਜਾਂ ਹਸਪਤਾਲ ਵਿੱਚ ਭਰਤੀ ਹਨ। ਪੁਲੀਸ ਨੇ ਤਾਂ ਕੈਪਟਨ ਸਰਕਾਰ ਦੇ ਰਾਜ ਵਿੱਚ ਸਿਰਫ਼ ਢਾਈ ਕਿਲੋ ਨਸ਼ਾ ਫੜਿਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਸਿਰਫ਼ ਤਿੰਨ ਮਹੀਨਿਆਂ ਵਿੱਚ ਹੀ ਕਿਸੇ ਸਰਕਾਰ ਖ਼ਿਲਾਫ਼ ਜਨਤਾ' ਸੜਕਾਂ 'ਤੇ ਉਤਰ ਆਈ ਹੋਵੇ। ਕੈਪਟਨ ਸਰਕਾਰ ਦੇ ਤਿੰਨ ਮਹੀਨੇ ਦੇ ਕਾਰਜਕਾਲ ਵਿੱਚ ਤਿੰਨ ਤੋਂ ਜ਼ਿਆਦਾ ਘੁਟਾਲੇ ਹੋ ਚੁੱਕੇ ਹਨ। ਇਸ ਮੌਕੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਜਸਪਾਲ ਸਿੰਘ ਬੰਟੀ, ਸਰਬੀਤ ਸਿੰਘ ਸ਼ੰਟੀ, ਇੰਦਰ ਇਕਬਾਲ ਸਿੰਘ ਅਟਵਾਲ, ਹੀਰਾ ਸਿੰਘ ਗਾਬੜੀਆ, ਜੀਵਨ ਗੁਪਤਾ ਹਾਜ਼ਰ ਸਨ। ਬਾਅਦ ਵਿੱਚ ਅਕਾਲੀ-ਭਾਜਪਾ ਦੀ ਜ਼ਿਲ੍ਹਾ ਕਾਰਜਕਾਰਨੀ ਨੇ ਮਿਲ ਕੇ ਡੀਸੀ ਨੂੰ ਮੰਗ ਪੱਤਰ ਵੀ ਦਿੱਤਾ।



**ਲੁਧਿਆਣਾ ਵਿੱਚ ਮਿੰਨੀ ਸਕੱਤਰੇਤ ਮੂਹਰੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਵਲੋਂ ਕਾਂਗਰਸ ਦੇ ਤਿੰਨ ਮਹੀਨਿਆਂ ਦੇ ਕੁਸ਼ਾਸਨ' ਖ਼ਿਲਾਫ਼ ਦਿੱਤੇ ਧਰਨੇ ਮੌਕੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮੰਚ ਤੱਕ ਪਹੁੰਚਣ ਵਿੱਚ ਮੱਦਦ ਕਰਦੇ ਵਰਕਰ।**

**ਪਟਿਆਲਾ** : ਜ਼ਿਲ੍ਹਾ ਹੈੱਡਕੁਆਰਟਰ ਅੱਗੇ ਅਕਾਲੀ ਦਲ ਵਲੋਂ ਕੈਪਟਨ ਸਰਕਾਰ ਖ਼ਿਲਾਫ਼ ਦਿੱਤੇ ਧਰਨੇ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬੰਡੂਗਰ ਨੇ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇ ਰਹੀ ਹੈ। ਸ੍ਰੀ ਬਡੂੰਗਰ ਨੇ ਕਿਹਾ ਕਿ ਅਮਰਿੰਦਰ ਸਿੰਘ ਸਰਕਾਰ ਘੁਟਾਲਿਆਂ ਦੀ ਸਰਕਾਰ ਸਾਬਤ ਹੋ ਰਹੀ ਹੈ, ਨਾਲੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਇਸ ਸਰਕਾਰ ਨੇ ਹੁਣ ਆਪਣੀ ਪਾਰਟੀ ਦੇ ਆਗੂਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚਲਾਏ ਜਾ ਰਹੇ ਗੁਰਦੁਆਰਿਆਂ ਤੇ ਹੋਰ ਸੰਸਥਾਵਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਕਹਿ' ਦਿੱਤਾ ਹੈ।

**ਬਾਕੀ ਸਫ਼ਾ 31 'ਤੇ**

## ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਖਿਲਾਫ ਧਰਨਾ ਦੇਣ ਨਿਕਲੇ ਬਾਦਲ ਦਲ ਆਗੂਆਂ ਨੂੰ ਵਰਕਰਾਂ ਦੀ ਘਾਟ ਨੇ ਕੀਤਾ ਸੁੰਨ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:**

ਕੈਪਟਨ ਅਮਰਿੰਦਰ ਸਿੰਘ ਦੀ ਅਹਵਾਈ ਵਾਲੀ ਕਾਂਗਰਸ ਸਰਕਾਰ ਦੇ 80 ਦਿਨਾਂ ਰਾਜ ਦੀ ਕਾਰਗੁਜ਼ਾਰੀ ਖਿਲਾਫ ਧਰਨਾ ਦੇਣ ਨਿਕਲਿਆ ਅਕਾਲੀ ਦਲ (ਬਾਦਲ ਦਲ) ਸੋਮਵਾਰ (12 ਜੂਨ) ਨੂੰ ਆਪ ਹੀ ਧਰਿਆ ਹੋਇਆ ਨਜ਼ਰ ਆਇਆ। ਵਿਧਾਨ ਸਭਾ ਵਿੱਚ ਗਠਜੋੜ ਦੀ ਹੋਈ ਨਾਮੋਸ਼ੀ ਭਰੀ ਹਾਰ ਦੇ ਤਿੰਨ ਮਹੀਨਿਆਂ ਬਾਅਦ ਵੀ ਧਰਨਾ ਪ੍ਰਬੰਧਕਾਂ ਨੂੰ ਵਰਕਰ ਲੱਭਣੇ ਔਖੇ ਹੋਏ ਪਏ ਸਨ ਤੇ ਜ਼ਿਲ੍ਹੇ ਦੇ 11 ਵਿਧਾਨ ਸਭਾ ਹਲਕਿਆਂ 'ਚੋਂ ਇਕ ਹਜ਼ਾਰ ਵਰਕਰ ਵੀ ਨਜ਼ਰ ਨਹੀਂ ਆਏ।

ਧਰਨੇ ਲਈ ਐਲਾਨੇ ਸਵੇਰੇ 10:00 ਵਜੇ ਦੇ ਸਮੇਂ ਦੇ ਇਕ ਘੰਟਾ ਬੀਤ ਜਾਣ 'ਤੇ ਵੀ ਡਿਪਟੀ ਕਮਿਸ਼ਨਰ ਦਫਤਰ ਦੇ ਸਾਹਮਣੇ ਵਾਲੀ ਪਾਰਕ ਵਿੱਚ ਅਕਾਲੀ ਦਲ (ਬਾਦਲ) ਵਲੋਂ ਲਗਾਏ ਸ਼ਾਮਿਆਨੇ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਭਗਵੰਤ ਸਿੰਘ ਸਿਆਲਕਾ, ਬਾਵਾ ਸਿੰਘ ਗੁਮਾਨਪੁਰਾ ਤੋਂ ਇਲਾਵਾ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਸਾਬਕਾ ਵਿਧਾਇਕ ਤੇ ਦਿਹਾਤੀ ਪ੍ਰਧਾਨ ਵੀਰ ਸਿੰਘ ਲੋਪੋਕੇ, ਸ਼ਹਿਰੀ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਹੀ ਗਿਣਤੀ ਦੇ ਦੋ ਢਾਈ ਸੌ ਵਰਕਰਾਂ ਸਹਿਤ ਡੱਟੇ ਹੋਏ ਸਨ। ਕੋਈ ਸਵਾ ਕੁ ਗਿਆਰਾਂ ਵਜੇ ਪਹੁੰਚੇ ਹਲਕਾ ਅਜਨਾਲਾ ਤੋਂ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ, ਮਲਕੀਅਤ ਸਿੰਘ ਏ.ਆਰ, 50-50 ਦੇ ਜਥੇ ਸਹਿਤ ਪੁਜੇ। ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਤੇ ਮੀਤ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ 70-75 ਵਰਕਰਾਂ ਸਣੇ ਪੰਡਾਲ ਵਿੱਚ ਪੁਜੇ।

# ਵਿਸ਼ੇਸ਼ ਜਾਂਚ ਟੀਮ ਵਲੋਂ ਬੱਬਰ ਖ਼ਾਲਸਾ ਦਾ ਮੱਖਣ ਸਿੰਘ ਅਫ਼ੀਮ ਸਮੇਤ ਕਾਬੂ ਕਰਨ ਦਾ ਦਾਅਵਾ

**ਹੁਸ਼ਿਆਰਪੁਰ/ਬਿਊਰੋ ਨਿਊਜ਼** : ਸਪੈਸ਼ਲ ਟਾਸਕ ਫੋਰਸ ਅਤੇ ਸੀ.ਆਈ. ਏ. ਸਟਾਫ਼ ਦੀ ਸਾਂਝੀ ਟੀਮ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧਾਂ ਦੇ ਦੋਸ਼ ਹੇਠ ਮੱਖਣ ਸਿੰਘ ਅਤੇ ਉਸ ਦੇ ਇੱਕ ਸਾਥੀ ਨੂੰ ਤਿੰਨ ਕਿਲੋ ਅਫੀਮ ਸਮੇਤ ਕਾਬੂ ਕੀਤਾ ਹੈ।

ਸੀਨੀਅਰ ਪੁਲੀਸ ਕਪਤਾਨ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਸਪੈਸ਼ਲ ਟਾਸਕ ਫੋਰਸ ਦੇ ਡੀ.ਐਸ.ਪੀ. ਸਰਬਜੀਤ ਸਿੰਘ ਅਤੇ ਸੀ.ਆਈ.ਏ. ਸਟਾਫ ਦੇ ਸਬ-ਇੰਸਪੈਕਟਰ ਸਤਨਾਮ ਸਿੰਘ ਦੀ ਅਗਵਾਈ 'ਚ ਪੁਲੀਸ ਪਾਰਟੀ ਨੇ ਪਿੰਡ ਨੂਰਪੁਰ ਜੱਟਾਂ ਕੋਲ ਲਾਏ ਨਾਕੇ ਦੌਰਾਨ ਟਾਟਾ ਏਸ ਗੱਡੀ ਨੂੰ ਰੋਕ ਕੇ ਜਦੋਂ ਤਲਾਸ਼ੀ ਲਈ ਤਾਂ ਗੱਡੀ ਵਿੱਚ ਸਵਾਰ ਮੱਖਣ ਸਿੰਘ ਵਾਸੀ ਨੂਰਪੁਰ ਜੱਟਾਂ ਅਤੇ ਜੋਗਿੰਦਰ ਨਾਥ ਵਾਸੀ ਮਾਨਾਂਵਾਲੀ, ਕਪੂਰਥਲਾ ਤੋਂ ਤਿੰਨ ਕਿਲੋ ਅਫੀਮ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।



ਐਸ.ਐਸ.ਪੀ. ਨੇ ਦੱਸਿਆ ਕਿ ਮੱਖਣ ਸਿੰਘ ਇਸੇ ਸਾਲ ਫਰਵਰੀ ਵਿੱਚ ਅਸਲਾ ਐਕਟ ਤਹਿਤ ਹੋਈ ਸਜ਼ਾ ਪੂਰੀ ਕਰ ਕੇ ਨਾਭਾ ਜੇਲ੍ਹ ਤੋਂ ਰਿਹਾਅ ਹੋਇਆ ਸੀ। ਉਨ੍ਹਾਂ ਦੱਸਿਆ ਕਿ ਪੁਲੀਸ ਰਿਕਾਰਡ ਮੁਤਾਬਕ ਮੱਖਣ ਸਿੰਘ 2007 ਤੋਂ 2010 ਤੱਕ ਪਾਕਿਸਤਾਨ ਰਿਹਾ ਅਤੇ ਉਥੇ ਉਸ ਨੇ ਕਥਿਤ ਤੌਰ 'ਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਵਧਾਵਾ ਸਿੰਘ ਤੋਂ ਹਥਿਆਰਾਂ ਦੀ ਸਿਖਲਾਈ ਲਈ।

# ਪੁਲਿਸ ਦਾ ਦਾਅਵਾ-ਇੰਟਰਨੈਸ਼ਨਲ ਸਿੱਖ ਯੂਥ ਫੈੱਡਰੇਸ਼ਨ ਦੇ 2 ਖਾੜਕੂ ਗ੍ਰਿਫ਼ਤਾਰ

**ਨਵਾਂਸ਼ਹਿਰ/ਬਿਊਰੋ ਨਿਊਜ਼** : ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਿਸ ਵਲੋਂ ਪਾਕਿ ਨਾਲ ਸਬੰਧਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਥੇਬੰਦੀ ਨਾਲ ਸਬੰਧਤ 2 ਖਾੜਕੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਬਾਰੇ ਜਦੋਂ ਮੀਡੀਆ ਕਰਮੀਆਂ ਨੂੰ ਭਿਣਕ ਪਈ ਤਾਂ ਜ਼ਿਲ੍ਹਾ ਪੁਲਿਸ ਮੁਖੀ ਸਤਿੰਦਰ ਸਿੰਘ ਵਲੋਂ ਡੀ.ਐੱਸ.ਪੀ. ਜਾਂਚ ਹਰਵਿੰਦਰ ਸਿੰਘ ਡੱਲੀ ਨੂੰ ਇਸ ਮਾਮਲੇ 'ਚ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ। ਸ. ਡੱਲੀ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵਲੋਂ ਵੱਖਵਾਦੀ ਵਿਚਾਰਾਂ ਨਾਲ ਸਬੰਧਤ ਗੁਰਜੀਤ ਸਿੰਘ ਉਰਫ਼ ਗੱਗੂ ਉਰਫ਼ ਘੈਂਟ ਪੁੱਤਰ ਸਲਵਿੰਦਰ ਸਿੰਘ ਵਾਸੀ ਵਡਾਲਾ ਗ੍ਰੰਥੀਆਂ ਥਾਣਾ ਸੇਖਵਾਂ ਜ਼ਿਲ੍ਹਾ ਗੁਰਦਾਸਪੁਰ ਤੇ ਗੁਰਮੁੱਖ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਤਲਵੰਡੀ ਨਾਹਰ ਥਾਣਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਨੂੰ ਉਨ੍ਹਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੀਤ ਸਿੰਘ ਘੈਂਟ ਦਾ ਪਿਛੋਕੜ ਅਪਰਾਧੀ ਹੈ। ਇਸ ਤੋਂ ਪਹਿਲਾਂ ਇਸ ਨੇ ਸਾਥੀਆਂ ਸਮੇਤ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ 12 ਅਪ੍ਰੈਲ, 20 15 ਨੂੰ ਗੋਲੀ ਮਾਰੀ ਸੀ ਜਿਸ 'ਚ ਇਸ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਗ੍ਰਿਫ਼ਤਾਰੀ 'ਚ ਉਕਤ ਕਥਿਤ ਦੋਸ਼ੀਆਂ ਪਾਸੋਂ 2 ਹੋਰ ਮਾਮਲੇ ਸੁਲਝੇ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਤਫ਼ਤੀਸ਼ ਤੋਂ ਇਹ ਸਾਹਮਣੇ ਆਇਆ ਹੈ ਕਿ ਸਾਲ 2015 'ਚ ਗੁਰਜੀਤ ਸਿੰਘ ਤੇ ਇਸ ਦੇ ਸਾਥੀਆਂ ਨੇ ਬਾਬਾ ਮਾਨ ਸਿੰਘ ਵਾਸੀ ਰੋਡੇਆਣਾ ਥਾਣਾ ਸਿਟੀ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ 'ਤੇ ਗੋਲੀ ਚਲਾ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ। ਇਸ ਸਬੰਧੀ ਇਨ੍ਹਾਂ ਦੇ ਖ਼ਿਲਾਫ਼ ਮੁਕੱਦਮਾ ਥਾਣਾ ਕਲਾਨੌਰ ਵਿਖੇ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਸਾਲ 2013 'ਚ ਗੁਰਜੀਤ ਸਿੰਘ ਸਮੇਤ ਗੁਰਮੁਖ ਸਿੰਘ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਨੇ ਪਿੰਡ ਭੱਟੀਆਂ ਥਾਣਾ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਏ.ਟੀ.ਐਮ. ਮਸ਼ੀਨ ਤੋੜਨ ਦੀ ਕੋਸ਼ਿਸ਼ ਵੀ ਕੀਤੀ ਸੀ। ਸ. ਡੱਲੀ ਨੇ ਦੱਸਿਆ ਕਿ ਉਕਤ ਦੋਨੋਂ ਕਥਿਤ ਦੋਸ਼ੀਆਂ ਨੂੰ ਜ਼ਿਲਾ ਪੁਲਿਸ ਵਲੋਂ ਥਾਣਾ ਬਹਿਰਾਮ ਦੀ ਹੱਦ 'ਚ ਪੈਂਦੇ ਕੁਲਥਮ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰਕੇ ਇਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੀਤ ਸਿੰਘ ਉਰਫ਼ ਗੱਗੂ ਪਾਸੋਂ ਇਕ 9 ਐਮ. ਐਮ. ਬੋਰ ਪਿਸਟਲ ਕੰਟਰੀ ਮੇਡ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਦੀ ਤਫ਼ਤੀਸ਼ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਗੁਰਜੀਤ ਸਿੰਘ ਨੂੰ ਮਲਕੀਤ ਸਿੰਘ ਉਰਫ਼ ਫ਼ੌਜੀ ਵਾਸੀ ਤਲਵੰਡੀ ਨਾਹਰ ਥਾਣਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਜੋ ਕਿ ਇਸ ਵੇਲੇ ਕੈਨੇਡਾ 'ਚ ਹੈ, ਵਲੋਂ ਆਰਥਿਕ ਮਦਦ ਦਿੱਤੀ ਜਾਂਦੀ ਸੀ ਅਤੇ ਗੁਰਜੀਤ ਸਿੰਘ ਇਸ ਪੈਸੇ ਨਾਲ ਗ਼ੈਰ-ਕਾਨੂੰਨੀ ਗਤੀਵਿਧੀਆਂ ਕਰਦਾ ਸੀ। ਇਸ ਮਾਮਲੇ 'ਚ ਪੁਲਿਸ ਨੂੰ ਹੋਰ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਉਨ੍ਹਾਂ ਨਾਲ ਡੀ. ਐੱਸ. ਪੀ. ਸਥਾਨਕ ਗੁਰਪ੍ਰੀਤ ਸਿੰਘ ਗਿੱਲ ਤੇ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਸੁਰਿੰਦਰ ਚਾਂਦ ਵੀ ਹਾਜ਼ਰ ਸਨ।



## ਅਜਮੇਰ ਔਲਖ ਦੇ ਇਲਾਜ ਦਾ ਬਿਲ ਸਰਕਾਰ ਅਦਾ ਕਰੇਗੀ: ਬ੍ਰਹਮ ਮਹਿੰਦਰਾ

**ਚੰਡੀਗੜ੍ਹ/ਬਿਊਰੋ ਨਿਊਜ਼** : ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਫੋਰਟਿਸ ਹਸਪਤਾਲ ਨੂੰ ਇੱਕ ਪੱਤਰ ਭੇਜ ਕੇ ਨਾਟਕਕਾਰ ਅਜਮੇਰ ਸਿੰਘ ਔਲਖ ਦੇ ਇਲਾਜ ਦਾ ਬਿਲ ਪੰਜਾਬ ਸਰਕਾਰ ਨੂੰ ਭੇਜਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਔਲਖ ਦੇ ਇਲਾਜ ਦਾ ਖ਼ਰਚਾ ਭਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਨੇ ਲਈ ਸੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ



ਆਪਣੇ ਵਾਅਦੇ 'ਤੇ ਕਾਇਮ ਹਨ। ਗੌਰਤਲਬ ਹੈ ਕਿ ਪੰਜਾਬ ਸਰਕਾਰ ਚਾਹੇ ਔਲਖ ਦੇ ਇਲਾਜ ਦਾ ਸਾਰਾ ਖ਼ਰਚਾ ਚੁੱਕਣ ਦਾ ਐਲਾਨ ਕਰ ਚੁੱਕੀ ਹੈ, ਪਰ ਉਨ੍ਹਾਂ ਦਾ ਪਰਿਵਾਰ ਉਦੋਂ ਦੰਗ ਰਹਿ ਗਿਆ ਜਦੋਂ ਬੀਤੇ ਦਿਨ ਹਸਪਤਾਲ ਪ੍ਰਬੰਧਕਾਂ ਨੇ ਉਨ੍ਹਾਂ ਹੱਥ 16 ਲੱਖ ਰੁਪਏ ਦਾ ਬਿਲ ਫੜਾ ਦਿੱਤਾ। ਸਿਹਤ ਮੰਤਰੀ ਨੇ ਕਿਹਾ ਕਿ ਔਲਖ ਦੇ ਬਿਮਾਰ ਹੋਣ ਦੀ ਖ਼ਬਰ ਸੁਣ ਕੇ ਮੁੱਖ ਮੰਤਰੀ ਵਲੋਂ ਉਨ੍ਹਾਂ ਦੇ ਇਲਾਜ ਲਈ ਦੋ ਲੱਖ ਦਾ ਚੈੱਕ ਪਹਿਲਾਂ ਹੀ ਭੇਜ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਅਰੁਣਾ ਚੌਧਰੀ ਨਾਟਕਕਾਰ ਦਾ ਹਾਲਚਾਲ ਪੁੱਛਣ ਵਾਸਤੇ ਫੋਰਟਿਸ ਹਸਪਤਾਲ ਵੀ ਗਏ ਸਨ। ਨਾਟਕਕਾਰ ਅਜਮੇਰ ਔਲਖ ਕੈਂਸਰ ਦੀ ਬਿਮਾਰੀ ਤੋਂ ਪੀੜਤ ਹਨ ਅਤੇ ਇਲਾਜ ਲਈ ਫੋਰਟਿਸ ਹਸਪਤਾਲ ਮੁਹਾਲੀ 'ਚ ਦਾਖ਼ਲ ਸਨ। ਸ੍ਰੀ ਔਲਖ ਦੀ ਪਤਨੀ ਦਾ ਕਹਿਣਾ ਸੀ ਕਿ ਹਸਪਤਾਲ ਵਲੋਂ ਉਨ੍ਹਾਂ ਨੂੰ ਇਲਾਜ 'ਤੇ ਸਾਢੇ ਸੱਤ ਲੱਖ ਤਕ ਦਾ ਖਰਚਾ ਆਉਣ ਬਾਰੇ ਦੱਸਿਆ ਗਿਆ ਸੀ, ਪਰ ਹਸਪਤਾਲ ਪ੍ਰਸ਼ਾਸਨ ਨੇ ਬਿਲ ਸੋਲਾਂ ਲੱਖ ਦਾ ਫੜਾ ਦਿੱਤਾ। ਸਿਹਤ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਸਰਕਾਰ ਨਾਟਕਕਾਰ ਦੀ ਸਿਹਤ ਨੂੰ ਲੈ ਕੇ ਫ਼ਿਕਰਮੰਦ ਸੀ ਅਤੇ ਉਨ੍ਹਾਂ

**ਬਾਕੀ ਸਫ਼ਾ 31 'ਤੇ**

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦੋਹੀਂ ਹੱਥੀਂ ਕਰੋੜਾਂ ਦੀ ਲੁੱਟ ਕਰਨ ਵਾਲਾ ਸੁਖਬੀਰ ਬਾਦਲ ਦਾ 'ਭਲਵਾਨ' ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੀਤਾ ਕਾਬੂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਜੀਲੈਂਸ ਬਿਊਰੋ ਨੇ ਮੰਡੀ ਬੋਰਡ ਦੇ ਨਿਗਰਾਨ ਇੰਜਨੀਅਰ (ਐਸਈ) ਸੁਰਿੰਦਰਪਾਲ ਸਿੰਘ ਉਰਫ਼ ਪਹਿਲਵਾਨ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ ਹੈ। ਸੂਬੇ ਵਿੱਚ ਸੱਤਾ ਤਬਦੀਲੀ ਬਾਅਦ ਵਿਜੀਲੈਂਸ ਵਲੋਂ ਬਾਦਲ ਪਰਿਵਾਰ ਦੇ ਕਿਸੇ ਕਰੀਬੀ ਨੂੰ ਸਲਾਖਾਂ ਪਿੱਛੇ ਡੱਕਣ ਦਾ ਇਹ ਪਹਿਲਾ ਮਾਮਲਾ ਹੈ। ਚਹੇਤੀਆਂ ਉਸਾਰੀ ਫਰਮਾਂ ਅਤੇ ਠੇਕੇਦਾਰਾਂ ਨੂੰ ਤਰਫ਼ਦਾਰੀ ਕਰਕੇ ਦਿੱਤੇ ਟੈਂਡਰਾਂ ਰਾਹੀਂ ਬੇਹਿਸਾਬੀ ਜਾਇਦਾਦ ਬਣਾਉਣ ਅਤੇ ਗੈਰਕਾਨੂੰਨੀ ਧਨ ਨੂੰ ਆਪਣੇ ਪਰਿਵਾਰ ਦੀਆਂ ਜਾਅਲੀ ਫਰਮਾਂ ਵਿੱਚ ਜਮ੍ਹਾਂ ਕਰਵਾਉਣ ਦੇ ਦੋਸ਼ ਹੇਠ ਇਸ ਨਿਗਰਾਨ ਇੰਜੀਨੀਅਰ ਸਮੇਤ ਮੈਸ: ਏਕ ਉਂਕਾਰ ਬਿਲਡਰਜ਼ ਐਂਡ ਕੰਟਰੈਕਟਰਜ਼ ਪ੍ਰਾਈ: ਲਿਮ: ਕੰਪਨੀ ਦੇ ਗੁਰਮੇਜ਼ ਸਿੰਘ ਗਿੱਲ ਤੇ ਮੋਹਿਤ ਕੁਮਾਰ, ਮੈਸ: ਰਜਿੰਦਰ ਐਂਡ ਕੰਪਨੀ ਦੇ ਗੁਰਿੰਦਰਪਾਲ ਸਿੰਘ ਉਰਫ਼ ਟਿੰਕੂ ਤੇ ਮੈਸ: ਓਏਸਿਜ਼ ਟੈਕਨਾਲੋਜੀ ਪ੍ਰਾਈ: ਲਿਮ: ਦੇ ਅਮਿਤ ਗਰਗ ਅਤੇ ਹੋਰ ਫਰਮਾਂ/ਕੰਪਨੀਆਂ ਦੇ ਪ੍ਰੋਪਰਾਈਟਰਾਂ/ ਪਾਰਟਨਰਾਂ/ ਡਾਇਰੈਕਟਰਾਂ ਤੋਂ ਇਲਾਵਾ ਹੋਰ ਵਿਅਕਤੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਵਿਜੀਲੈਂਸ ਟੀਮਾਂ ਨੇ ਇਕੋ ਵੇਲੇ ਚੰਡੀਗੜ੍ਹ, ਲੁਧਿਆਣਾ ਅਤੇ ਮੁਹਾਲੀ 'ਚ ਇਸ ਵਿਅਕਤੀ ਅਤੇ ਕਈ ਕੰਪਨੀਆਂ ਦੇ 9 ਟਿਕਾਣਿਆਂ 'ਤੇ ਛਾਪੇ ਮਾਰੇ। ਵਿਜੀਲੈਂਸ ਦੇ ਮੁੱਖ ਡਾਇਰੈਕਟਰ ਬੀ.ਕੇ. ਉਪਲ ਨੇ ਦੱਸਿਆ ਕਿ ਵਿਜੀਲੈਂਸ ਨੇ ਪੜਤਾਲ ਦੌਰਾਨ ਭ੍ਰਿਸ਼ਟਾਚਾਰ ਦੇ ਸਬੂਤ ਮਿਲਣ ਬਾਅਦ ਕੇਸ ਦਰਜ ਕਰਕੇ ਕਾਰਵਾਈ ਅਮਲ 'ਚ ਲਿਆਂਦੀ ਹੈ।

ਵਿਜੀਲੈਂਸ ਮੁਖੀ ਨੇ ਦੱਸਿਆ ਕਿ ਸੁਰਿੰਦਰਪਾਲ ਸਿੰਘ ਨੇ ਆਪਣੀ ਪਤਨੀ ਮਨਦੀਪ ਕੌਰ ਅਤੇ ਮਾਤਾ ਸਵਰਨਜੀਤ ਕੌਰ ਦੇ ਨਾਂ ਉਤੇ ਤਿੰਨ ਕੰਪਨੀਆਂ ਰਜਿਸਟਰਡ ਕਰਾਈਆਂ, ਜਿਨ੍ਹਾਂ ਰਾਹੀਂ ਬੇਹਿਸਾਬੀ ਮਾਇਆ ਇਕੱਤਰ ਕਰਨ ਦਾ ਰਾਹ ਕੱਢਿਆ ਗਿਆ। ਵਿਜੀਲੈਂਸ ਮੁਤਾਬਕ ਅਸੈਸ ਐਗਰੋ ਸੀਡਜ਼ ਪ੍ਰਾਈ: ਲਿਮ: 4 ਮਾਰਚ, 2005 ਨੂੰ ਬਣਾਈ ਗਈ। ਐਵਾਰਡ ਐਗਰੋ ਟਰੇਡਰਜ਼ ਪ੍ਰਾਈ: ਲਿਮ: ਤੇ ਓਸਟਰ ਐਗਰੋ ਟਰੇਡਰਜ਼ ਪ੍ਰਾਈ: ਲਿਮ: ਕੰਪਨੀਆਂ 9 ਫਰਵਰੀ, 2009 ਨੂੰ ਬਣਾਈਆਂ ਗਈਆਂ। ਤਿੰਨੋਂ ਕੰਪਨੀਆਂ ਵਿੱਚ ਉਸ ਦੀ ਪਤਨੀ ਮਨਦੀਪ ਕੌਰ ਅਤੇ ਮਾਤਾ ਸਵਰਨਜੀਤ ਕੌਰ ਬਤੌਰ ਡਾਇਰੈਕਟਰਜ਼ 50-50 ਫ਼ੀਸਦ ਸ਼ੇਅਰਾਂ ਦੀਆਂ ਮਾਲਕ ਹਨ। ਇਨ੍ਹਾਂ ਤਿੰਨਾਂ ਕੰਪਨੀਆਂ ਦਾ ਰਜਿਸਟਰਡ ਪਤਾ ਮਕਾਨ ਨੰਬਰ 39, ਡਿਫੈਂਸ ਕਲੋਨੀ ਬੀ.ਆਰ.ਐਸ. ਨਗਰ ਲੁਧਿਆਣਾ ਹੈ, ਜਿਸ ਦੀ ਮਾਲਕੀ ਸੁਰਿੰਦਰਪਾਲ ਸਿੰਘ ਦੀ ਮਾਤਾ ਸਵਰਨਜੀਤ ਕੌਰ ਦੇ ਨਾਂ ਹੈ ਪਰ ਮੌਕੇ 'ਤੇ ਇਸ ਮਕਾਨ ਵਿੱਚ ਇਨ੍ਹਾਂ ਤਿੰਨਾਂ ਕੰਪਨੀਆਂ ਦਾ ਕੋਈ ਵੀ ਦਫ਼ਤਰ ਮੌਜੂਦ ਨਹੀਂ ਸੀ ਅਤੇ ਇਨ੍ਹਾਂ ਤਿੰਨਾਂ ਕੰਪਨੀਆਂ ਦਾ ਸਾਰਾ ਕੰਮਕਾਜ ਏਕ ਉਂਕਾਰ ਬਿਲਡਰਜ਼ ਕੰਪਨੀ ਦੇ ਦਫ਼ਤਰ ਮਕਾਨ ਨੰਬਰ 36/563, ਪੱਖੋਵਾਲ ਰੋਡ ਲੁਧਿਆਣਾ ਤੋਂ ਹੀ ਚੱਲਦਾ ਸੀ।

ਵਿਜੀਲੈਂਸ ਮੁਖੀ ਮੁਤਾਬਕ ਇਨ੍ਹਾਂ ਤਿੰਨਾਂ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ ਕਰੋੜਾਂ ਰੁਪਏ ਸਾਲਾਨਾ ਦੇ ਹਿਸਾਬ ਨਾਲ ਨਕਦ ਜਮ੍ਹਾਂ ਹੋ ਰਹੇ ਹਨ, ਜਿਨ੍ਹਾਂ ਵਿੱਚੋਂ ਸਾਲ 2012 ਤੋਂ 2016 ਤਕ ਤਕਰੀਬਨ 40 ਕਰੋੜ ਰੁਪਏ ਨਕਦ ਜਮ੍ਹਾਂ ਹੋਣ ਬਾਰੇ ਪਤਾ ਲੱਗ ਚੁੱਕਾ ਹੈ। ਇੱਕ ਕੰਪਨੀ ਤੋਂ ਦੂਜੀਆਂ ਕੰਪਨੀਆਂ ਨੂੰ ਪੈਸਾ ਤਬਦੀਲ ਹੋ ਰਿਹਾ ਹੈ ਅਤੇ ਇਨ੍ਹਾਂ ਕੰਪਨੀਆਂ ਦੇ ਨਾਂ 'ਤੇ ਬਹੁਤ ਸਾਰੀਆਂ ਬਹੁ-ਕਰੋੜੀ ਜਾਇਦਾਦਾਂ ਵੀ ਖਰੀਦੀਆਂ ਗਈਆਂ ਹਨ। ਇਨ੍ਹਾਂ ਜਾਇਦਾਦਾਂ ਦੀ ਖਰੀਦ ਸਮੇਂ ਕਈ ਵਾਰ ਇਨ੍ਹਾਂ ਕੰਪਨੀਆਂ ਦੇ ਨੁਮਾਇੰਦੇ ਵਜੋਂ ਗੁਰਮੇਜ਼ ਸਿੰਘ ਗਿੱਲ ਵਲੋਂ ਬਤੌਰ ਖਰੀਦਦਾਰ ਦਸਤਖ਼ਤ ਕੀਤੇ ਗਏ ਹਨ। ਪੜਤਾਲ ਦੌਰਾਨ ਇਨ੍ਹਾਂ ਤਿੰਨਾਂ ਕੰਪਨੀਆਂ ਵਲੋਂ ਕੋਈ ਖਾਸ ਜਾਣੂ ਕਾਰੋਬਾਰ ਕੀਤਾ ਜਾਣਾ ਨਹੀਂ ਪਾਇਆ ਗਿਆ। ਇਕ ਦਹਾਕੇ ਤੋਂ ਚਲਾ ਰਿਹਾ ਸੀ ਆਪਣਾ ਰਾਜ' ਵਿਜੀਲੈਂਸ ਦੇ ਮੁੱਖ ਡਾਇਰੈਕਟਰ ਬੀ. ਕੇ ਉਪਲ ਨੇ ਦੱਸਿਆ ਕਿ ਇੱਕ ਹੋਰ ਪ੍ਰਾਈਵੇਟ ਲਿਮਟਿਡ ਕੰਪਨੀ ਏਕਮੇ ਕਰੱਸ਼ਰਜ਼ ਐਂਡ ਬਿਲਡਰਜ਼ ਪ੍ਰਾਈ: ਲਿਮ: ਬਣਾਈ ਗਈ ਹੈ, ਜਿਸ ਵਿੱਚ ਗੁਰਮੇਜ਼ ਸਿੰਘ ਗਿੱਲ ਅਤੇ ਤਰਨਦੀਪ ਸਿੰਘ ਸੰਘਾ, ਜੋ ਸੁਰਿੰਦਰਪਾਲ ਸਿੰਘ ਦਾ ਜੀਜਾ ਹੈ, ਡਾਇਰੈਕਟਰਜ਼ ਹਨ ਪਰ ਇਸ ਕੰਪਨੀ ਦੀ ਸਾਰੀ ਸ਼ੇਅਰ ਹੋਲਡਿੰਗ ਸੁਰਿੰਦਰਪਾਲ ਸਿੰਘ ਦੀ ਪਤਨੀ ਮਨਦੀਪ ਕੌਰ ਅਤੇ ਮਾਤਾ ਸਵਰਨਜੀਤ ਕੌਰ ਦੇ ਨਾਂ 'ਤੇ ਹੈ। ਇਸ ਕੰਪਨੀ ਵਲੋਂ ਮੈਸ: ਏਕ ਉਂਕਾਰ ਬਿਲਡਰਜ਼ ਨਾਲ ਬੈਂਕ ਰਾਹੀਂ ਕਾਫੀ ਲੈਣ-ਦੇਣ ਕੀਤਾ ਗਿਆ। ਸੁਰਿੰਦਰਪਾਲ ਸਿੰਘ ਪਿਛਲਾ ਇੱਕ ਦਹਾਕਾ ਬਾਦਲਾਂ ਦੇ ਰਾਜ 'ਚ ਵਿਵਾਦਤ ਅਫ਼ਸਰ ਵਜੋਂ ਜਾਣਿਆ ਜਾਂਦਾ ਸੀ। ਸਿਆਸੀ ਰਸੂਖ਼ ਕਾਰਨ ਉਹ ਆਈਏਐਸ ਅਫ਼ਸਰਾਂ ਨੂੰ ਵੀ ਟਿੱਚ ਜਾਣਦਾ ਸੀ। ਇਸ ਵਿਅਕਤੀ ਨੂੰ ਬਾਦਲ ਸਰਕਾਰ ਨੇ ਇੱਕੋ ਸਮੇਂ ਵੱਖ ਵੱਖ ਵਿਭਾਗਾਂ ਅਤੇ ਅਦਾਰਿਆਂ ਵਿੱਚ ਕੁੱਲ 8 ਚਾਰਜ/ਵਾਧੂ ਚਾਰਜ ਦਿੱਤੇ ਹੋਏ ਸਨ।



## ਭਲਵਾਨ' ਕੋਲ ਬਾਦਲ ਖਾਨਦਾਨ ਦੇ ਦਾਮਾਦ' ਹੋਣ ਦੀ ਡਿਗਰੀ

**ਲੰਬੀ/ਬਿਊਰੋ ਨਿਊਜ਼ :** ਵਿਜੀਲੈਂਸ ਅੜਿੱਕੇ ਚੜ੍ਹੇ ਪੰਜਾਬ ਮੰਡੀ ਬੋਰਡ ਵਿੱਚ ਅੱਠ ਚਾਰਜਾਂ ਵਾਲੇ ਇੰਜਨੀਅਰ ਸੁਰਿੰਦਰਪਾਲ ਸਿੰਘ ਭਲਵਾਨ' ਕੋਲ ਬਾਦਲ ਖਾਨਦਾਨ ਦੇ ਦਾਮਾਦ' ਹੋਣ ਦੀ ਡਿਗਰੀ ਵੀ ਹੈ। ਉਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚਚੇਰੇ ਭਰਾ ਨਰੋਤਮ ਸਿੰਘ ਢਿੱਲੋਂ ਦਾ ਭਾਣਜ ਜਵਾਈ ਹੈ। ਉਹ ਲੰਬੀ ਹਲਕੇ ਦੇ ਪਿੰਡ ਵੜਿੰਗਖੇੜਾ ਵਿੱਚ ਵਿਆਹਿਆ ਹੋਇਆ ਹੈ। ਸੂਤਰਾਂ ਅਨੁਸਾਰ ਭਲਵਾਨ ਅਕਾਲੀ ਸਰਕਾਰ ਦੌਰਾਨ ਸੂਬੇ ਦੇ ਠੇਕੇਦਾਰਾਂ ਵਿੱਚ ਖ਼ੌਫ਼ ਦਾ ਕੇਂਦਰ ਬਣਿਆ ਰਿਹਾ। ਆਮ ਚਰਚਾ ਹੈ ਕਿ ਬਾਦਲਾਂ ਨਾਲ ਰਿਸ਼ਤੇਦਾਰੀ ਕਰ ਕੇ ਨਾ ਸਿਰਫ਼ ਉਸ ਦੀ ਪ੍ਰਸ਼ਾਸਨਿਕ ਪਹੁੰਚ ਸਿਖ਼ਰ ਉਤੇ ਪੁੱਜੀ, ਸਗੋਂ ਉਸ ਦੇ ਸਮੇਂ ਪੰਜਾਬ ਮੰਡੀ ਬੋਰਡ ਵਿੱਚ ਦਲਾਲੀ ਦੇ ਨਵੇਂ ਰਿਕਾਰਡ ਬਣੇ,



ਜਿਸ ਤਹਿਤ ਠੇਕੇਦਾਰਾਂ ਤੋਂ ਠੇਕੇ ਦੀ ਅਲਾਟਮੈਂਟ ਸਮੇਂ ਕਥਿਤ ਤੌਰ 'ਤੇ 7 ਫ਼ੀਸਦੀ ਰਕਮ ਐਡਵਾਂਸ ਲਈ ਜਾਂਦੀ ਸੀ, ਜਦੋਂ ਕਿ ਬਾਕੀ 3 ਫ਼ੀਸਦੀ ਕਮਿਸ਼ਨ (ਵੱਖਰਾ) ਅਦਾਇਗੀ ਸਮੇਂ ਲਿਆ ਜਾਂਦਾ ਸੀ। ਸੂਤਰਾਂ ਅਨੁਸਾਰ ਭਲਵਾਨ ਦੇ ਦਬਾਅ ਮੂਹਰੇ ਈ-ਟੈਂਡਰਿੰਗ ਵੀ ਫੇਲ੍ਹ ਹੋ ਜਾਂਦੀ ਸੀ। ਠੇਕੇਦਾਰੀ ਸਿਸਟਮ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਭਲਵਾਨ ਦੇ ਅਖਾੜੇ ਵਿੱਚ ਕਹਿੰਦੇ ਕਹਾਉਂਦੇ ਠੇਕੇਦਾਰ ਪਾਣੀ ਭਰਦੇ ਸਨ। ਜਿਹੜਾ ਨਾਂਹ-ਨੁੱਕਰ ਕਰਦਾ ਉਹ ਕਿੱਤੇ ਤੋਂ ਪਾਸਾ ਵੱਟ ਜਾਂਦਾ ਸੀ। ਸੁਰਿੰਦਰਪਾਲ ਸਿੰਘ ਭਲਵਾਨ ਦੇ ਸਹੁਰੇ ਪਰਿਵਾਰ ਨਾਲ ਨੇੜਤਾ ਰੱਖਦੇ ਲੰਬੀ ਖੇਤਰ ਦੇ ਇਕ ਅਕਾਲੀ ਸਰਪੰਚ ਦਾ ਕਹਿਣਾ ਹੈ ਕਿ "ਚੰਗਾ ਹੋ ਗਿਆ ਜਿਹੜਾ ਭਲਵਾਨ ਫੜਿਆ ਗਿਆ। ਉਸ ਨੇ ਸਾਡੀ ਠੇਕੇਦਾਰੀ ਛੁਡਵਾ ਦਿੱਤੀ ਸੀ। ਕਮਿਸ਼ਨ ਠੋਕ ਕੇ ਲੈਂਦਾ ਸੀ।" ਅਕਾਲੀ ਦਲ ਦੇ ਸੂਤਰਾਂ ਨੇ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਭਲਵਾਨ ਬਠਿੰਡਾ ਲੋਕ ਸਭਾ ਚੋਣਾਂ ਮੌਕੇ ਕਈ ਵਿਧਾਨ ਸਭਾ ਹਲਕਿਆਂ ਦੀ ਚੋਣ ਦਾ ਖਰਚਾ ਚੁੱਕਦਾ ਸੀ। ਬਾਦਲ ਖ਼ਾਨਦਾਨ ਦੇ ਇਕ ਸੀਨੀਅਰ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਦੀ ਸਿੱਧੀ ਤਾਂ ਕੋਈ ਰਿਸ਼ਤੇਦਾਰੀ ਨਹੀਂ, ਸਗੋਂ ਖ਼ਾਨਦਾਨ ਦੀ ਨੰਬਰਦਾਰ ਪੱਤੀ ਦੇ ਨਰੋਤਮ ਸਿੰਘ ਢਿੱਲੋਂ ਦੇ ਭਾਣਜੇ ਮਰਹੂਮ ਕਾਕਾ ਪੰਮੀ ਵੜਿੰਗ ਦੇ ਭਣੋਈਆ ਹੋਣ ਕਰ ਕੇ ਰਿਸ਼ਤੇਦਾਰੀ ਨਿਕਲਦੀ ਹੈ ਪਰ ਉਹ ਦੂਰ ਦੀ ਰਿਸ਼ਤੇਦਾਰੀ ਹੈ। ਸੀਨੀਅਰ ਮੈਂਬਰ ਨੇ ਦੱਬੀ ਸੁਰ ਵਿੱਚ ਕਿਹਾ ਕਿ "ਵੱਡੇ ਬਾਦਲ ਸਾਬ੍ਹ ਤਾਂ ਭਲਵਾਨ ਨੂੰ ਪਸੰਦ ਨਹੀਂ ਕਰਦੇ ਸਨ। ਇਹ ਤਾਂ ਛੋਟੇ ਬਾਦਲ ਦਾ ਚਹੇਤਾ ਸੀ।"

# ਬਾਦਲਾਂ ਦੇ ਭਲਵਾਨ' ਦੀ ਗ੍ਰਿਫ਼ਤਾਰੀ ਨੇ ਕਈ ਅਫ਼ਸਰ ਫਿਕਰਾਂ ਵਿੱਚ ਡੋਬੇ

## *ਸੇਵਾਮੁਕਤ ਆਈਏਐਸ ਅਧਿਕਾਰੀ ਦੇ ਪੁੱਤਰ ਦੀ ਕੰਪਨੀ ਨੂੰ ਵੀ ਲਾਭ ਪਹੁੰਚਾਇਆ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਮੰਡੀ ਬੋਰਡ ਦੇ ਨਿਗਰਾਨ ਇੰਜਨੀਅਰ (ਐਸਈ) ਸੁਰਿੰਦਰਪਾਲ ਸਿੰਘ ਪਹਿਲਵਾਨ ਦੀ ਗ੍ਰਿਫ਼ਤਾਰੀ ਨੇ ਕਈ ਅਫ਼ਸਰ ਫਿਕਰਾਂ ਵਿੱਚ ਡੋਬ ਦਿੱਤੇ ਹਨ। ਸੂਤਰਾਂ ਮੁਤਾਬਕ ਬਾਦਲ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਇੱਕ ਸੇਵਾਮੁਕਤ ਆਈਏਐਸ ਅਧਿਕਾਰੀ ਦੇ ਪੁੱਤਰ ਦੀ ਕੰਪਨੀ ਨੂੰ ਵੀ ਭਲਵਾਨ' ਨੇ ਲਾਭ ਪਹੁੰਚਾਇਆ ਹੈ। ਇਹ ਗੱਲ ਭਲਵਾਨ ਨੇ ਪੁੱਛ ਪੜਤਾਲ ਦੌਰਾਨ ਮੰਨੀ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪਹਿਲਵਾਨ ਦੀ ਪੁਸ਼ਤਪਨਾਹੀ ਕਰਨ ਵਾਲੇ ਆਈਏਐਸ ਅਧਿਕਾਰੀਆਂ ਨੂੰ ਵਿਜੀਲੈਂਸ ਹੱਥ ਪਾਉਣ ਦੇ ਰੌਂਅ ਵਿੱਚ ਨਹੀਂ ਹੈ। ਭਲਵਾਨ' ਵਲੋਂ ਵੱਡੇ ਸਿਆਸਤਦਾਨਾਂ ਦੀ ਸੇਵਾ' ਕਰਨ ਦਾ ਮਾਮਲਾ ਵੀ ਸਾਹਮਣੇ ਆਇਆ ਹੈ।

ਵਿਜੀਲੈਂਸ ਦੇ ਇੱਕ ਸੀਨੀਅਰ ਅਫ਼ਸਰ ਦਾ ਮੰਨਣਾ ਹੈ ਕਿ ਸਰਕਾਰ ਨੇ ਹਾਲ ਦੀ ਘੜੀ ਕਿਸੇ ਹੋਰ ਅਧਿਕਾਰੀ ਖ਼ਿਲਾਫ਼ ਕਾਰਵਾਈ ਨੂੰ ਹਰੀ ਝੰਡੀ ਨਹੀਂ ਦਿੱਤੀ। ਸਰਕਾਰ ਦੇ ਨਰਮ ਰੁਖ਼ ਕਾਰਨ ਵਿਜੀਲੈਂਸ ਵਲੋਂ ਵੀ ਸੰਭਲ ਕੇ ਕਾਰਵਾਈ ਕੀਤੀ ਜਾ ਰਹੀ ਹੈ। ਵਿਜੀਲੈਂਸ ਦੀ ਪੂਰੀ ਜਾਂਚ ਹਾਲ ਦੀ ਘੜੀ ਪਹਿਲਵਾਨ ਦੁਆਲੇ ਕੇਂਦਰਤ ਹੈ। ਉਧਰ ਮੁਹਾਲੀ ਦੀ ਇੱਕ ਅਦਾਲਤ ਨੇ ਸੁਰਿੰਦਰਪਾਲ ਸਿੰਘ ਪਹਿਲਵਾਨ ਦਾ ਪੰਜ ਦਿਨਾਂ ਪੁਲੀਸ ਰਿਮਾਂਡ ਦੇ ਦਿੱਤਾ ਹੈ।

ਪੰਜਾਬ ਦਾ ਇੱਕ ਸੇਵਾਮੁਕਤ ਅਧਿਕਾਰੀ, ਜਿਸ ਨੇ ਬਾਦਲਾਂ ਦੇ ਰਾਜ ਦੌਰਾਨ ਆਪਣੇ ਪੁੱਤਰ ਦੀਆਂ ਕੰਪਨੀਆਂ ਰਾਹੀਂ ਕਈ ਵਿਭਾਗਾਂ ਤੋਂ ਵੱਡੇ ਪੱਧਰ 'ਤੇ ਵਿੱਤੀ ਲਾਭ ਲਿਆ ਹੈ, ਦੀ ਭੂਮਿਕਾ ਸ਼ੱਕ ਦੇ ਘੇਰੇ ਵਿੱਚ ਹੈ। ਇਹ ਸਾਬਕਾ ਅਧਿਕਾਰੀ ਬਾਦਲ ਪਰਿਵਾਰ ਦਾ ਕਰੀਬੀ ਰਿਹਾ ਹੈ। ਇਸ ਸੇਵਾਮੁਕਤ ਅਧਿਕਾਰੀ ਦੇ ਪੁੱਤਰ ਦੀਆਂ ਕੰਪਨੀਆਂ ਵਿਰੁੱਧ ਕਾਰਵਾਈ ਲਈ ਵਿਜੀਲੈਂਸ ਨੂੰ ਮੁੱਖ ਮੰਤਰੀ ਦਫ਼ਤਰ ਦੇ ਹੁਕਮਾਂ ਦੀ ਉਡੀਕ ਹੈ। ਵਿਜੀਲੈਂਸ ਅਧਿਕਾਰੀਆਂ ਨੇ ਲੁਧਿਆਣਾ ਦੇ ਇੱਕ ਚਾਰਟਡ ਅਕਾਊਂਟੈਂਟ (ਸੀਏ) ਤੋਂ ਵੀ ਪੁੱਛ ਪੜਤਾਲ ਕੀਤੀ ਹੈ। ਸੂਤਰਾਂ ਅਨੁਸਾਰ ਇਸੇ ਸੀਏ ਨੇ ਹੀ ਕੰਪਨੀਆਂ ਰਾਹੀਂ ਕਾਲੀ ਕਮਾਈ ਨੂੰ ਸਾਫ਼ ਕਰਨ ਦਾ ਰਾਹ ਦੱਸਿਆ ਸੀ। ਇਸ ਸੀਏ ਤੋਂ ਵਿਜੀਲੈਂਸ ਨੇ ਭਲਵਾਨ ਦੇ ਪਰਿਵਾਰ ਦੀਆਂ ਸਾਰੀਆਂ ਕੰਪਨੀਆਂ ਦਾ ਰਿਕਾਰਡ ਹਾਸਲ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਜਲਦੀ ਹੀ ਕੰਪਨੀਆਂ ਦੇ ਬੈਂਕ ਖਾਤਿਆਂ ਦੀ ਪੂਰੀ ਜਾਣਕਾਰੀ ਸਾਹਮਣੇ ਆ ਜਾਵੇਗੀ। ਕੰਪਨੀਆਂ ਦੇ ਦਸਤਾਵੇਜ਼ਾਂ ਬਿਨਾਂ ਵਿਜੀਲੈਂਸ ਦੇ ਹੱਥ ਹੋਰ ਕੁੱਝ ਨਾ ਲੱਗਾ ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਮੁਢਲੇ ਤੌਰ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਪਰਿਵਾਰ ਦੇ ਮੈਂਬਰਾਂ ਦੇ ਨਾਂ 'ਤੇ ਰਜਿਸਟਰਡ ਜਿਹੜੀਆਂ ਕੰਪਨੀਆਂ ਰਾਹੀਂ ਪੈਸੇ ਦਾ ਲੈਣ ਦੇਣ ਅਤੇ ਵਪਾਰ ਦਿਖਾਇਆ ਗਿਆ ਹੈ ਅਸਲ ਵਿੱਚ ਉਨ੍ਹਾਂ ਕੰਪਨੀਆਂ ਦੇ ਨਾਂ 'ਤੇ ਵਪਾਰ ਕੀਤੇ ਜਾਣ ਦੇ ਪੁਖ਼ਤਾ ਸਬੂਤ ਨਹੀਂ ਮਿਲੇ ਹਨ। ਵਿਜੀਲੈਂਸ ਨੇ ਪਹਿਲਵਾਨ ਵਲੋਂ ਕੀਤੀਆਂ ਬੇਨਿਯਮੀਆਂ ਬਾਰੇ ਜਾਂਚ ਮਹੀਨਾ ਪਹਿਲਾਂ ਹੀ ਆਰੰਭ ਦਿੱਤੀ ਸੀ। ਤਲਾਸ਼ੀ ਮੁਹਿੰਮ ਦੌਰਾਨ ਕੰਪਨੀਆਂ ਦੇ ਦਸਤਾਵੇਜ਼ਾਂ ਬਿਨਾਂ ਵਿਜੀਲੈਂਸ ਦੇ ਹੱਥ ਹੋਰ ਕੁੱਝ ਨਹੀਂ ਲੱਗਾ। ਵਿਜੀਲੈਂਸ ਦੀਆਂ ਟੀਮਾਂ ਨੂੰ ਭਲਵਾਨ ਦੇ ਘਰੋਂ ਤੇ ਬੈਂਕ ਲਾਕਰਾਂ ਵਿਚੋਂ ਕੋਈ ਮੋਟੀ ਨਕਦੀ ਜਾਂ ਸੋਨਾ ਵੀ ਨਹੀਂ ਮਿਲਿਆ।

## 'ਬਾਦਲਾਂ' ਦੀ ਮਿਹਰ ਨਾਲ ਮਲਾਈ' ਛਕਦਾ ਰਿਹਾ ਪਹਿਲਵਾਨ

ਜ਼ਿਲ੍ਹਾ ਫ਼ਾਜ਼ਿਲਕਾ ਦੇ ਪਿੰਡ ਮੂਲਿਆਂਵਾਲੀ ਦਾ ਰਹਿਣ ਵਾਲਾ ਸੁਰਿੰਦਰਪਾਲ ਸਿੰਘ ਪਹਿਲਵਾਨ ਜਨਵਰੀ 1993 ਵਿੱਚ ਪੰਜਾਬ ਮੰਡੀ ਬੋਰਡ ਵਿੱਚ ਬਤੌਰ ਜੇ.ਈ. (ਸਿਵਲ) ਭਰਤੀ ਹੋਇਆ ਸੀ। 2007 ਵਿੱਚ ਪੰਜਾਬ 'ਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਗੱਠਜੋੜ ਸਰਕਾਰ ਬਣਨ ਤੋਂ ਬਾਅਦ ਉਸ 'ਤੇ ਸਰਕਾਰੀ ਮਿਹਰ' ਦੀ ਸ਼ੁਰੂਆਤ ਹੋਈ। ਤਤਕਾਲੀ ਸਰਕਾਰ ਵਲੋਂ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਗਮਾਡਾ ਦੇ ਮੁੱਖ ਇੰਜਨੀਅਰ ਦਾ ਚਾਰਜ ਉਸ ਨੂੰ ਦੇ ਦਿੱਤਾ ਗਿਆ। ਇਹ ਚਾਰਜ ਲੈਣ ਤੋਂ ਪਹਿਲਾਂ ਇੱਕ ਸਾਲ ਦੌਰਾਨ ਉਸ ਕੋਲ ਪੰਜਾਬ ਮੰਡੀ ਬੋਰਡ ਅਤੇ ਗਮਾਡਾ ਦੋਵੇਂ ਵਿਭਾਗਾਂ ਵਿੱਚ ਕਾਰਜਕਾਰੀ ਇੰਜਨੀਅਰ ਮੰਡੀ ਬੋਰਡ ਲੁਧਿਆਣਾ, ਮੰਡੀ ਬੋਰਡ ਐਸ.ਏ.ਐਸ. ਨਗਰ-2, ਮੰਡੀ ਬੋਰਡ ਜਲੰਧਰ, ਨਿਗਰਾਨ ਇੰਜਨੀਅਰ ਮੰਡੀ ਬੋਰਡ ਲੁਧਿਆਣਾ, ਨਿਗਰਾਨ ਇੰਜਨੀਅਰ ਮੰਡੀ ਬੋਰਡ ਐਸ.ਏ.ਐਸ. ਨਗਰ, ਕਾਰਜਕਾਰੀ ਇੰਜਨੀਅਰ ਗਮਾਡਾ, ਨਿਗਰਾਨ ਇੰਜਨੀਅਰ (ਸੀ-1) ਗਮਾਡਾ ਅਤੇ ਨਿਗਰਾਨ ਇੰਜਨੀਅਰ (ਸੀ-2) ਗਮਾਡਾ ਦੇ ਇੱਕੋ ਸਮੇਂ ਕੁੱਲ 8 ਚਾਰਜ/ਵਾਧੂ ਚਾਰਜ ਰਹੇ।

ਵਿਜੀਲੈਂਸ ਨੇ ਮੁੱਢਲੀ ਪੜਤਾਲ ਵਿੱਚ ਦਾਅਵਾ ਕੀਤਾ ਹੈ ਕਿ ਉਚ ਅਧਿਕਾਰੀਆਂ ਨਾਲ ਮਿਲੀਭੁਗਤ' ਹੋਣ ਕਰ ਕੇ ਗਮਾਡਾ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਅਤੇ ਪ੍ਰਾਈਵੇਟ ਠੇਕੇਦਾਰਾਂ 'ਤੇ ਉਸ ਦਾ ਕਾਫੀ ਪ੍ਰਭਾਵ ਸੀ।

ਵਿਜੀਲੈਂਸ ਮੁਖੀ ਬੀ.ਕੇ. ਉਪਲ ਨੇ ਦੱਸਿਆ ਕਿ ਸੁਰਿੰਦਰਪਾਲ ਸਿੰਘ ਨੇ ਗਮਾਡਾ ਵਿੱਚ ਤਾਇਨਾਤੀ ਦੌਰਾਨ ਐਸ.ਏ.ਐਸ. ਨਗਰ ਵਿੱਚ ਹੋ ਰਹੇ ਬਹੁ-ਕਰੋੜੀ ਵਿਕਾਸ ਕਾਰਜਾਂ ਵਿੱਚੋਂ ਖ਼ੁਦ ਨੂੰ ਨਾਜਾਇਜ਼ ਵਿੱਤੀ ਲਾਭ' ਪਹੁੰਚਾਉਣ ਲਈ ਮੈਸ: ਏਕ ਓਂਕਾਰ ਬਿਲਡਰਜ਼ ਤੇ ਕੰਟਰੈਕਟਰਜ਼ ਪ੍ਰਾਈਵੇਟ ਲਿਮਟਿਡ ਕੰਪਨੀ ਜਿਸ ਦੀ ਟੈਂਡਰ ਲਿਮਿਟ ਸਾਲ 2011 ਤੱਕ ਕੇਵਲ 5 ਕਰੋੜ ਰੁਪਏ ਹੀ ਸੀ, ਨੂੰ ਆਪਣੇ ਅਹੁਦੇ ਦੀ ਦੁਰਵਰਤੋਂ" ਕਰ ਕੇ ਗਮਾਡਾ ਅਤੇ ਪੰਜਾਬ ਮੰਡੀ ਬੋਰਡ ਦੇ ਜ਼ਿਆਦਾਤਰ ਸਰਕਾਰੀ ਕੰਮ ਅਲਾਟ ਕੀਤੇ।

ਵਿਜੀਲੈਂਸ ਮੁਖੀ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵਲੋਂ ਸਰਕਾਰੀ ਕੰਮਾਂ ਨੂੰ ਅਲਾਟ ਕਰਨ ਸਬੰਧੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਲਈ ਇੱਕ ਸਟੈਂਡਰਡ ਬਿਡ ਡਾਕੂਮੈਂਟ' ਪ੍ਰਵਾਨ ਕੀਤਾ ਗਿਆ ਪਰ ਸੁਰਿੰਦਰਪਾਲ ਸਿੰਘ ਨੇ ਸ਼ਰਤਾਂ ਵਿੱਚ ਬਦਲਾਅ ਕਰ ਕੇ ਗਮਾਡਾ ਦੇ ਟੈਂਡਰਾਂ ਵਿੱਚ ਤਬਦੀਲੀਆਂ' ਕੀਤੀਆਂ ਤਾਂ ਜੋ ਉਕਤ ਕੰਪਨੀ ਵੱਡੀ ਕੀਮਤ ਵਾਲੇ ਟੈਂਡਰ ਅਪਲਾਈ ਕਰਨ ਦੇ ਯੋਗ ਹੋ ਸਕੇ। ਇਸ ਅਧਿਕਾਰੀ ਨੇ ਇਸ ਕੰਪਨੀ ਨੂੰ ਨਿਗਰਾਨ ਇੰਜਨੀਅਰ ਮੰਡੀ ਬੋਰਡ, ਲੁਧਿਆਣਾ ਵੱਜੋਂ ਕਲਾਸ-1 ਠੇਕੇਦਾਰ ਵਜੋਂ 3 ਸਾਲ ਵਾਸਤੇ ਸੂਚੀਬੱਧ ਕੀਤਾ ਸੀ ਅਤੇ ਕੰਪਨੀ ਦੀ ਟੈਂਡਰ ਅਪਲਾਈ ਕਰਨ ਦੀ ਹੱਦ 5 ਕਰੋੜ ਰੁਪਏ ਤੈਅ ਕੀਤੀ ਸੀ।

ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਗਮਾਡਾ ਵਿੱਚ ਸਾਲ 2013 ਵਿੱਚ ਮੈਸ: ਐਸ.ਈ.ਸੀ. ਐੱਲ. ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਸੁਰਿੰਦਰਪਾਲ ਨੇ ਬਤੌਰ ਮੰਡਲ ਇੰਜਨੀਅਰ ਚੰਡੀਗੜ੍ਹ-ਖਰੜ ਰੋਡ 'ਤੇ ਜੰਕਸ਼ਨ 73/74 ਤੋਂ ਕੌਮੀ ਮਾਰਗ ਨੰਬਰ 21 ਤੱਕ 200 ਫੁੱਟ ਚੌੜੀ ਸੜਕ ਬਣਾਉਣ ਦਾ ਕੰਮ ਤਕਰੀਬਨ 645 ਕਰੋੜ ਰੁਪਏ ਵਿੱਚ ਅਲਾਟ ਕੀਤਾ ਤੇ ਇਹ ਕੰਮ 15 ਮਹੀਨਿਆਂ ਵਿੱਚ ਮੁਕੰਮਲ ਕੀਤਾ ਜਾਣਾ ਸੀ। ਉਨ੍ਹਾਂ ਦੱਸਿਆ ਕਿ ਸੁਰਿੰਦਰਪਾਲ ਨੇ ਏਕ ਓਂਕਾਰ ਬਿਲਡਰਜ਼ ਨੂੰ ਲਾਹਾ ਦੇਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ" ਕਰ ਕੇ ਐਸ.ਈ.ਸੀ.ਐਲ. ਕੰਪਨੀ ਦੇ ਅਧਿਕਾਰੀਆਂ ਨੂੰ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਉਕਤ ਕੰਮ ਵਿੱਚੋਂ ਕੁੱਲ 535 ਕਰੋੜ ਰੁਪਏ ਦਾ ਕੰਮ ਏਕ ਓਂਕਾਰ ਬਿਲਡਰਜ਼ ਨੂੰ ਅੱਗੇ ਦੇਣ। ਇਹ ਕੰਮ ਸਬ-ਕੰਟਰੈਕਟ ਤਹਿਤ ਕਰਨ ਸਬੰਧੀ ਪ੍ਰਵਾਨਗੀ ਵੀ ਸੁਰਿੰਦਰਪਾਲ ਵਲੋਂ ਬਤੌਰ ਮੰਡਲ ਇੰਜਨੀਅਰ ਦਿੱਤੀ ਗਈ।

ਵਿਜੀਲੈਂਸ ਮੁਤਾਬਕ ਐਸ.ਈ.ਸੀ.ਐਲ. ਕੰਪਨੀ ਵਲੋਂ ਏਕ ਓਂਕਾਰ ਬਿਲਡਰਜ਼ ਨੂੰ ਉਕਤ ਕੰਮ ਦੇਣ ਸਮੇਂ ਯੋਗਤਾ ਮਾਪਦੰਡ ਤੈਅ ਨਹੀਂ ਕੀਤੇ ਗਏ ਤੇ ਬਾਅਦ ਵਿੱਚ ਦੋਵੇਂ ਕੰਪਨੀਆਂ ਵਲੋਂ ਇਹ ਸਬ-ਕੰਟਰੈਕਟ 535 ਕਰੋੜ ਰੁਪਏ ਤੋਂ ਘਟਾ ਕੇ ਆਪਸੀ

ਬਾਕੀ ਸਫ਼ਾ 31 'ਤੇ

# ਵਿਰਾਸਤੀ ਸਕਰੀਨਾਂ 'ਤੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਲਾਜ਼ਮੀ ਕੀਤੇ ਜਾਣ ਦੀ ਨਹੀਂ ਸੀ ਕੋਈ ਸ਼ਰਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ ਲਾਈਆਂ ਵੱਡੀਆਂ ਸਕਰੀਨਾਂ 'ਤੇ ਗੁਰਬਾਣੀ ਕੀਰਤਨ ਦਿਖਾਉਣ ਦੀ ਥਾਂ ਇਸ਼ਤਿਹਾਰਬਾਜ਼ੀ ਕੀਤੇ ਜਾਣ 'ਤੇ ਪੈਦਾ ਹੋਏ ਵਿਵਾਦ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਸਬੰਧੀ ਹੋਏ ਸਮਝੌਤੇ ਵਿੱਚ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਲਾਜ਼ਮੀ ਕੀਤੇ ਜਾਣ ਜਾਂ ਸਾਰਾ ਦਿਨ ਦਿਖਾਏ ਜਾਣ ਬਾਰੇ ਕੋਈ ਸ਼ਰਤ ਨਹੀਂ ਰੱਖੀ ਗਈ। ਇਨ੍ਹਾਂ ਸਕਰੀਨਾਂ 'ਤੇ ਸ਼ਰਾਬ ਦੇ ਇਸ਼ਤਿਹਾਰ ਦਿਖਾਏ ਜਾਣ ਕਾਰਨ ਪੈਦਾ ਹੋਏ ਵਿਵਾਦ ਸਬੰਧੀ ਸ਼੍ਰੋਮਣੀ ਅਕਾਲੀ ਦਲ ਅਤੇ ਹਾਕਮ ਧਿਰ ਕਾਂਗਰਸ ਵਲੋਂ ਇੱਕ-ਦੂਜੇ 'ਤੇ ਦੋਸ਼ ਲਾਏ ਜਾ ਰਹੇ ਹਨ। ਇਨ੍ਹਾਂ ਐਲਈਡੀ ਸਕਰੀਨਾਂ ਸਬੰਧੀ ਅਕਾਲੀ-ਭਾਜਪਾ ਸਰਕਾਰ ਵੇਲੇ ਅੰਮ੍ਰਿਤਸਰ ਵਿਕਾਸ ਅਥਾਰਟੀ ਅਤੇ ਇੱਕ ਨਿੱਜੀ ਭਾਈਵਾਲ ਵਿਚਾਲੇ ਸਮਝੌਤਾ ਹੋਇਆ ਸੀ, ਜਿਸ ਤਹਿਤ ਜੈਪੁਰ ਦੀ ਐਨਐਸ ਪਬਲੀਸਿਟੀ ਇੰਡੀਆ ਕੰਪਨੀ ਵਲੋਂ ਇਸ ਪ੍ਰਾਜੈਕਟ 'ਤੇ ਦਸ ਕਰੋੜ ਰੁਪਏ ਖਰਚ ਕੀਤੇ ਗਏ ਅਤੇ ਵੱਡੀਆਂ ਸਕਰੀਨਾਂ ਲਾਈਆਂ ਗਈਆਂ। ਸਕਰੀਨਾਂ ਦਾ ਸਾਲਾਨਾ ਕਿਰਾਇਆ ਸਰਕਾਰ ਨੂੰ ਪੰਜ ਲੱਖ ਰੁਪਏ ਅਤੇ ਇਸ਼ਤਿਹਾਰਬਾਜ਼ੀ ਟੈਕਸ 46 ਲੱਖ ਰੁਪਏ ਪ੍ਰਤੀ ਸਾਲ ਦੇਣਾ ਤੈਅ ਹੋਇਆ ਸੀ। ਇਹ ਸਮਝੌਤਾ 15 ਸਾਲ ਲਈ ਕੀਤਾ ਗਿਆ ਹੈ, ਜਿਸ ਤਹਿਤ ਇਹ ਕੰਪਨੀ ਲਗਪਗ 90 ਮਿੰਟ ਸਰਕਾਰ ਦੀਆਂ ਮਸ਼ਹੂਰੀਆਂ ਵੀ ਦਿਖਾਵੇਗੀ। ਅਕਾਲੀ ਭਾਜਪਾ ਸਰਕਾਰ ਵੇਲੇ ਜਦੋਂ ਇਹ ਸਕਰੀਨਾਂ ਲਾਈਆਂ ਗਈਆਂ ਸਨ ਤਾਂ ਗੁਰਬਾਣੀ ਕੀਰਤਨ ਦਿਖਾਉਣਾ ਸ਼ੁਰੂ ਕੀਤਾ ਗਿਆ। ਜਦਕਿ ਸਕਰੀਨਾਂ ਸਬੰਧੀ ਸਮਝੌਤੇ ਵਿੱਚ ਸਕਰੀਨਾਂ 'ਤੇ ਦਿਖਾਈ ਜਾਣ ਵਾਲੀ ਸਮੱਗਰੀ ਬਾਰੇ ਕੁਝ ਵੀ ਤੈਅ ਨਹੀਂ ਹੈ। ਨਾਮ ਨਾ ਛਾਪਣ ਦੀ ਸ਼ਰਤ 'ਤੇ ਇੱਕ ਉਚ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਸਮਝੌਤੇ ਵਿੱਚ ਦਿਖਾਈ ਜਾਣ ਵਾਲੀ ਸਮੱਗਰੀ ਸਬੰਧੀ ਕੋਈ ਵੀ ਸ਼ਰਤ ਦਰਜ ਨਹੀਂ ਕੀਤੀ ਗਈ। ਇਹੀ ਕਾਰਨ ਹੈ ਕਿ ਸੱਤਾ ਬਦਲਣ ਮਗਰੋਂ ਸਕਰੀਨਾਂ ਦੇ ਨਿੱਜੀ ਭਾਈਵਾਲ ਵਲੋਂ

ਬਾਕੀ ਸਫ਼ਾ 31 'ਤੇ




ਵਿਰਾਸਤੀ ਮਾਰਗ 'ਤੇ ਲੱਗੀ ਐਲਈਡੀ ਸਕਰੀਨ।

## ਸਕਰੀਨਾਂ ਦੇ ਮਾਮਲੇ ਦੀ ਜਾਂਚ ਦੇ ਆਦੇਸ਼

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ ਸਥਾਪਤ ਕੀਤੀਆਂ ਗਈਆਂ ਐਲਈਡੀ ਸਕਰੀਨਾਂ 'ਤੇ ਗੁਰਬਾਣੀ ਦੇ ਕੀਰਤਨ ਦੀ ਥਾਂ ਇਤਰਾਜ਼ਯੋਗ ਮਸ਼ਹੂਰੀਆਂ ਦਿਖਾਏ ਜਾਣ ਦੇ ਹੋ ਰਹੇ ਵਿਰੋਧ ਕਾਰਨ ਸਰਕਾਰ ਦੀ ਹਦਾਇਤ 'ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਇਸ ਦੀ ਪੁਸ਼ਟੀ ਕਰਦਿਆਂ

ਬਾਕੀ ਸਫ਼ਾ 31 'ਤੇ

## ਪਿੰਡ ਗਾਜ਼ੀਕੋਟ ਦੇ ਗੁਰਦੁਆਰੇ 'ਚ 4 ਸਰੂਪ ਅਗਨ ਭੇਟ

**ਕਾਹਨੂੰਵਾਨ/ਬਿਊਰੋ ਨਿਊਜ਼ :** ਨੇੜਲੇ ਪਿੰਡ ਗਾਜ਼ੀਕੋਟ ਦੇ ਇੱਕ ਗੁਰਦੁਆਰੇ ਵਿੱਚ ਏ.ਸੀ. ਦੇ ਸ਼ਾਰਟ ਸਰਕਟ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਅੱਗ ਦੀ ਭੇਟ ਚੜ੍ਹ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਗਾਜ਼ੀਕੋਟ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸੁਖਆਸਣ ਵਾਲੇ ਕਮਰੇ ਵਿੱਚ ਚਾਰ ਪਾਵਨ ਸਰੂਪ ਪਏ ਸਨ। ਗੁਰਦੁਆਰੇ ਦੀ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ, ਗ੍ਰੰਥੀ ਬਲਵੰਤ ਸਿੰਘ ਨੇ ਦੱਸਿਆ ਕਿ 11 ਜੂਨ ਦੀ ਸ਼ਾਮ ਨੂੰ ਰਹਿਰਾਸ ਤੋਂ ਪਹਿਲਾਂ ਪਿੰਡ ਦੇ ਬੱਚਿਆਂ ਨੇ ਸੁਖਆਸਣ ਵਾਲੇ ਕਮਰੇ ਵਿਚੋਂ ਧੂੰਆਂ ਨਿਕਲਦਾ ਦੇਖਿਆ।

ਉਨ੍ਹਾਂ ਨੇ ਇਸ ਦੀ ਸੂਚਨਾ ਗੁਰਦੁਆਰੇ ਦੇ ਗ੍ਰੰਥੀ ਨੂੰ ਦਿੱਤੀ। ਮੌਕੇ 'ਤੇ ਪੁੱਜੇ ਪਿੰਡ ਵਾਸੀਆਂ ਦੇ ਦੇਖਦੇ ਹੀ ਦੇਖਦੇ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਅੱਗ ਦੀ ਭੇਟ ਚੜ੍ਹ ਗਏ। ਪਿੰਡ ਵਾਸੀਆਂ ਅਤੇ ਕਮੇਟੀ ਪ੍ਰਬੰਧਕਾਂ ਦੇ ਯਤਨਾਂ ਸਦਕਾ ਅੱਗ ਬੁਝਾਈ ਗਈ। ਗੁਰਦੁਆਰਾ ਕਮੇਟੀ ਨੇ ਘਟਨਾ ਬਾਰੇ ਸੂਚਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਦਿੱਤੀ।

ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ ਦੇ ਸ਼੍ਰੋਮਣੀ ਕਮੇਟੀ ਅਧਿਕਾਰੀ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਗਾਜ਼ੀਕੋਟ ਪੁੱਜੇ। ਇਸ ਜਥੇ ਨੇ ਧਾਰਮਿਕ ਮਰਿਆਦਾ ਨਾਲ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਸਤਿਕਾਰ ਸਹਿਤ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਸਕਾਰ ਲਈ ਭੇਜ ਦਿੱਤਾ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਗੁਰਦੁਆਰਾ ਬੁਰਜ ਸਾਹਿਬ ਤੋਂ ਭੇਜੀ ਟੀਮ ਨੇ ਉਨ੍ਹਾਂ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੰਗਤ ਨੂੰ ਸ਼ਰਧਾ ਦੇ ਨਾਲ-ਨਾਲ ਗੁਰਦੁਆਰਿਆਂ ਦੀ ਸੁਰੱਖਿਆ ਅਤੇ ਪਾਵਨ ਸਰੂਪਾਂ ਦੀ ਸਾਂਭ-ਸੰਭਾਲ ਦੀ ਮਰਿਆਦਾ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਦੁਖਦਾਈ ਘਟਨਾ ਹੈ।

# ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਸਜੇਗਾ ਨਗਰ ਕੀਰਤਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਦਿੱਲੀ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਤੱਕ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਿੱਤੀ। ਉਹ ਪਾਕਿਸਤਾਨ ਤੋਂ ਪਰਤੇ ਹਨ।

ਸ੍ਰੀ ਸਰਨਾ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਵਲੋਂ ਓਕਾਫ ਬੋਰਡ ਰਾਹੀਂ ਇਸ ਨਗਰ ਕੀਰਤਨ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਇਸ ਸਬੰਧੀ ਲੋੜੀਂਦਾ ਪੱਤਰ ਵੀ ਉਨ੍ਹਾਂ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲਗਭਗ ਛੇ ਮਹੀਨੇ ਪਹਿਲਾਂ ਉਨ੍ਹਾਂ ਨੇ ਪਾਕਿਸਤਾਨ ਓਕਾਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਸੀ ਕਿ ਪਹਿਲੇ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਸਜਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਪਾਕਿਸਤਾਨ ਸਰਕਾਰ ਨੇ ਪਹਿਲਾਂ ਹੀ ਪ੍ਰਵਾਨਗੀ ਦੇ ਦਿੱਤੀ ਸੀ ਪਰ ਰਸਮੀ ਤੌਰ 'ਤੇ ਇਸ ਸਬੰਧੀ ਪ੍ਰਵਾਨਗੀ ਪੱਤਰ ਹੁਣ ਸੌਂਪਿਆ ਗਿਆ ਹੈ। ਦਹਾਕਾ ਪਹਿਲਾਂ ਉਹ ਦਿੱਲੀ ਤੋਂ ਲਾਹੌਰ ਤੱਕ ਨਗਰ ਕੀਰਤਨ ਲੈ ਕੇ ਗਏ ਸਨ ਤੇ ਉਸੇ ਢੰਗ ਨਾਲ ਇਸ ਵਾਰ ਵੀ ਨਗਰ ਕੀਰਤਨ ਸਜਾਇਆ ਜਾਵੇਗਾ ਤੇ ਨਗਰ ਕੀਰਤਨ ਵਿੱਚ ਸੋਨੇ ਦੀ ਪਾਲਕੀ ਵੀ ਸ਼ਾਮਲ ਕੀਤੀ ਜਾਵੇਗੀ। ਇਸ ਮੌਕੇ ਲਗਭਗ ਦੋ ਹਜ਼ਾਰ ਤੋਂ ਵੱਧ ਸ਼ਰਧਾਲੂ ਪਾਕਿਸਤਾਨ ਜਾਣਗੇ, ਜਿੱਥੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਦੀ ਮੁੱਖ ਇਮਾਰਤ ਦੀ ਚੱਲ ਰਹੀ ਕਾਰ ਸੇਵਾ ਤਹਿਤ ਇਸ ਦੇ ਜ਼ਮੀਨਦੋਜ਼ ਹਿੱਸੇ 'ਤੇ ਲੈਂਟਰ ਪਾ ਦਿੱਤਾ ਗਿਆ ਹੈ। ਇਹ ਕਾਰ ਸੇਵਾ ਦਿੱਲੀ ਅਕਾਲੀ ਦਲ ਨੂੰ ਸੌਂਪੀ ਗਈ ਸੀ ਤੇ ਬਾਬਾ ਜਗਤਾਰ ਸਿੰਘ ਰਾਹੀਂ ਇਹ ਸੇਵਾ ਚੱਲ ਰਹੀ ਹੈ। ਆਸ ਹੈ ਕਿ 20



ਪਾਕਿਸਤਾਨ ਤੋਂ ਪਰਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਮੀਡੀਆ ਨਾਲ ਗੱਲਬਾਤ ਕਰਦੇ ਹੋਏ।

18 ਵਿੱਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਨਵੀਂ ਇਮਾਰਤ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ। ਇਸ ਉਸਾਰੀ ਦੌਰਾਨ ਪੁਰਾਤਨ ਇਮਾਰਤ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ।

80 ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਜਾਣ ਤੋਂ ਰੋਕਣ 'ਤੇ ਇਤਰਾਜ਼ ਕਰਦਿਆਂ ਉਨ੍ਹਾਂ ਆਖਿਆ ਕਿ ਇਨ੍ਹਾਂ ਸ਼ਰਧਾਲੂਆਂ ਨੂੰ ਜਾਣਬੁੱਝ ਕੇ ਪਾਕਿਸਤਾਨ ਜਾਣ ਤੋਂ ਰੋਕਿਆ ਗਿਆ। ਵੀਜ਼ੇ ਵਿੱਚ ਪਾਕਿਸਤਾਨ ਜਾਣ ਲਈ ਰੇਲ ਮਾਰਗ ਦਾ ਜ਼ਿਕਰ ਵੀ ਕੀਤਾ ਗਿਆ ਸੀ। ਸਰਹੱਦ ਪਾਰ ਵਾਹਗਾ ਰੇਲਵੇ ਸਟੇਸ਼ਨ 'ਤੇ ਓਕਾਫ ਬੋਰਡ ਅਤੇ ਪੀਜੀਪੀਸੀ ਦੇ ਆਗੂ ਸ਼ਰਧਾਲੂਆਂ ਦੇ ਸਵਾਗਤ ਲਈ ਪੁੱਜੇ ਹੋਏ ਸਨ। ਇਹ ਸਭ ਕੁਝ ਸਿਆਸੀ ਪ੍ਰਭਾਵ ਕਾਰਨ ਹੋਇਆ ਹੈ ਕਿਉਂਕਿ ਪਾਕਿਸਤਾਨ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਪ੍ਰਾਪਤ ਹੈ।

# ਪਾਣੀਪਤ ਗੁਰਦੁਆਰਾ ਹਾਦਸੇ ਦੇ ਮ੍ਰਿਤਕਾਂ ਦੀ ਗਿਣਤੀ 4 ਹੋਈ

**ਪਾਣੀਪਤ/ਬਿਊਰੋ ਨਿਊਜ਼ :** ਇੱਥੋਂ ਦੇ ਜੀਟੀ ਰੋਡ ਸਥਿਤ ਗੁਰਦੁਆਰਾ ਗੁਰੂ ਸਿੰਘ ਸਭਾ ਪਹਿਲੀ ਪਾਤਸ਼ਾਹੀ 'ਚ ਗੁੰਬਦ ਡਿੱਗਣ ਕਾਰਨ ਵਾਪਰੇ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ ਚਾਰ ਹੋ ਗਈ ਹੈ। ਐਨਡੀਆਰਐਫ ਤੇ ਐਸਡੀਆਰਐਫ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਘਟਨਾ ਤੋਂ 27 ਘੰਟੇ ਮਗਰੋਂ ਤਿੰਨ ਮਜ਼ਦੂਰਾਂ ਦੀਆਂ ਲਾਸ਼ਾਂ ਮਲਬੇ ਹੇਠੋਂ ਕੱਢੀਆਂ ਹਨ। ਅਜੇ ਦੋ ਹੋਰ ਵਿਅਕਤੀ ਲਾਪਤਾ ਦੱਸੇ ਗਏ ਹਨ। ਹਰਿਆਣਾ ਦੇ ਮੁੱਖ ਮੰਤਰੀ ਨੇ ਮੌਕੇ ਦਾ ਦੌਰਾ ਕਰਕੇ ਮ੍ਰਿਤਕਾਂ ਦੇ ਵਾਰਸਾਂ ਲਈ ਮੁਆਵਜ਼ੇ ਦਾ ਐਲਾਨ ਕੀਤਾ ਹੈ।



ਇਸੇ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮੌਕੇ ਦਾ ਦੌਰਾ ਕਰਕੇ ਘਟਨਾ 'ਤੇ ਦੁਖ ਪ੍ਰਗਟਾਇਆ। ਉਨ੍ਹਾਂ ਇਸ ਘਟਨਾ 'ਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 5-5 ਲੱਖ ਅਤੇ ਗੰਭੀਰ ਜ਼ਖ਼ਮੀਆਂ ਨੂੰ 2-2 ਲੱਖ ਤੇ ਘੱਟ ਗੰਭੀਰ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਹਾਦਸੇ ਦੀ ਜਾਂਚ ਲਈ ਐਸਡੀਐਮ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਉਣ ਦਾ ਵੀ ਨਿਰਦੇਸ਼ ਦਿੱਤਾ। ਹਰਿਆਣਾ ਪ੍ਰਦੇਸ਼ ਕਾਂਗਰਸ ਪ੍ਰਧਾਨ ਅਸ਼ੋਕ ਤੰਵਰ ਨੇ ਪਾਰਟੀ ਆਗੂਆਂ ਨਾਲ ਤੇ ਜਨਤਾ ਅਕਾਲੀ ਦਲ ਦੇ ਆਗੂ ਜਗਦੀਸ਼ ਝੀਂਡਾ ਨੇ ਮੌਕੇ 'ਤੇ ਪਹੁੰਚ ਕੇ ਘਟਨਾ 'ਤੇ ਦੁਖ ਜ਼ਾਹਰ ਕੀਤਾ।

# ਕਿਸਾਨਾਂ ਦਾ ਕਰਜ਼ਾ ਮੁਆਫ਼ ਨਾ ਹੋਣ ਦਾ ਅਸਲੀ ਗੁਨਾਹਗਾਰ ਮਨਪ੍ਰੀਤ ਬਾਦਲ : ਸੁਖਬੀਰ ਬਾਦਲ

### *ਪੈਸੇ ਦੀ ਕਮੀ ਬਾਰੇ ਮਨਪ੍ਰੀਤ ਬਾਦਲ ਦੇ ਦਾਅਵਿਆਂ ਨੂੰ ਦੱਸਿਆ ਬਹਾਨਾ*

**ਲੁਧਿਆਣਾ/ਬਿਊਰੋ ਨਿਊਜ਼ :** ਇੱਥੇ ਕਾਂਗਰਸ ਸਰਕਾਰ ਖ਼ਿਲਾਫ਼ ਲਾਏ ਧਰਨੇ ਵਿੱਚ ਸ਼ਾਮਲ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਸਰਕਾਰ ਕਿਸਾਨਾਂ ਦੀ ਕਰਜ਼ਾ ਮੁਆਫ਼ੀ, ਹਰ ਘਰ ਵਿੱਚ ਨੌਕਰੀ ਅਤੇ ਸਮਾਜ ਭਲਾਈ ਦੇ ਲਾਭਾਂ ਨੂੰ ਦੁੱਗਣਾ ਕਰਨ ਦੇ ਵਾਅਦਿਆਂ ਤੋਂ ਪੱਲਾ ਝਾੜ ਚੁੱਕੀ ਹੈ। ਧਰਨੇ ਤੋਂ ਬਾਅਦ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ ਦੇ ਘਰ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਕਰਜ਼ਾ ਮੁਆਫ਼ੀ ਲਈ ਸਰਕਾਰ ਡਰਾਮੇਬਾਜ਼ੀ ਕਰ ਰਹੀ ਹੈ। ਇਸ ਬਾਰੇ ਕੋਈ ਕਮੇਟੀ ਬਣਾਉਣ ਦੀ ਲੋੜ ਨਹੀਂ ਸੀ। ਉਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰ ਚੁੱਕੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਵੀ ਇਸ ਤਰ੍ਹਾਂ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ਼ ਨਾ ਹੋਣ ਦਾ ਅਸਲੀ ਗੁਨਾਹਗਾਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਹੈ।

ਸ੍ਰੀ ਸੁਖਬੀਰ ਬਾਦਲ ਨੇ ਕਿਹਾ ਕਿ ਮਨਪ੍ਰੀਤ ਨੇ ਹੀ ਕਾਂਗਰਸ ਦਾ ਚੋਣ ਮੈਨੀਫੈਸਟੋ ਤਿਆਰ ਕੀਤਾ ਸੀ। ਮਨਪ੍ਰੀਤ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਜਾਣਦਾ ਹੈ ਕਿ ਉਸ ਨੇ ਕਰਜ਼ਾ ਮੁਆਫ਼ੀ ਲਈ ਪੈਸਾ ਕਿੱਥੋਂ ਕੱਢਣਾ ਹੈ। ਹੁਣ ਉਹ ਪੈਸੇ ਦੀ ਕਮੀ ਦੇ ਬਹਾਨੇ ਨਹੀਂ ਘੜ ਸਕਦਾ। ਉਹ ਸੂਬੇ ਦੀ ਵਿੱਤੀ ਹਾਲਤ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਉਹ ਚਾਰ ਸਾਲ ਵਿੱਤ ਮੰਤਰੀ ਰਿਹਾ ਹੈ।

ਇਸ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਨੂੰ ਸਹੀ ਠਹਿਰਾਉਣਾ ਸਰਕਾਰ ਦੀ ਨਾਕਾਮੀ ਹੈ, ਜਿਸ ਲਈ ਕੈਪਟਨ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਰਾਣਾ ਗੁਰਜੀਤ ਨੂੰ ਮੰਤਰੀ ਦਾ ਅਹੁਦਾ ਛੱਡਣ ਲਈ ਮਜਬੂਰ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਘੁਟਾਲੇ ਲਈ ਰਾਣਾ ਗੁਰਜੀਤ ਨੂੰ ਅਸਤੀਫ਼ਾ ਦੇਣਾ ਪਵੇਗਾ।



ਲੁਧਿਆਣਾ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

# ਨਸ਼ਾ ਤਸਕਰਾਂ ਤੇ ਗੈਂਗਸਟਰਾਂ ਨੂੰ ਫੜਨ ਵਾਲਾ ਇੰਸਪੈਕਟਰ ਇੰਦਰਜੀਤ ਗ੍ਰਿਫ਼ਤਾਰ

**ਐਸ.ਏ.ਐਸ. ਨਗਰ/ਬਿਊਰੋ ਨਿਊਜ਼** :ਪੰਜਾਬ ਪੁਲਿਸ ਦੀ ਵਿਸ਼ੇਸ਼ ਟਾਸਕ ਫੋਰਸ ਨੇ ਸਰਹੱਦੀ ਜ਼ਿਲ੍ਹਾ ਤਰਨ ਤਾਰਨ ’ਚ ਨਸ਼ਾ ਤਸਕਰਾਂ ਦੀ ਮਦਦ ਕਰਨ ਦੇ ਦੋਸ਼ ਹੇਠ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਜੋ ਆਪਣੇ ਸਹਿਯੋਗੀਆਂ ਰਾਹੀਂ ਤਸਕਰੀ ਵੀ ਕਰਵਾਉਂਦਾ ਰਿਹਾ। ਇੰਸਪੈਕਟਰ ਇੰਦਰਜੀਤ ਸਿੰਘ ਨੂੰ ਮੁਹਾਲੀ ਦੀ ਅਦਾਲਤ ’ਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ 7 ਦਿਨ ਦੇ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ।

ਛਾਪੇਮਾਰੀ ਦੌਰਾਨ ਇੰਸਪੈਕਟਰ ਦੀ ਰਿਹਾਇਸ਼ ਤੋਂ ਵੱਖ-ਵੱਖ ਬੋਰ ਦੇ ਕਾਫੀ ਮਾਤਰਾ ’ਚ ਕਾਰਤੂਸ, 9 ਐਮ.ਐਮ. ਦਾ ਇਕ ਗੈਰ-ਕਾਨੂੰਨੀ ਪਿਸਤੌਲ, 16.50 ਲੱਖ ਰੁਪਏ ਨਕਦ ਤੇ 3550 ਪੌਂਡ ਬਰਾਮਦ ਹੋਏ ਹਨ। ਗ੍ਰਿਫ਼ਤਾਰੀ ਉਪਰੰਤ ਕੀਤੀ ਪੁੱਛ-ਪੜਤਾਲ ਪਿੱਛੋਂ ਉਸ ਦੀ ਫਗਵਾੜਾ ਸਥਿਤ ਸਰਕਾਰੀ ਰਿਹਾਇਸ਼ ਤੋਂ 4 ਕਿੱਲੋ ਹੈਰੋਇਨ ਤੇ 3 ਕਿੱਲੋ ਸਮੈਕ ਵੀ ਬਰਾਮਦ ਹੋਈ ਹੈ ਅਤੇ ਇਸ ਦੇ ਆਧਾਰ ’ਤੇ ਦਰਜ ਮੁਕੱਦਮੇ



’ਚ ਐਨ.ਡੀ.ਪੀ.ਐਸ. ਕਾਨੂੰਨ ਦੀ ਧਾਰਾ 22, 61, 85 ਸਮੇਤ ਅਸਲਾ ਕਾਨੂੰਨ ਦੀ ਧਾਰਾ 25, 54, 59 ਵੀ ਜੋੜ ਦਿੱਤੀ ਗਈ ਹੈ। ਐਸ.ਟੀ.ਐਫ. ਨੂੰ ਭਰੋਸੇਯੋਗ ਸੂਤਰਾਂ ਤੋਂ ਰਿਪੋਰਟ ਮਿਲੀ ਸੀ ਕਿ ਤਰਨ ਤਾਰਨ ਵਿਖੇ ਲੰਮਾਂ ਸਮਾਂ ਤਾਇਨਾਤ ਰਿਹਾ ਇੰਸਪੈਕਟਰ ਇੰਦਰਜੀਤ ਸਿੰਘ ਕੁਝ ਤਸਕਰਾਂ ਦੀ ਮਦਦ ਕਰਦਾ ਆ ਰਿਹਾ ਹੈ। ਉਹ ਅੱਜ-ਕੱਲ੍ਹ ਫਿਰੋਜ਼ਪੁਰ ਰੇਂਜ ਵਿਖੇ ਬਦਲੀ ਅਧੀਨ ਤਾਇਨਾਤ ਸੀ। ਉਨ੍ਹਾਂ ਦੱਸਿਆ ਕਿ ਸਾਲ 2013 ਅਤੇ 2014 ਦੌਰਾਨ ਆਪਣੇ ਅਧੀਨ ਆਉਂਦੇ ਖੇਤਰ ’ਚ ਉਹ ਤਸਕਰਾਂ ਦੀ ਮਦਦ ਕਰਨ ਤੋਂ ਇਲਾਵਾ ਉਹ ਆਪ ਵੀ ਆਪਣੇ ਸਹਿਯੋਗੀਆਂ ਨਾਲ ਤਸਕਰੀ ਕਰਨ ’ਚ ਸ਼ਾਮਿਲ ਸੀ। ਆਪਣੀ ਤਾਇਨਾਤੀ ਦੌਰਾਨ ਦੋਸ਼ੀ ਇੰਦਰਜੀਤ ਸਿੰਘ ਨੇ ਨਸ਼ਿਆਂ ਦੀ ਬਰਾਮਦਗੀ ਕੀਤੀ ਅਤੇ ਦੋਸ਼ੀ ਤਸਕਰਾਂ ਤੋਂ ਪੁੱਛ-ਗਿੱਛ ਵੇਲੇ ਪੈਸੇ ਹੜੱਪਣ ਦੇ ਉਦੇਸ਼ ਨਾਲ ਤਫਤੀਸ਼ ’ਚ ਢਿੱਲ ਵਰਤ ਕੇ ਉਨ੍ਹਾਂ ਨੂੰ ਰਿਹਾਅ ਕਰਵਾਉਣ ’ਚ ਮਦਦ ਕੀਤੀ। ਐਸ.ਟੀ.ਐਫ. ਪਿਛਲੇ ਪੰਜ ਸਾਲਾਂ ਦੌਰਾਨ ਅਦਾਲਤਾਂ ਵਲੋਂ ਬਰੀ ਕੀਤੇ ਨਾਮੀ ਸਮਗਲਰਾਂ ਦੇ ਕੇਸਾਂ ਦੀ ਪਹਿਲਾਂ ਹੀ ਪੜਤਾਲ ਕਰ ਰਹੀ ਸੀ, ਖਾਸ ਕਰਕੇ ਜਿਨ੍ਹਾਂ ’ਚ ਵੱਡੀ ਮਾਤਰਾ ਵਿਚ ਡਰੱਗ ਬਰਾਮਦ ਹੋਈ ਸੀ। ਤਰਨ ਤਾਰਨ ਜ਼ਿਲ੍ਹੇ ਵਿਚ ਦਰਜ ਤਿੰਨ ਮੁਕੱਦਮਿਆਂ ਵਿਚ ਅਦਾਲਤਾਂ ਨੇ ਇਸ ਆਧਾਰ

**ਬਾਕੀ ਸਫ਼ਾ 32 ’ਤੇ**

## ਇੰਸਪੈਕਟਰ ਇੰਦਰਜੀਤ ਦੀ ਕਾਰਗੁਜ਼ਾਰੀ ’ਤੇ ਉਠਦੇ ਰਹੇ ਨੇ ਸਵਾਲ

ਜਲੰਧਰ : ਅਸਲੇ ਤੇ ਨਸ਼ੀਲੇ ਪਦਾਰਥਾਂ ਸਮੇਤ ਫੜੇ ਗਏ ਇੰਸਪੈਕਟਰ ਇੰਦਰਜੀਤ ਸਿੰਘ ਦੀ ਭੂਮਿਕਾ ਬੀਤੇ ਲੰਮੇ ਸਮੇਂ ਤੋਂ ਵਿਵਾਦਾਂ ਵਿੱਚ ਘਿਰਦੀ ਰਹੀ ਹੈ। ਮਹਿਤਪੁਰ ਵਿੱਚ 30 ਜਨਵਰੀ 2011 ਦੀ ਰਾਤ ਨੂੰ ਜਦੋਂ ਪੁਲੀਸ ਮੁਕਾਬਲੇ ਵਿੱਚ ਦੋ ਅਪਰਾਧੀ’ ਮਾਰ ਗਏ ਸਨ ਤਾਂ ਉਦੋਂ ਐਸ.ਐਸ.ਪੀ. ਅਸ਼ੀਸ਼ ਚੌਧਰੀ ਨੇ ਦਾਅਵਾ ਕੀਤਾ ਸੀ ਕਿ ਇਸ ਮੁਕਾਬਲੇ ਵਿੱਚ ਟੀਮ ਦੀ ਅਗਵਾਈ ਕਰ ਰਹੇ ਸੀ.ਆਈ.ਏ. ਸਟਾਫ਼ ਦੇ ਇੰਸਪੈਕਟਰ ਇੰਦਰਜੀਤ ਸਿੰਘ ਦੀ ਪੱਗ ਕੋਲੋਂ ਗੋਲੀ ਲੰਘੀ ਸੀ ਪਰ ਮੁਕਾਬਲੇ ਵਿੱਚ ਮਾਰੇ ਗਏ ਭਿੰਦਾ ਸ਼ਾਦੀਪੁਰੀਆ ਤੇ ਰੂਬੀ ਦੇ ਮਾਪਿਆਂ ਨੇ ਇੰਦਰਜੀਤ ਸਿੰਘ ਦੀ ਭੂਮਿਕਾ ’ਤੇ ਸਵਾਲ ਉਠਾਏ ਸਨ। ਇੰਸਪੈਕਟਰ ਇੰਦਰਜੀਤ ਸਿੰਘ ਜਿਹੜੇ ਵੀ ਥਾਣੇ ਵਿੱਚ ਰਿਹਾ ਉਸ ਦੀ ਭੂਮਿਕਾ ਸ਼ੱਕੀ ਹੀ ਰਹੀ ਹੈ। ਇੰਦਰਜੀਤ ਸਿੰਘ ਕਰਤਾਰਪੁਰ, ਗੁਰਾਇਆ, ਫਗਵਾੜਾ, ਰਾਵਲਪਿੰਡੀ ਥਾਣਿਆਂ ਵਿੱਚ ਤਾਇਨਾਤ ਰਿਹਾ ਹੈ। ਇਹ ਗੱਲ ਮਸ਼ਹੂਰ ਸੀ ਕਿ ਜਿਸ ਥਾਣੇ ਵਿੱਚ ਇੰਦਰਜੀਤ ਲੱਗ ਜਾਂਦਾ ਸੀ ਉਸ ਥਾਣੇ ਵਿੱਚ ਨਸ਼ਿਆਂ ਅਤੇ ਅਸਲੇ ਦੀ ਬਰਾਮਦਗੀ ਵੱਧ ਜਾਂਦੀ ਸੀ। ਪ੍ਰੈੱਸ ਕਾਨਫ਼ਰੰਸਾਂ ਦੌਰਾਨ ਅਜਿਹੇ ਸਵਾਲਾਂ ਦੇ ਜਵਾਬ ਵੱਡੇ ਅਫਸਰਾਂ ਨੂੰ ਦੇਣੇ ਔਖੇ ਹੋ ਜਾਂਦੇ ਸਨ। ਅਕਾਲੀ-ਭਾਜਪਾ ਸਰਕਾਰ ਦੌਰਾਨ ਸਭ ਤੋਂ ਵੱਧ ਚਰਚਾ ਵਿੱਚ ਮੁੱਦਾ ਸਿੰਥੈਟਿਕ ਡਰੱਗ ਦਾ ਰਿਹਾ ਸੀ। ਪੰਜਾਬ ਵਿੱਚ ਜਦੋਂ 2 ਜੂਨ 2012 ਨੂੰ ਪਹਿਲੀ ਵਾਰ 200 ਕਰੋੜ ਦੀ ਹੈਰੋਇਨ ਫੜੀ ਗਈ ਸੀ ਉਦੋਂ ਵੀ ਇੰਸਪੈਕਟਰ ਇੰਦਰਜੀਤ ਸਿੰਘ ਦੀ ਹਾਜ਼ਰੀ ਚਰਚਾ ਵਿੱਚ ਰਹੀ ਸੀ। ਉਦੋਂ ਇੰਦਰਜੀਤ ਸਿੰਘ ਥਾਣਾ ਕਰਤਾਰਪੁਰ ਵਿੱਚ ਐਸ.ਐਚ.ਓ. ਸੀ। ਇਸ ਦੇ ਬਾਵਜੂਦ ਇੰਦਰਜੀਤ ਸਿੰਥੈਟਿਕ ਡਰੱਗ ਬਰਾਮਦ ਕਰਨ ਵਾਲੀ ਟੀਮ ਦਾ ਹਿੱਸਾ ਸੀ। ਜਦੋਂ ਉਹ ਰਾਵਲਪਿੰਡੀ ਥਾਣੇ ਵਿੱਚ ਤਾਇਨਾਤ ਸੀ ਤਾਂ ਭੁੱਲਥ ਤੋਂ ਬੰਦੇ ਚੁੱਕਣ ਦਾ ਮਾਮਲਾ ਵੀ ਚਰਚਾ ਵਿੱਚ ਰਿਹਾ ਸੀ। ਤਰਨਤਾਰਨ ਵਿੱਚ ਦਰਜ ਐਫ.ਆਈ.ਆਰਜ਼ ਮੁਤਾਬਕ ਇੰਦਰਜੀਤ ਸਿੰਘ ਨੇ ਸਰਹਾਲੀ ਥਾਣੇ ਵਿੱਚ ਹੁੰਦਿਆਂ 14 ਅਗਸਤ 2013 ਨੂੰ ਪਾਕਿਸਤਾਨ ਤੋਂ ਆਈ ਹੈਰੋਇਨ ਦੀ ਬਰਾਮਦਗੀ ਦਿਖਾਈ ਸੀ। ਇਸੇ ਤਰ੍ਹਾਂ 4 ਜੁਲਾਈ 2013 ਨੂੰ ਰਾਜਸਥਾਨ ਤੋਂ ਟਰੱਕਾਂ ਰਾਹੀਂ ਲਿਆਂਦੇ ਡੋਡੇ ਵੀ ਇੰਦਰਜੀਤ ਸਿੰਘ ਦੀ ਅਗਵਾਈ ਵਿੱਚ ਫੜੇ ਗਏ ਸਨ।

# ਸਿੱਖ ਨੌਜਵਾਨਾਂ ਨੂੰ ਮਾਰ ਮੁਕਾਉਣ ਲਈ ਅਪਣਾਏ ਗਏ ਕੈਟ ਸਿਸਟਮ ਦਾ ਹਿੱਸਾ ਰਿਹੈ ਇੰਦਰਜੀਤ ਸਿੰਘ ?

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:**

ਪੰਜਾਬ ਸਰਕਾਰ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ) ਵਲੋਂ ਗ੍ਰਿਫਤਾਰ ਕੀਤਾ ਗਿਆ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਉਹ ਕੰਡਿਆਲੀ ਥੋਹਰ ਹੈ ਜਿਸਨੂੰ ਪੁਲਿਸ ਨੇ ਸਰਗਰਮ ਜੁਝਾਰੂ ਨੌਜਵਾਨਾਂ ਨੂੰ ਖਤਮ ਕਰਨ ਲਈ ਕਦੇ ਖੁੱਦ ਸਿੰਜਿਆ ਸੀ। ਆਖਿਰ ਪੁਲਿਸ ਦੇ ਇਸ ਨੂੰ ਗ੍ਰਿਫਤਾਰ ਕਿਉਂ ਕੀਤਾ ਇਹ ਸਵਾਲ ਪੰਜਾਬ ਵਾਸੀਆਂ ਖਾਸ ਕਰਕੇ ਇੰਦਰਜੀਤ ਇੰਸਪੈਕਟਰ ਦੇ ਜਾਣਕਾਰਾਂ ਲਈ ਹੈਰਾਨ ਕਰਨ ਵਾਲਾ ਹੈ।

ਇੰਦਰਜੀਤ ਸਿੰਘ ਦੀ ਅੰਮ੍ਰਿਤਸਰ ਨਾਲ ਸਾਂਝ ਦੀ ਗੱਲ ਕੀਤੀ ਜਾਏ ਤਾਂ ਉਹ ਦਰਬਾਰ ਸਾਹਿਬ ਦੇ ਨਾਲ ਲਗਦੇ ਬਾਬਾ ਸਾਹਿਬ ਚੌਂਕ ਦੀ ਗਲੀ ਪੰਜਾਬ ਦੇ ਵਸਨੀਕ ਰਹੇ ਕਰਤਾਰ ਸਿੰਘ ਦੇ ਪੰਜ ਪੁੱਤਰਾਂ ’ਚੋਂ ਇੱਕ ਹੈ। ਉਸਦਾ ਇਕ ਭਰਾ ਸੰਸਾਰ ਤੋਂ ਚਲਾਣਾ ਕਰ ਚੁੱਕਾ ਹੈ, ਦੂਸਰਾ ਸ਼ੈਲਰ ਵਿੱਚ ਕੰਮ ਕਰਕੇ ਬੱਚੇ ਪਾਲ ਰਿਹਾ ਹੈ, ਤੀਸਰਾ ਅਕਾਲੀ ਦਲ (ਬਾਦਲ) ਨਾਲ ਸਬੰਧਤ ਨਗਰ ਨਿਗਮ ਕੌਂਸਲਰ ਹੈ ਤੇ ਚੌਥਾ ਚਾਰ ਦੀਵਾਰੀ ਵਾਲੇ ਸ਼ਹਿਰ ਅੰਦਰ ਮੌਜੂਦ ਹੋਟਲਾਂ ਦੀ ਐਸੋਸੀਏਸ਼ਨ ਦਾ ਅਧਿਕਾਰੀ। ਇੰਦਰਜੀਤ ਸਿੰਘ ਉਸ ਵੇਲੇ ਪੰਜਾਬ ਪੁਲਿਸ ਵਿੱਚ ਭਰਤੀ ਹੁੰਦਾ ਹੈ ਜਦੋਂ ਦਰਬਾਰ ਸਾਹਿਬ ਦੇ ਚੌਗਿਰਦੇ ਵਿੱਚੋਂ ਗੁਜਰਨ ਵਾਲੇ ਸਿੱਖ ਸੰਘਰਸ਼ ਨਾਲ ਜੁੜੇ ਸਿੰਘਾਂ ਤੇ ਹੀ ਨਿਗਾਹ ਰੱਖਣ ਲਈ ਪੰਜਾਬ ਪੁਲਿਸ ਦੇ ਇੱਕ ਦਰਜਨ ਦੇ ਕਰੀਬ ਕੈਟ, ਗੁਰੂ ਰਾਮਦਾਸ ਸਰਾਂ ਵਾਲੀ ਬਾਹੀ ਤੋਂ ਲੈਕੇ ਬਾਬਾ ਸਾਹਿਬ ਚੌਕ, ਆਟਾ ਮੰਡੀ, ਗੁਰੂ ਬਾਜ਼ਾਰ ਖੇਤਰ ਵਿੱਚ ਸ਼ਰੇਆਮ ਵਿਚਰਦੇ ਸਨ। ਉਸਦੀ ਨੇੜਤਾ ਬਦਨਾਮ ਪੁਲਿਸ ਕੈਟ ਸੰਤੋਖ ਸਿੰਘ ਕਾਲਾ ਨਾਲ ਵੀ ਦੱਸੀ ਜਾਂਦੀ ਹੈ। ਉਸਦਾ ਆਪਣਾ ਭਰਾ ਵੀ ਖਾੜਕੂਆਂ ਨਾਲ ਨੇੜਤਾ ਰੱਖਦਾ ਸੀ ਪ੍ਰੰਤੂ ਉਸਨੂੰ ਕਿਸੇ ਨੇ ਕਦੇ ਕੁਝ ਨਹੀ ਕਿਹਾ। ਉਸਦੇ ਇੱਕ ਹੋਰ ਜਾਣਕਾਰ ਦਾ ਕਹਿਣਾ ਹੈ ਕਿ ਇੰਦਰਜੀਤ ਦਾ 1990-92 ਵਿੱਚ ਵੀ ਦਬਕਾ ਕੋਈ ਸਾਧਾਰਣ ਸਿਪਾਹੀ ਵਾਲਾ ਨਹੀਂ ਬਲਕਿ ਵੱਡੇ ਪੁਲਿਸ ਮੁਲਾਜ਼ਮ ਵਾਲਾ ਸੀ।

“ਸਿੱਖ ਸਿਆਸਤ” ਦੀ ਰਿਪੋਰਟ ਅਨੁਸਾਰ ਇੰਦਰਜੀਤ ਸਿੰਘ ਦੀ ਸਪੈਸ਼ਲ ਟਾਸਕ ਫੋਰਸ ਦੁਆਰਾ ਗ੍ਰਿਫਤਾਰੀ ਭਾਵੇਂ ਇਸੇ ਹਫ਼ਤੇ ਦਰਸਾਈ ਗਈ ਹੈ ਪ੍ਰੰਤੂ ਨਸ਼ਾ ਸਮਗਲਿੰਗ ਨਾਲ ਜੁੜੇ

**ਬਾਕੀ ਸਫ਼ਾ 32 ’ਤੇ**

## ਇੰਦਰਜੀਤ ਦੀ ਗ੍ਰਿਫ਼ਤਾਰੀ ਤੋਂ ਭਿੰਦੇ ਦੀ ਮਾਂ ਨੂੰ ਤਸੱਲੀ

**ਜਲੰਧਰ:** ਸਾਢੇ ਛੇ ਸਾਲ ਪਹਿਲਾਂ ਇੰਸਪੈਕਟਰ ਇੰਦਰਜੀਤ ਸਿੰਘ ਵੱਲੋਂ ਪੁਲੀਸ ਮੁਕਾਬਲੇ ਵਿੱਚ ਆਪਣਾ ਪੁੱਤ ਗੁਆ ਚੁੱਕੀ ਮਾਂ ਦਾ ਕਹਿਣਾ ਸੀ ਕਿ ਹੁਣ ਉਸ ਨੂੰ ਕੁਝ ਸਕੂਨ ਮਿਲਿਆ ਹੈ। ਨੂਰ ਮਹਿਲ ਨੇੜਲੇ ਸ਼ਾਦੀਪੁਰ ਪਿੰਡ ਨਾਲ ਸਬੰਧਤ ਰਵਿੰਦਰ ਕੌਰ ਨੇ ਕਿਹਾ ਕਿ ਇੰਦਰਜੀਤ ਸਿੰਘ ਤੇ ਉਸ ਨਾਲ ਆਈ ਪੁਲੀਸ ਪਾਰਟੀ ਨੇ ਪੁਲੀਸ ਮੁਕਾਬਲੇ ਦੇ ਨਾਮ ’ਤੇ ਉਸ ਦੇ ਪੁੱਤ ਭਿੰਦੇ ਨੂੰ ਮਾਰ ਮੁਕਾਇਆ ਸੀ। ਇੰਸਪੈਕਟਰ ਇੰਦਰਜੀਤ ਸਿੰਘ ਨੇ ਰਵਿੰਦਰ ਕੌਰ ਦੇ ਪੁੱਤਰ ਭਿੰਦਾ ਸ਼ਾਦੀਪੁਰੀਆ ਅਤੇ ਉਸ ਦੇ ਦੋਸਤ ਰੂਬੀ ਵਾਸੀ ਤਲਵਣ ਨੂੰ 30 ਜਨਵਰੀ 2011 ਦੀ ਸ਼ਾਮ 7:00 ਵਜੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦਾਅਵਾ ਕੀਤਾ ਸੀ, ਜਦਕਿ ਪੀੜਤ ਮਾਂ ਦਾ ਕਹਿਣਾ ਹੈ ਕਿ ਉਸ ਦੇ ਪੁੱਤ ਦਾ ਮੁਕਾਬਲਾ ਹੋਇਆ ਹੀ ਨਹੀਂ, ਇੰਸਪੈਕਟਰ ਇੰਦਰਜੀਤ ਨੇ ਉਸ ਦੇ ਪੁੱਤ ਨੂੰ ਪਹਿਲਾਂ ਹੀ ਮਾਰ ਦਿੱਤਾ ਸੀ। ਰਵਿੰਦਰ ਕੌਰ ਇਟਲੀ ਰਹਿ ਰਹੀ ਹੈ ਤੇ ਅੱਜ-ਕੱਲ੍ਹ ਪੰਜਾਬ ਆਈ ਹੋਈ ਹੈ।



## ਮਜੀਠੀਆ ਦੀ ਮੁੱਛ ਦਾ ਵਾਲ ਰਿਹੈ ਬੁੱਚੜ ਇੰਦਰਜੀਤ

ਪੰਜਾਬ ਪੁਲੀਸ ਦੀ ਵਿਸ਼ੇਸ਼ ਟਾਸਕ ਫੋਰਸ ਵੱਲੋਂ ਨਸ਼ਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਜ਼ਿਲ੍ਹਾ ਸੀਆਈਏ ਸਟਾਫ਼ ਦੇ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਚਾਰੇ ਪਾਸਿਓਂ ਕਾਨੂੰਨੀ ਘੇਰਾ ਪੈ ਗਿਆ ਹੈ। ਸੂਤਰਾਂ ਅਨੁਸਾਰ ਇੰਸਪੈਕਟਰ ਇੰਦਰਜੀਤ ਸਿੰਘ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਚਹੇਤੇ ਪੁਲੀਸ ਅਫ਼ਸਰਾਂ ਵਿੱਚ ਗਿਣਿਆ ਜਾਂਦਾ ਰਿਹਾ ਹੈ। ਇਸੇ ਕਰਕੇ ਉਸ ਦੀ ਤਾਇਨਾਤੀ ਵੀ ਚੰਗੇ ਟਿਕਾਣਿਆਂ ’ਤੇ ਹੁੰਦੀ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇੰਦਰਜੀਤ ਪੰਜਾਬ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਦਾ ਵੀ ਖ਼ਾਸ ਸੀ। ਜਿੱਥੇ ਵੀ ਸੀਨੀਅਰ ਅਫ਼ਸਰ ਦੀ ਬਦਲੀ ਹੁੰਦੀ ਸੀ, ਉਹ ਇੰਦਰਜੀਤ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ ਸੀ। ਇਸ ਅਧਿਕਾਰੀ ਦੀ ਕਥਿਤ ਸ਼ੱਕੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਦੱਸਿਆ ਜਾਂਦਾ ਹੈ ਕਿ ਐਸਟੀਐਫ ਨੂੰ ਸੂਤਰਾਂ ਤੋਂ ਰਿਪੋਰਟ ਮਿਲੀ ਸੀ ਕਿ ਤਰਨ ਤਾਰਨ ਵਿੱਚ ਲੰਮਾ ਸਮਾਂ ਤਾਇਨਾਤ ਰਿਹਾ ਇੰਸਪੈਕਟਰ ਇੰਦਰਜੀਤ ਸਿੰਘ ਜਿੱਥੇ ਕੁੱਝ ਤਸਕਰਾਂ ਦੀ ਮਦਦ ਕਰਦਾ ਰਿਹਾ ਹੈ, ਉੱਥੇ ਬਾਅਦ ਵਿੱਚ ਖ਼ੁਦ ਵੀ ਨਸ਼ਾ ਤਸਕਰੀ ਕਰਨ ਲੱਗ ਪਿਆ ਸੀ।

# ਪੰਚਾਇਤੀ ਅਦਾਰਿਆਂ ਅਤੇ ਸਥਾਨਕ ਸਰਕਾਰਾਂ ਵਿਭਾਗ ’ਚ ਔਰਤਾਂ ਦੀ ਨੁਮਾਇੰਦਗੀ 50 ਫ਼ੀਸਦ ਕੀਤੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਸਰਕਾਰ ਨੇ ਪੰਚਾਇਤੀ ਅਦਾਰਿਆਂ ਅਤੇ ਸਥਾਨਕ ਸਰਕਾਰਾਂ ਵਿਭਾਗ ’ਚ ਔਰਤਾਂ ਦੀ ਨੁਮਾਇੰਦਗੀ ਦੇ ਰਾਖਵੇਂਕਰਨ ਦਾ ਕੋਟਾ 33 ਫ਼ੀਸਦੀ ਤੋਂ ਵਧਾ ਕੇ ਪੰਜਾਹ ਫ਼ੀਸਦੀ ਕਰ ਦਿੱਤਾ ਹੈ। ਇਸ ਵਾਸਤੇ ਬਜਟ ਸੈਸ਼ਨ ਵਿੱਚ ਬਿੱਲ ਲਿਆਂਦੇ ਜਾਣਗੇ। ਇਹ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿੱਚ ਲਿਆ ਗਿਆ।



ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

ਪੰਚਾਇਤੀ ਅਦਾਰਿਆਂ ਵਿੱਚ ਪੰਜਾਹ ਫੀਸਦੀ ਰਾਖਵਾਂਕਰਨ ਦੇਣ ਲਈ ਪੰਚਾਇਤੀ ਰਾਜ ਐਕਟ 1994 ਸੋਧ ਬਿੱਲ, ਸਥਾਨਕ ਸਰਕਾਰ ਵਿਭਾਗ ਦੇ ਅਦਾਰਿਆਂ ਵਿੱਚ ਪੰਜਾਹ ਫੀਸਦੀ ਰਾਖਵਾਂਕਰਨ ਦੇਣ ਲਈ ਪੰਜਾਬ ਮਿਊਂਸੀਪਲ ਐਕਟ 1911 ਅਤੇ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ 1976 ਵਿੱਚ ਸੋਧ ਲਈ ਬਿੱਲ ਬਜਟ ਸੈਸ਼ਨ ਵਿੱਚ ਪੇਸ਼ ਕੀਤੇ ਜਾਣਗੇ। ਸਰਕਾਰ ਵਲੋਂ ਚੇਅਰਮੈਨੀਆਂ ਤੇ ਮੇਅਰ ਦੀ ਚੋਣ ਸਮੇਂ ਵੀ ਔਰਤਾਂ ਨੂੰ ਬਰਾਬਰ ਦੀ ਨੁਮਾਇੰਦਗੀ ਦੇਣ ਦੀ ਤਿਆਰੀ ਹੈ। ਸਰਕਾਰ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਯੂਨੀਵਰਸਿਟੀ ’ਚ ਬਦਲਣ ਦੇ ਫ਼ੈਸਲੇ ਨੂੰ ਆਰਡੀਨੈਂਸ ਜਾਰੀ ਕਰਕੇ ਰੱਦ ਕਰ ਦਿੱਤਾ ਸੀ ਤੇ ਖਾਲਸਾ ਯੂਨੀਵਰਸਿਟੀ ਦਾ ਪੱਕੇ ਤੌਰ ’ਤੇ ਭੋਗ ਪਾਉਣ ਲਈ ਆਰਡੀਨੈਂਸ ਦੀ ਥਾਂ ਐਕਟ ਲਿਆਉਣ ਦਾ ਫ਼ੈਸਲਾ ਕੀਤਾ ਹੈ। ਵਜ਼ਾਰਤ ਨੇ ਜੀਐੱਸਟੀ ਬਿੱਲ ਦੇ ਖਰੜੇ ਨੂੰ ਹਰੀ ਝੰਡੀ ਦੇਣ ਦੇ ਨਾਲ ਪੰਜਾਬ ਦੇ ਰਾਜਪਾਲ ਨੂੰ ਪੇਸ਼ ਕੀਤੀ ਜਾਣ ਵਾਲੀ ਪੰਜਵੇਂ ਰਾਜ ਵਿੱਤ ਕਮਿਸ਼ਨ ਦੀ ਰਿਪੋਰਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮਾਰਕੀਟ ਕਮੇਟੀਆਂ ਦੇ ਪ੍ਰਸ਼ਾਸਕਾਂ ਦੀ ਨਿਯੁਕਤੀ ਸਬੰਧੀ ਖਰੜਾ ਬਿੱਲ ਅਤੇ ਪੰਜਾਬ ਖੇਤੀਬਾੜੀ ਉਤਪਾਦਨ ਮਾਰਕੀਟ ਐਕਟ-1961 ’ਚ ਸੋਧ ਲਿਆਉਣ ਦਾ ਵੀ ਫ਼ੈਸਲਾ ਕੀਤਾ ਹੈ। ਇਸ ਮਗਰੋਂ ਰਾਜ ਸਰਕਾਰ ਆਪਣੇ ਚੇਅਰਮੈਨ ਤੇ ਮੈਂਬਰ ਨਾਮਜ਼ਦ ਕਰੇਗੀ। ਵਸਤਾਂ ਤੇ ਸੇਵਾਵਾਂ ਟੈਕਸ (ਜੀਐੱਸਟੀ) ਬਾਰੇ ਸੂਬਾਈ ਬਿੱਲ ਦੇ ਕਾਨੂੰਨੀ ਰੂਪ ਲੈਣ ਤੋਂ ਬਾਅਦ ਪੰਜਾਬ ਮਿਊਂਸੀਪਲ ਫੰਡ ਐਕਟ 2006 ਅਤੇ ਪੰਜਾਬ ਮਿਊਂਸੀਪਲ ਬੁਨਿਆਦੀ ਢਾਂਚਾ ਵਿਕਾਸ ਐਕਟ 2011 ਨੂੰ ਇਸ ’ਚ ਬਦਲੇ ਜਾਣ ਲਈ ਰਾਹ ਪੱਧਰਾ ਹੋ ਜਾਵੇਗਾ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਹੁਲਾਰਾ ਮਿਲੇਗਾ।

ਵਜ਼ਾਰਤ ਨੇ ਪੰਜਵੇਂ ਸੂਬਾਈ ਵਿੱਤ ਕਮਿਸ਼ਨ ਵਿੱਚ 2016-17 ਤੋਂ 2020-21 ਤੱਕ ਸਥਾਨਕ ਸੰਸਥਾਵਾਂ ਨੂੰ ਕੁੱਲ ਸੂਬਾਈ ਟੈਕਸਾਂ ਦਾ ਮੌਜੂਦਾ ਚਾਰ ਫੀਸਦੀ ਦਰ ਘਟਾਈ ਹਿੱਸਾ ਜਾਰੀ ਰੱਖਣ ਦੀ ਸਿਫਾਰਸ਼ ਕੀਤੀ ਹੈ। ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ’ਚ ਆਪੋ ਵਿੱਚ ਵੰਡਣ ਦੀਆਂ ਕਮਿਸ਼ਨ ਦੀਆਂ ਸਿਫਾਰਸ਼ਾਂ ਸੂਬਾ ਸਰਕਾਰ ਵਲੋਂ ਪ੍ਰਵਾਨ ਕਰਨ ਲੈਣ ਦੇ ਨਤੀਜੇ ਵਜੋਂ ਦਿਹਾਤੀ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ 4364.40 ਕਰੋੜ ਰੁਪਏ ਮਿਲਣ ਦੀ ਉਮੀਦ ਹੈ।

ਕਮਿਸ਼ਨ ਦੀਆਂ ਕੁਝ ਹੋਰ ਸਿਫਾਰਸ਼ਾਂ ਬਾਰੇ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ ਸਬੰਧਤ ਪ੍ਰਸ਼ਾਸਕੀ ਵਿਭਾਗਾਂ ਵਲੋਂ ਜਾਇਜ਼ਾ ਲੈਣ ਦਾ ਵੀ ਫ਼ੈਸਲਾ ਕੀਤਾ ਗਿਆ। ਇਨ੍ਹਾਂ ਸਿਫਾਰਸ਼ਾਂ ’ਚ ਭਾਰਤ ਸਰਕਾਰ ਦੇ 14ਵੇਂ ਵਿੱਤ ਕਮਿਸ਼ਨ ਵਲੋਂ ਨਿਰਧਾਰਤ ਸ਼ਰਤਾਂ ਸ਼ਾਮਲ ਹਨ। ਵਜ਼ਾਰਤ ਨੇ ਪੰਜਾਬ ਖੇਤੀਬਾੜੀ ਉਤਪਾਦਨ ਮਾਰਕੀਟ ਐਕਟ-1961 ਦੀ ਧਾਰਾ 12 ਵਿੱਚ ਸੋਧ ਰਾਹੀਂ ਮੌਜੂਦਾ ਨਾਮਜ਼ਦ ਮਾਰਕੀਟ ਕਮੇਟੀਆਂ ਨੂੰ ਭੰਗ ਕਰਕੇ ਪ੍ਰਸ਼ਾਸਨਿਕ ਅਧਿਕਾਰੀ ਲਾਉਣ ਨਾਲ ਸਬੰਧਤ ਖਰੜਾ ਬਿੱਲ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਵਜ਼ਾਰਤ ਨੇ ਪੰਜਾਬ ਖੇਤੀਬਾੜੀ ਉਤਪਾਦਨ ਮਾਰਕੀਟ ਐਕਟ-1961 ਵਿੱਚ ਸੋਧ ਕਰਨ ਲਈ ਇਕ ਖਰੜਾ ਬਿੱਲ ਵਿਧਾਨ ਸਭਾ ਵਿੱਚ ਪੇਸ਼ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਮੰਡੀਕਰਨ ਸੁਧਾਰ ਲਈ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸੇ ਤਰ੍ਹਾਂ ਵਜ਼ਾਰਤ ਨੇ ਸੂਬੇ ’ਚ ਸਥਾਪਤ ਕੀਤੇ ਜਾਣ ਵਾਲੇ ਮੈਗਾ ਫੂਡ ਪਾਰਕਾਂ ਨੂੰ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ 1994 (ਪਾਪਰਾ) ਦੀ ਧਾਰਾ 44 (2) ਦੇ ਉਪਬੰਧਾਂ ਤੋਂ ਛੋਟ ਦੇਣ ਦਾ ਫ਼ੈਸਲਾ ਕੀਤਾ ਹੈ।

## ਘੱਟ ਵਿਆਜ ’ਤੇ ਕਰਜ਼ਾ ਲੈਣ ਦੇ ਮਤੇ ਨੂੰ ਮਨਜ਼ੂਰੀ

ਪੰਜਾਬ ਵਜ਼ਾਰਤ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ ਵੱਧ ਵਿਆਜ਼ ਦਰ ’ਤੇ ਲਏ ਗਏ 28,000 ਕਰੋੜ ਰੁਪਏ ਦੇ ਕਰਜ਼ੇ ਨੂੰ ਘੱਟ ਵਿਆਜ਼ ’ਤੇ ਲੈਣ ਦੇ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸੂਬੇ ਦਾ ਵਿੱਤ ਵਿਭਾਗ ਇਹ ਮਾਮਲਾ ਕੇਂਦਰ ਸਰਕਾਰ ਤੇ ਉਸ ਦੇ ਵਿੱਤੀ ਅਦਾਰਿਆਂ ਕੋਲ ਉਠਾਏਗਾ। ਵਜ਼ਾਰਤ ਦੀ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ 28,000 ਕਰੋੜ ਰੁਪਏ ਦਾ ਕਰਜ਼ਾ 9 ਫੀਸਦੀ ਵਿਆਜ਼ ਦਰ ’ਤੇ ਲਿਆ ਗਿਆ ਹੈ ਤੇ ਇਸ ਕਰਜ਼ੇ ਨੂੰ ਸੱਤ ਫੀਸਦੀ ਵਿਆਜ਼ ਦਰ ’ਤੇ ਹਾਸਲ ਕੀਤਾ ਜਾ ਸਕਦਾ ਹੈ ਤੇ ਘੱਟ ਵਿਆਜ਼ ’ਤੇ ਕਰਜ਼ਾ ਲੈਣ ਨਾਲ ਸੂਬੇ ਨੂੰ ਸਾਲਾਨਾ 600 ਕਰੋੜ ਰੁਪਏ ਦਾ ਫਾਇਦਾ ਹੋਵੇਗਾ।

ਅੰਮ੍ਰਿਤਸਰ ਟਾਈਮਜ਼
AMRITSAR TIMES

14 ਜੂਨ 2017 ਤੋਂ 20 ਜੂਨ 2017

# ਕਿਸਾਨ, ਕਰਜ਼ੇ ਅਤੇ ਸਿਆਸਤ

ਅੰਨਦਾਤੇ ਵਜੋਂ ਜਾਣੇ ਜਾਂਦੇ ਕਿਸਾਨ ਨੂੰ ਕਿਸੇ ਵੇਲੇ ਖੁਦ ਅੰਨ ਦੇ ਦਾਣੇ-ਦਾਣੇ ਲਈ ਸੜਕਾਂ ਉੱਤੇ ਰੁਲਣ ਲਈ ਮਜਬੂਰ ਹੋਣ ਬਾਰੇ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਪੰਜ ਦਰਿਆਵਾਂ ਦੀ ਧਰਤੀ ਦੇ ਜਾਂਬਾਜ਼ ਜਾਇਆਂ ਅਤੇ ਭੁੱਖੇ ਮਰਦੇ ਭਾਰਤ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਕਿਸਾਨ ਦਾ ਦਰਦ ਕਿਸੇ ਤੋਂ ਛੁਪਿਆ ਹੋਇਆ ਨਹੀਂ। ਸਿਆਸਤਦਾਨਾਂ ਤੋਂ ਵਪਾਰੀ ਬਣੇ ਅਤੇ ਦੋਹੀਂ ਹੱਥੀਂ ਲੁਟਣ ਵਾਲੇ ਵੱਖ ਵੱਖ ਰਾਜਸੀ ਪਾਰਟੀਆਂ ਦ ਨੇਤਾਵਾਂ ਹੱਥੋਂ ਕੰਗਾਲ ਹੋਈ ਪੰਜਾਬ ਦੀ ਕਿਸਾਨੀ ਨੂੰ ਖੁਦਕੁਸ਼ੀਆਂ ਦੇ ਰਾਹ ਪਾਉਣ ਵਾਲਿਆਂ ਨੂੰ ਅਪਣੇ ਕੁਕਰਮਾਂ ਦਾ ਇੱਕ ਨਾ ਇੱਕ ਦਿਨ ਹਿਸਾਬ ਦੇਣਾ ਪਵੇਗਾ। ਦੱਖਣੀ ਭਾਰਤ ਖ਼ਾਸ ਕਰ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਇਸ ਸਮੇਂ ਚੱਲ ਰਿਹਾ ਕਿਸਾਨ ਅੰਦੋਲਨ ਵੱਡੇ ਲੋਕ ਉਭਾਰ ਦਾ ਸੂਚਕ ਵੀ ਹੋ ਸਕਦਾ ਹੈ। ਮੰਦਸੌਰ ਦੇ ਕਿਸਾਨ ਅੰਦੋਲਨ ਨੇ ਪਿਛਲੇ ਇੱਕ ਹਫ਼ਤੇ ਤੋ ਜਿਸ ਕਦਰ ਭਾਰਤ ਵਿੱਚ ਕੌਮੀ ਪੱਧਰ ਉੱਤੇ ਕਿਸਾਨ ਮਸਲਿਆਂ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਹੈ, ਉਸਨੇ ਦਿੱਲੀ ਦੀ ਐਨ ਡੀ ਏ ਸਰਕਾਰ ਦੇ ਭਾਈਵਾਲਾਂ ਨੂੰ ਉਨ੍ਹਾਂ ਦੀ ਸਰਕਾਰ ਦੀ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਦੇ ਲੋਕ ਪੱਖੀ ਹੋਣ ਬਾਰੇ ਦਾਅਵਿਆਂ ਨੂੰ ਚੁਣੌਤੀ ਦਿੰਦਿਆਂ ਸਿਆਸੀ ਸੰਕਟ ਵਿੱਚ ਪਾ ਦਿੱਤਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਤਿੰਨ ਸਾਲ ਪਹਿਲਾਂ ਕਿਸਾਨਾਂ ਨੂੰ ਵੱਡੇ ਵੱਡੇ ਲਾਰੇ ਲਾ ਕੇ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਕੇ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਦੀ ਪਾਰਟੀ ਦੀ ਸਰਕਾਰ ਵਾਲੇ ਰਾਜਾਂ 'ਚ ਅਪਣੇ ਹੱਕ ਮੰਗਦੇ ਕਿਸਾਨਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੈ। ਮੋਦੀ ਨੂੰ ਤਾਂ ਸਦਾ ਵਾਂਗ ਵਿਦੇਸੀਂ ਦੌਰਿਆਂ ਉੱਤੇ ਚੜ੍ਹੇ ਹੋਣ ਕਾਰਨ ਗਰੀਬ ਕਿਸਾਨ ਕਿੱਥੇ ਯਾਦ ਰਹਿਣੇ ਨੇ, ਪਿੱਛੇ ਪਾਰਟੀ ਦੇ ਸੀਨੀਅਰ ਮੰਤਰੀਆਂ ਨੇ ਵੀ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਸਮੇਤ ਦੂਜੀਆਂ ਰਾਜਸੀ ਪਾਰਟੀਆਂ ਨੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਤੋਂ ਇਲਾਵਾ ਅੰਦੋਲਨ ਨਾਲ ਇੱਕਜੁਟਤਾ ਵਜੋਂ ਮੰਦਸੌਰ ਪੁੱਜਣ ਦੇ ਜਿਹੜੇ ਯਤਨ ਕੀਤੇ ਹਨ ਉਨ੍ਹਾਂ ਨੂੰ ਸੱਤਾਧਾਰੀ ਪਾਰਟੀ ਪੁਲੀਸ ਤਾਕਤ ਦੀ ਵਰਤੋਂ ਕਰਦੇ ਹੋਏ ਨਾਕਾਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਬੇਸ਼ਰਮੀ ਦੀ ਹੱਦ ਇਹ ਕਿ ਪੰਜ ਕਿਸਾਨਾਂ ਦਾ ਪੁਲੀਸ ਵਲੋਂ ਸ਼ਰੇਆਮ ਕਤਲ ਕੀਤੇ ਜਾਣ ਦੇ ਮਾਮਲੇ ਵਿੱਚ ਪੁਲੀਸ ਐਫ ਆਈ ਆਰ ਤੱਕ ਦਰਜ਼ ਨਹੀਕਰ ਰਹੀ। ਭਲਾਂ ਖੁਦ ਕਾਤਲ ਕਦੋਂ ਅਪਣੇ ਖਿਲਾਫ਼ ਕੇਸ ਦਰਜ਼ ਕਰਦਾ ਹੈ ? ਢੀਠ ਸਰਕਾਰ ਦਾ ਕਹਿਣਾ ਹੈ ਕਿ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾ ਰਹੀ ਉਸਦੇ ਬਾਅਦ ਹੀ ਅਗਲੀ ਕਾਰਵਾਈ ਹੋਵੇਗੀ। ਅਜਿਹਾ ਹੋਰਨਾਂ ਦੇਸ਼ਾਂ ਵਿੱਚ ਵੀ ਸ਼ਾਇਦ ਹੁੰਦਾ ਹੋਵੇਗਾ, ਭਾਰਤ ਵਿੱਚ ਸ਼ਰੇਆਮ ਹੋ ਰਿਹਾ ਹੈ।

ਵੈਸੇ ਤਾਂ ਕਿਸਾਨਾਂ ਦੀ ਮੰਦੀ ਹਾਲਤ ਲਈ ਕਾਂਗਰਸ ਪਾਰਟੀ ਬਰਾਬਰ ਦੀ ਭਾਗੀਦਾਰ ਹੈ। ਦੇਸ ਆਜ਼ਾਦ ਹੋਣ ਤੋਂ ਲਗਭਗ 6 ਦਹਾਕਿਆਂ ਤੱਕ ਸੱਤਾ ਵਿੱਚ ਰਹੀ ਕਾਂਗਰਸ ਨੇ ਵੀ ਕਿਸਾਨਾਂ ਲਈ ਕੁਝ ਨਹੀਂ ਕੀਤਾ। ਹਾਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੁਨਾਈਟਡ ਪ੍ਰੋਗਰੈਸਿਵ ਅਲਾਇੰਸ ਸਰਕਾਰ ਵੇਲੇ ਕਿਸਾਨਾਂ ਨੂੰ ਕਰਜ਼ਿਆਂ ਤੋਂ ਮਾਫ਼ੀ ਦਾ ਵੱਡਾ ਯਤਨ ਇੱਕ ਵਾਰ ਜਰੂਰ ਕੀਤਾ ਗਿਆ ਸੀ। ਪਰ ਕਰਜ਼ ਮਾਫ਼ੀ ਜਾਂ ਮੁਆਵਜ਼ਾ ਕਿਸਾਨ ਮੁਸ਼ਕਲਾਂ ਦਾ ਸਦੀਵੀ ਹੱਲ ਨਹੀਂ। ਇਸ ਲਈ ਸਰਕਾਰ ਵਲੋਂ ਕਾਇਮ ਕੀਤੀ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਵਿੱਚਲੀਆਂ ਸਿਫਾਰਸ਼ਾਂ ਨੂੰ ਅਮਲੀ ਰੂਪ ਦੇਣ ਅਤੇ ਖੇਤੀ ਮਾਹਿਰਾਂ ਵਲੋਂ ਸਮੇਂ ਸਮੇ ਸੁਝਾਏ ਗਏ ਨੁਕਤਿਆਂ ਦੇ ਮੱਦੇਨਜ਼ਰ ਅਮਲੀ ਕਾਰਵਾਈ ਕਰਕੇ ਕਿਸਾਨਾਂ ਨੂੰ ਮੰਦਹਾਲੀ ਅਤੇ ਦੀਵਾਲੀਏਪਣ ਵਾਲੀ ਹਾਲਤ ਚੋਂ ਕੱਢਣ ਲਈ ਪਹਿਲ ਕਦਮੀ ਹੋ ਸਕਦੀ ਹੈ।

ਦੁੱਖ ਤਾਂ ਇਸ ਗੱਲ ਦਾ ਕਿਸਾਨ ਦੇ ਦੁੱਖ ਦਰਦ ਦਾ ਕਿਸੇ ਨੂੰ ਅਹਿਸਾਸ ਤੱਕ ਨਹੀਂ। ਉਦਯੋਗਪਤੀਆਂ ਦੇ ਕਰੋੜਾਂ ਰੁਪਏ ਬੈਂਕ ਕਰਜ਼ੇ ਚੁੱਟਕੀ ਨਾਲ ਮਾਫ਼ ਕਰਨ ਵਾਲੀਆਂ ਸਰਕਾਰਾਂ ਨੂੰ ਭੋਰਾ ਵੀ ਸ਼ਰਮ ਨਹੀਂ ਕਿ ਦਿਨ ਰਾਤ ਇੱਕ ਕਰਕੇ ਖੇਤੀ ਕਰਨ ਵਾਲੇ ਕਿਸਾਨ ਨੂੰ ਉਸਦੇ ਹੱਕਾਂ ਤੋਂ ਕਿਉਂ ਵਾਂਝਿਆਂ ਰੱਖਿਆ ਜਾ ਰਿਹੈ। ਮਿੱਟੀ ਨਾਲ ਮਿੱਟੀ ਹੋਣ ਵਾਲਾ ਕਿਸਾਨ ਸਦੀਆਂ ਤੋਂ ਧਰਤੀ ਉੱਤੇ ਲੋਕਾਈ ਦਾ ਪੇਟ ਭਰਨ ਲਈ ਖੁਦ ਪੇਟ ਬੰਨ੍ਹ ਕੇ ਕਮਾਈਆਂ ਕਰਦਾ ਆ ਰਿਹੈ। ਧਰਤੀ ਦਾ ਜਾਇਆ ਹੋਣ ਕਾਰਨ ਦੁਨੀਆਂ ਦੇ ਹਰ ਖਿੱਤੇ ਦਾ ਕਿਸਾਨ ਸਰੀਰਕ ਅਤੇ ਮਾਨਸਿਕ ਤੌਰ ਉੱਤੇ ਹੋਰਨਾਂ ਕਿੱਤਿਆਂ ਵਾਲੇ ਲੋਕਾਂ ਤੋਂ ਵੱਖਰਾ, ਤਕੜਾ ਅਤੇ ਸਹਿਜ ਸੁਭਾਅ ਵਾਲਾ ਰਿਹਾ ਹੈ। ਕੁਦਰਤ ਦੀ ਵਰੋਸਾਈ ਧਰਤ ਦੀ ਕੁੱਖ ਵਿਚੋਂ ਵੱਖ ਵੱਖ ਅਨਾਜ, ਫਲ, ਸਬਜ਼ੀਆਂ ਅਤੇ ਹੋਰ ਖੁਰਾਕੀ ਵਸਤਾਂ ਪੈਦਾ ਕਰਨ ਵਾਲੇ ਕਿਸਾਨ ਨੂੰ ਕੁਦਰਤ ਦੀ ਕ੍ਰੋਪੀ ਦੀ ਮਾਰ ਵੀ ਸਭ ਤੋਂ ਵੱਧ ਸਹਿਣੀ ਪੈਂਦੀ ਰਹੀ ਹੈ।

ਚੋਣਾਂ ਵੇਲੇ ਹਰ ਰਾਜਸੀ ਪਾਰਟੀ ਕਿਸਾਨਾਂ ਨੂੰ ਸਬਜ਼ਬਾਗ ਦਿਖਾਉਂਦੇ ਹੋਏ ਖੇਤੀ ਕਰਜ਼ੇ ਮਾਫ਼ ਕਰਨ ਦੇ ਨਾਲ ਖੇਤੀ ਜਿਣਸਾਂ ਦਾ ਲਾਗਤ ਮੁੱਲ ਦੇਣ ਦੇ ਵਾਅਦੇ ਅਤੇ ਦਾਅਵੇ ਕਰਦੀ ਹੈ, ਵੋਟਾਂ ਬਟੋਰਨ ਬਾਅਦ ਕਿਸਾਨ ਠੱਗਿਆ ਮਹਿਸੂਸ ਕਰਦਾ ਹੈ। ਪੰਜਾਬ ਵਿੱਚ ਵੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੇ ਕਰਜ਼ੇ ਮਾਫ਼ੀ ਦੀਆਂ ਸਹੁੰਆਂ ਤੱਕ ਚੁਕੀਆਂ। ਹੁਣ ਕਮੇਟੀਆਂ ਅਤੇ ਕਮਿਸ਼ਨਾਂ ਦੇ ਲਾਰਿਆਂ ਵਿੱਚ ਮਾਮਲਾ ਲਮਕਾਇਆ ਜਾਂਦਾ ਦਿਸਦਾ ਹੈ। ਇਸੇ ਹਫ਼ਤੇ ਪੇਸ਼ ਹੋਣ ਵਾਲੇ ਬੱਜਟ ਵਿੱਚ ਕਿਸਾਨ ਕਰਜ਼ਿਆਂ ਬਾਰੇ "ਬਿੱਲੀ ਥੈਲੇ ਤੋਂ ਬਾਹਰ" ਆ ਜਾਵੇਗੀ। ਹਾਲਾਤ ਐਸੇ ਬਣਦੇ ਨਜ਼ਰ ਆ ਰਹੇ ਹਨ ਕਿ ਕਰਜ਼ਾ ਮਾਫ਼ੀ ਦੇ ਊਠ ਦਾ ਬੁੱਲ ਡਿਗਣ ਨੂੰ ਉਡੀਕਦੇ ਕਿਸਾਨ ਨੂੰ ਮੈਦਾਨ ਵਿੱਚ ਨਿੱਤਰੇ ਬਿਨ੍ਹਾਂ ਕੁਝ ਹਾਸਲ ਨਹੀਂ ਹੋਣਾ। ਉਸ ਵੇਲੇ ਸੱਤਾਧਾਰੀਆਂ ਤੇ ਹੋਰਨਾਂ ਰਾਜਸੀ ਆਗੂਆਂ ਦਾ ਜੋ ਹਸ਼ਰ ਹੋਣਾ ਹੈ ਉਹ ਤਾਂ ਸਾਹਮਣੇ ਆ ਹੀ ਜਾਵੇਗਾ। ਇਹ ਵੀ ਤਹਿ ਹੈ ਕਿ ਕਿਸਾਨਾਂ ਅੰਦੋਲਨਾਂ ਦੇ ਜ਼ੋਰ ਸਰਕਾਰੀ ਅਹੁਦਿਆਂ ਦਾ ਆਨੰਦ ਲੈਣ ਅਤੇ ਆੜ੍ਹਤੀਏ ਬਣ ਕੇ ਮੋਟੀਆਂ ਕਮਾਈਆਂ ਕਰਨ ਵਾਲੇ ਸਭ ਲੋਟੂ ਸਾਬਕਾ ਆਗੂ ਵੀ ਕਿਸਾਨ ਸੰਘਰਸ਼ ਦੀ ਹਨੇਰੀ ਤੋਂ ਸੁੱਕੇ ਨਹੀਂ ਬਚਣੇ।

# ਮਹਾਰਾਸ਼ਟਰ: ਕਿਸਾਨਾਂ ਦੀ ਹੜਤਾਲ ਬਣੀ ਲੋਕ ਲਹਿਰ

**ਯੋਗੇਂਦਰ ਯਾਦਵ**
ਈ-ਮੇਲ: yogendra.yadav@gmail.com



ਦੋ ਹਫ਼ਤੇ ਪਹਿਲਾਂ ਕੁਝ ਅਸਾਧਾਰਨ ਵਾਪਰਿਆ। ਮਹਾਰਾਸ਼ਟਰ ਦੇ ਕਿਸਾਨਾਂ ਨੇ ਇੱਕ ਬਾਕਮਾਲ 'ਹੜਤਾਲ' ਕੀਤੀ। ਪਿਛਲੇ ਮਹੀਨੇ ਅਹਿਮਦਨਗਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਕਿਸਾਨਾਂ ਨੇ ਫ਼ੈਸਲਾ ਕੀਤਾ ਕਿ ਉਹ ਪਹਿਲੀ ਜੂਨ ਤੋਂ ਆਪਣੀ ਫ਼ਸਲ - ਅਨਾਜ, ਸਬਜ਼ੀਆਂ, ਦਾਲਾਂ ਆਦਿ - ਸ਼ਹਿਰਾਂ ਨੂੰ ਭੇਜਣਾ ਬੰਦ ਕਰ ਦੇਣਗੇ। ਛੇਤੀ ਹੀ ਇਸ ਸੱਦੇ ਨੂੰ ਸਮੁੱਚੇ ਜ਼ਿਲ੍ਹੇ ਦੇ ਕਿਸਾਨਾਂ ਨੇ ਅਪਣਾ ਲਿਆ। ਇਸ ਤੋਂ ਪਹਿਲਾਂ ਕਿ ਕੋਈ ਇਹ ਮਹਿਸੂਸ ਕਰ ਸਕਦਾ, ਇਹ ਲਹਿਰ ਮਹਾਰਾਸ਼ਟਰ ਦੇ ਕਈ ਜ਼ਿਲ੍ਹਿਆਂ ਵਿੱਚ ਫੈਲ ਗਈ। ਕਿਸਾਨ ਆਪਣੇ ਫ਼ੈਸਲੇ 'ਤੇ ਪੂਰੀ ਤਰ੍ਹਾਂ ਕਾਇਮ ਹਨ ਅਤੇ ਪਹਿਲੀ ਤੇ ਦੋ ਜੂਨ ਨੂੰ ਨੀਮ-ਸਰਕਾਰੀ ਅਦਾਰੇ ਏ.ਪੀ.ਐੱਮ.ਸੀ. (ਖੇਤੀ ਉਪਜ ਮੰਡੀਕਰਨ ਸਹਿਕਾਰਤਾ ਸੰਸਥਾ) ਦੇ ਵੱਡੇ ਹਿੱਸੇ ਵਿੱਚ ਕੋਈ ਉਤਪਾਦ ਨਹੀਂ ਪਹੁੰਚਿਆ। ਜ਼ਬਰਦਸਤੀ ਕੀਤੇ ਜਾਣ 'ਤੇ ਹਿੰਸਾ ਦੀਆਂ ਇੱਕਾ-ਦੁੱਕਾ ਵਾਰਦਾਤਾਂ ਵਾਪਰੀਆਂ, ਜਿਨ੍ਹਾਂ ਨੂੰ ਮੀਡੀਆ ਨੇ ਪ੍ਰਮੁੱਖਤਾ ਨਾਲ ਉਜਾਗਰ ਕੀਤਾ। ਉਂਜ, ਕੁੱਲ ਮਿਲਾ ਕੇ ਸ਼ਾਂਤੀ ਬਣੀ ਰਹੀ ਤੇ ਕਿਸਾਨ ਆਪਣੀ ਮਰਜ਼ੀ ਨਾਲ ਹੀ ਇਸ ਹੜਤਾਲ ਵਿੱਚ ਸ਼ਾਮਲ ਹੁੰਦੇ ਰਹੇ। ਸੂਬਾ ਸਰਕਾਰ ਨੇ ਪਹਿਲਾਂ ਤਾਂ ਕਿਸਾਨਾਂ ਦੇ ਇਸ ਵਿਰੋਧ ਨੂੰ ਅਣਗੌਲਿਆਂ ਕਰਨ ਦੀ ਹੀ ਕੋਸ਼ਿਸ਼ ਕੀਤੀ, ਪਰ ਫਿਰ ਉਸ ਨੂੰ ਛੇਤੀ ਹੀ ਗੱਲਬਾਤ ਦੀ ਮੇਜ਼ ਉੱਤੇ ਆਉਣ ਲਈ ਮਜਬੂਰ ਹੋਣਾ ਪਿਆ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤਿੰਨ ਜੂਨ ਦੀ ਸਵੇਰ ਤਕ ਕਿਸਾਨਾਂ ਦੇ ਇੱਕ ਵਰਗ ਦੇ ਆਗੂਆਂ ਨਾਲ ਸਮਝੌਤਾ ਕਰਨ ਲਈ ਮੀਟਿੰਗ ਵਿੱਚ ਬੈਠੇ ਰਹੇ।

ਇਹ ਮੁੱਦਾ ਛੇਤੀ ਕਿਤੇ ਖ਼ਤਮ ਹੋਣ ਵਾਲਾ ਨਹੀਂ ਹੈ। ਬਹੁਤੇ ਕਿਸਾਨ ਸੰਗਠਨਾਂ ਨੇ ਮੁੱਖ ਮੰਤਰੀ ਨਾਲ ਹੋਇਆ ਸਮਝੌਤਾ ਇਹ ਆਖ ਕੇ ਰੱਦ ਕਰ ਦਿੱਤਾ ਕਿ ਇਹ ਤਾਂ ਵਿਸਾਹਘਾਤ ਹੈ। ਹੋਰ ਤਾਂ ਹੋਰ, ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਜਥੇਬੰਦੀ 'ਸਵਾਭਿਮਾਨੀ ਸ਼ੇਤਕਾਰੀ ਪਕਸ਼' ਵੀ ਇਹ ਸਮਝੌਤਾ ਰੱਦ ਕਰਨ ਲਈ ਮਜਬੂਰ ਹੋ ਗਿਆ। ਕਿਸਾਨਾਂ ਨੇ ਸੋਮਵਾਰ, 5 ਜੂਨ ਨੂੰ ਸਫ਼ਲਤਾਪੂਰਬਕ ਸੂਬਾ ਪੱਧਰੀ 'ਬੰਦ' ਕਰ ਕੇ ਵਿਖਾਇਆ। ਮੀਡੀਆ ਰਿਪੋਰਟਾਂ ਅਨੁਸਾਰ ਇਹ ਹੜਤਾਲ ਪਹਿਲਾਂ ਹੀ ਮੱਧ ਪ੍ਰਦੇਸ਼ ਦੇ ਬਹੁਤ ਸਾਰੇ ਜ਼ਿਲ੍ਹਿਆਂ ਤਕ ਵੀ ਪੁੱਜ ਚੁੱਕੀ ਹੈ। ਹੋਰਨਾਂ ਸੂਬਿਆਂ ਦੇ ਕਿਸਾਨ ਸੰਗਠਨ ਵੀ ਹੁਣ ਉਤਸ਼ਾਹ ਤੇ ਊਰਜਾ ਨਾਲ ਭਰਪੂਰ ਵਿਖਾਈ ਦੇ ਰਹੇ ਹਨ।

ਘਟਨਾਵਾਂ ਦੀ ਇਹ ਲੜੀ ਅਸਾਧਾਰਨ ਹੈ। ਇਨ੍ਹਾਂ ਰੋਸ-ਮੁਜ਼ਾਹਰਿਆਂ ਦੀ ਸਹਿਜ-ਸੁਭਾਵਕ ਪ੍ਰਕਿਰਤੀ ਤੇ ਇਨ੍ਹਾਂ ਦਾ ਤੇਜ਼ੀ ਨਾਲ ਫੈਲਣਾ ਸਾਨੂੰ ਅੰਗਰੇਜ਼ਾਂ ਦੀ ਬਸਤੀਵਾਦੀ ਹਕੂਮਤ ਵੇਲੇ ਦੀਆਂ ਕਿਸਾਨ-ਬਗ਼ਾਵਤਾਂ ਦੀ ਯਾਦ ਦਿਵਾਉਂਦਾ ਹੈ। ਫੜਨਵੀਸ ਸਰਕਾਰ ਨੇ ਦੋਸ਼ ਲਾਇਆ ਹੈ ਕਿ ਇਸ ਹੜਤਾਲ ਪਿੱਛੇ ਉਨ੍ਹਾਂ ਦੇ ਸਿਆਸੀ ਵਿਰੋਧੀਆਂ, ਮੁੱਖ ਤੌਰ ਉੱਤੇ ਸ਼ਿਵ ਸੈਨਾ ਤੇ ਐੱਨ.ਸੀ.ਪੀ. ਦਾ ਹੱਥ ਹੈ। ਤੱਥ ਇਸ ਦਾਅਵੇ ਨੂੰ ਮੁੱਢੋਂ ਰੱਦ ਕਰਦੇ ਹਨ। ਭਾਵੇਂ ਵਿਰੋਧੀ ਪਾਰਟੀਆਂ ਇਸ ਮਾਮਲੇ 'ਤੇ ਕਿਸਾਨਾਂ ਨੂੰ ਅੰਦਰਖਾਤੇ ਆਪਣੀ ਹਮਾਇਤ ਦੇ ਰਹੀਆਂ ਹਨ, ਪਰ ਕਿਸਾਨਾਂ ਨੂੰ ਲਾਮਬੰਦ ਕਰਨ ਵਾਲੀਆਂ ਜਥੇਬੰਦੀਆਂ ਤੇ ਆਗੂ ਕਿਸੇ ਵੀ ਵੱਡੀ ਸਿਆਸੀ ਪਾਰਟੀ ਨਾਲ ਸਬੰਧਤ ਨਹੀਂ ਹਨ। ਦਰਅਸਲ, ਕਾਂਗਰਸ ਤੇ ਐੱਨ.ਸੀ.ਪੀ. ਹਾਲੇ ਸਮੁੱਚੇ ਸੂਬੇ ਦੀਆਂ ਨਗਰ ਕੌਂਸਲਾਂ ਤੇ ਨਗਰ ਨਿਗਮਾਂ ਦੀਆਂ ਚੋਣਾਂ ਵਿੱਚ ਹੋਈ ਹਾਰ ਦੇ ਝਟਕੇ 'ਚੋਂ ਹੀ ਨਹੀਂ ਨਿਕਲ ਸਕੀਆਂ। ਵਿਰੋਧੀ ਧਿਰ ਦੀ ਸਾਖ਼ ਤਾਂ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੈ, ਇਸ ਲਈ ਕਿਸਾਨਾਂ ਦਾ ਧਿਆਨ ਉਨ੍ਹਾਂ ਵੱਲ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਇੰਜ ਜਾਪਦਾ ਹੈ ਕਿ ਮਹਾਰਾਸ਼ਟਰ ਵਿੱਚ ਕਿਸਾਨਾਂ ਦੀ ਲੀਡਰਸ਼ਿਪ ਦੀ ਇੱਕ ਨਵੀਂ ਪੀੜ੍ਹੀ ਉੱਭਰ ਰਹੀ ਹੈ।



ਇਨ੍ਹਾਂ ਰੋਸ-ਮੁਜ਼ਾਹਰਿਆਂ ਲਈ ਇਹ ਗੱਲ ਹੋਰ ਵੀ ਗ਼ੈਰ-ਮਾਮੂਲੀ ਹੈ ਕਿ ਇਹ ਵਰਤਾਰਾ ਕੁਦਰਤੀ ਆਫ਼ਤ ਜਾਂ ਫ਼ਸਲਾਂ ਦੇ ਨੁਕਸਾਨ ਵਾਲੇ ਸਾਲ ਵਿੱਚ ਨਹੀਂ ਵਾਪਰ ਰਿਹਾ। ਮਹਾਰਾਸ਼ਟਰ ਵਿੱਚ ਵਰਖਾ ਆਮ ਵਾਂਗ ਹੋਈ ਹੈ ਤੇ ਸਾਲ 2014-15 ਅਤੇ 2015-16 ਦੇ ਦੋ ਲਗਾਤਾਰ ਸੋਕਿਆਂ ਵਾਲੇ ਦੋ ਸਾਲਾਂ ਤੋਂ ਬਾਅਦ ਇਸ ਵਾਰ ਤਾਂ ਫ਼ਸਲ ਵੀ ਭਰਪੂਰ ਹੋਈ ਹੈ। ਆਮ ਤੌਰ 'ਤੇ ਕਿਸਾਨਾਂ ਦੇ ਅਜਿਹੇ ਰੋਸ ਮੁਜ਼ਾਹਰੇ ਫ਼ਸਲਾਂ ਦੇ ਨੁਕਸਾਨ ਤੋਂ ਬਾਅਦ ਹੁੰਦੇ ਹਨ। ਇਸ ਵਰ੍ਹੇ ਮਹਾਰਾਸ਼ਟਰ ਦੇ ਕਿਸਾਨਾਂ ਦੀ ਫ਼ਸਲ ਜੇ ਭਰਪੂਰ ਨਹੀਂ ਤਾਂ ਆਮ ਵਰਗੀ ਤਾਂ ਹੋਈ ਹੀ ਹੈ।

ਅਜਿਹੇ ਹਾਲਾਤ ਦੇ ਬਾਵਜੂਦ ਕਿਸਾਨਾਂ ਵੱਲੋਂ ਅਚਾਨਕ ਅੰਦੋਲਨ ਵਿੱਢ ਦਿੱਤੇ ਜਾਣ ਪਿੱਛੇ ਕਿਹੜੇ ਕਾਰਨ ਹਨ ? ਇਸ ਮੌਜੂਦਾ ਵਿਰੋਧ ਦਾ ਕਾਰਨ ਦੋ ਘਟਨਾਕ੍ਰਮ ਜਾਪਦੇ ਹਨ: ਇੱਕ ਪਾਸੇ ਤਾਂ ਭਰਪੂਰ ਫ਼ਸਲ ਹੋਣ ਕਾਰਨ ਕਿਸਾਨਾਂ ਦੇ ਉਤਪਾਦ ਦੀਆਂ ਕੀਮਤਾਂ ਬਹੁਤ ਹੇਠਾਂ ਚਲੀਆਂ ਗਈਆਂ ਹਨ। ਦੂਜੇ ਪਾਸੇ, ਉੱਤਰ ਪ੍ਰਦੇਸ਼ ਦੀ ਨਵੀਂ ਚੁਣੀ ਗਈ ਭਾਜਪਾ ਸਰਕਾਰ ਵੱਲੋਂ ਜੋ ਕਰਜ਼ਾ-ਮੁਆਫ਼ੀ ਦਾ ਐਲਾਨ ਕੀਤਾ ਗਿਆ ਹੈ, ਉਸ ਤੋਂ ਉਨ੍ਹਾਂ ਨੂੰ ਆਪਣੀ ਇਹੋ ਚਿਰੋਕਣੀ ਪੂਰੀ ਨਾ ਹੋ ਸਕੀ ਮੰਗ ਚੇਤੇ ਆ ਗਈ ਹੈ।

ਦਾਲਾਂ ਦੇ ਮਾਮਲੇ ਵਿੱਚ ਕੀਮਤਾਂ ਦਾ ਘਟਣਾ ਬਹੁਤ ਹੀ ਸਪੱਸ਼ਟ ਹੈ। ਦੇਸ਼ ਵਿੱਚ ਦਾਲਾਂ ਦੀ ਘਾਟ ਕਾਰਨ, ਕੇਂਦਰ ਸਰਕਾਰ ਨੇ ਤੁਰ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ 4,500 ਰੁਪਏ ਪ੍ਰਤੀ ਕੁਇੰਟਲ ਤੋਂ ਮਾਮੂਲੀ ਜਿਹਾ ਵਧਾ ਕੇ 5,000 ਰੁਪਏ ਪ੍ਰਤੀ ਕੁਇੰਟਲ ਕੀਤਾ ਹੈ। ਇਸ ਨੂੰ ਦਾਲਾਂ ਦਾ ਉਤਪਾਦਨ ਵਧਾਉਣ ਨੂੰ ਹੱਲਾਸ਼ੇਰੀ ਦੇਣ ਲਈ ਇੱਕ ਵੱਡੇ ਕਦਮ ਵਜੋਂ ਪੇਸ਼ ਕੀਤਾ ਗਿਆ ਸੀ। ਕਿਸਾਨ ਅਹਿਸਾਨਮੰਦ ਹੋਏ, ਕਾਸ਼ਤ ਤੇ ਦਾਲਾਂ ਦਾ ਉਤਪਾਦਨ ਵਧ ਗਿਆ, ਪਰ ਸਰਕਾਰ ਆਪਣਾ ਵਾਅਦਾ ਪੂਰਾ ਕਰਨ ਵਿੱਚ ਨਾਕਾਮ ਰਹੀ। ਸੂਬਾਈ ਏਜੰਸੀਆਂ ਉਸ ਕੀਮਤ ਉੱਤੇ ਬਹੁਤਾ ਉਤਪਾਦਨ ਖ਼ਰੀਦਣ ਤੋਂ ਨਾਕਾਮ ਰਹੀਆਂ, ਜਿੰਨਾ ਭਰੋਸਾ ਦਿੱਤਾ ਗਿਆ ਸੀ। ਪੰਜ ਹਜ਼ਾਰ ਰੁਏ ਪ੍ਰਤੀ ਕੁਇੰਟਲ ਦੀ ਥਾਂ ਕਿਸਾਨ ਆਪਣੀਆਂ ਦਾਲਾਂ 3,000 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਵੇਚਣ ਲਈ ਮਜਬੂਰ ਹੋ ਗਏ। ਬਿਲਕੁਲ ਅਜਿਹਾ ਹੀ ਦੁਖਾਂਤ ਮੱਧ ਪ੍ਰਦੇਸ਼ ਦੇ ਸੋਇਆਬੀਨ ਦੇ ਕਿਸਾਨਾਂ ਤੇ ਤੇਲੰਗਾਨਾ ਦੇ ਮਿਰਚ-ਉਤਪਾਦਕਾਂ ਨਾਲ ਵਾਪਰਿਆ ਹੈ। ਅਜਿਹੀਆਂ ਖ਼ਬਰਾਂ ਮਿਲੀਆਂ ਸਨ ਕਿ ਦੇਸ਼ ਦੇ ਵੱਖੋ-ਵੱਖਰੇ ਭਾਗਾਂ ਦੇ ਟਮਾਟਰ ਤੇ ਆਲੂ ਉਤਪਾਦਕਾਂ ਨੇ ਆਪਣੀਆਂ ਫ਼ਸਲਾਂ ਮੰਡੀਆਂ ਨੂੰ ਵਿੱਚ ਹਾਸੋਹੀਣੀ ਕੀਮਤ 'ਤੇ ਵੇਚਣ ਦੀ ਥਾਂ ਸੁੱਟ ਦੇਣਾ ਠੀਕ ਸਮਝਿਆ ਸੀ। ਇਸ ਪ੍ਰਕਾਰ ਕਿਸਾਨ ਕੇਵਲ ਫ਼ਸਲ ਨਾਕਾਮ ਰਹਿਣ ਵੇਲੇ ਹੀ ਪ੍ਰਭਾਵਿਤ ਨਹੀਂ ਹੁੰਦੇ ਸਗੋਂ ਵਧੀਆ ਮਾਨਸੂਨ ਤੇ ਭਰਪੂਰ ਫ਼ਸਲ ਹੋਣ ਵੇਲ ਹੀ ਪੀੜਤ ਹੁੰਦੇ ਹਨ। ਮੌਜੂਦਾ ਰੋਸ ਮੁਜ਼ਾਹਰਿਆਂ ਪਿੱਛੇ ਇਹੋ ਰੋਹ ਤੇ ਰੋਸ ਕੰਮ ਕਰ ਰਿਹਾ ਜਾਪਦਾ ਹੈ।

ਮਹਾਰਾਸ਼ਟਰ ਤੇ ਮੱਧ ਪ੍ਰਦੇਸ਼ ਵਿੱਚ ਕਿਸਾਨਾਂ ਦੀ ਹੜਤਾਲ ਦਾ ਇਹ ਅਸਲ ਮਹੱਤਵ ਹੈ। ਇਹ ਕੋਈ ਸਥਾਨਕ, ਮੌਸਮੀ, ਕਿਸੇ ਖ਼ਾਸ ਫ਼ਸਲ ਜਾਂ ਕੁਦਰਤੀ ਆਫ਼ਤ ਨਾਲ ਜੁੜਿਆ ਦੁਖੜਾ ਨਹੀਂ ਹੈ। ਇਹ ਵਿਰੋਧ ਸਿੱਧਾ ਭਾਰਤ ਦੀ ਖੇਤੀਬਾੜੀ ਦੇ ਸੰਕਟ ਨਾਲ ਜੁੜਿਆ ਹੋਇਆ ਹੈ। ਅੱਜ ਭਾਰਤ ਵਿੱਚ ਖੇਤੀਬਾੜੀ ਦੇ ਸੰਕਟ ਦੀਆਂ ਤਿੰਨ ਵੰਨਗੀਆਂ ਹਨ। ਸਭ ਤੋਂ ਪਹਿਲਾਂ ਭਾਰਤੀ ਖੇਤੀਬਾੜੀ ਵਿੱਚ ਇੱਕ ਵਾਤਾਵਰਣਕ ਸੰਕਟ ਹੈ। ਹਰੇ ਇਨਕਲਾਬ ਨਾਲ ਜੁੜੇ ਖੇਤੀਬਾੜੀ ਦੇ ਆਧੁਨਿਕ ਅਭਿਆਸ ਟਿਕਾਊ ਨਹੀਂ ਹਨ। ਵਸੀਲਿਆਂ ਦੀ ਹੱਦ ਤੋਂ ਵੱਧ ਵਰਤੋਂ ਹੋ ਚੁੱਕੀ ਹੈ, ਖਾਦਾਂ ਤੇ ਕੀਟਨਾਸ਼ਕਾਂ ਦੀ ਬਹੁਤ ਭਾਰੀ ਵਰਤੋਂ ਹੋ ਰਹੀ ਹੈ ਤੇ ਪਾਣੀ ਦੀ ਵਰਤੋਂ ਵਾਲੀ ਖੇਤੀਬਾੜੀ ਆਪਣੇ ਅੰਤ ਤਕ ਜਾ ਅੱਪੜੀ ਹੈ। ਦੂਜੇ, ਭਾਰਤੀ ਖੇਤੀਬਾੜੀ ਉੱਤੇ ਆਰਥਿਕ ਸੰਕਟ ਹੈ। ਖੇਤੀ ਉਤਪਾਦਕਤਾ ਦੇਸ਼ ਦੀ ਜ਼ਰੂਰਤ ਤੇ ਜ਼ਮੀਨ ਤੇ ਵਸੀਲਿਆਂ ਦੀ ਉਪਲੱਬਧਤਾ ਦੇ ਹਿਸਾਬ ਨਾਲ ਨਹੀਂ ਹੋ ਰਹੀ। ਅਤੇ ਤੀਜੀ ਕਿਸਮ ਵੀ ਇਸੇ ਨਾਲ ਜੁੜੀ ਹੋਈ ਹੈ, ਉਹ ਹੈ ਕਿਸਾਨ ਦੀ ਹੋਂਦ ਦਾ ਸੰਕਟ। ਖੇਤੀਬਾੜੀ ਇੱਕ ਗ਼ੈਰ-ਵਿਵਹਾਰਕ ਪ੍ਰਸਤਾਵ ਹੈ ਤੇ ਇਸ ਨਾਲ ਹੁਣ ਜ਼ਿਆਦਾਤਰ ਘਾਟਾ ਤੇ ਨੁਕਸਾਨ ਹੀ ਜੁੜਿਆ ਹੋਇਆ ਹੈ। ਖੇਤੀਬਾੜੀ ਨਾਲ ਸਬੰਧਤ ਵਸਤਾਂ ਦੀਆਂ ਕੀਮਤਾਂ ਉਸ ਰਫ਼ਤਾਰ ਨਾਲ ਨਹੀਂ ਵਧ ਰਹੀਆਂ, ਜਿੰਨੀ ਤੇਜ਼ੀ ਨਾਲ ਫ਼ਸਲਾਂ ਉਗਾਉਣ ਦਾ ਖ਼ਰਚਾ ਵਧਦਾ ਜਾ ਰਿਹਾ ਹੈ। ਕਿਸਾਨਾਂ ਲਈ ਕਿਸੇ ਵਧੀਆ ਸਾਲ 'ਚ ਵੀ ਜਿਊਣਾ ਬਹੁਤ ਔਖਾ ਹੈ ਕਿਉਂਕਿ ਉਹ ਹਰ ਸਮੇਂ ਖ਼ੁਦ ਨੂੰ ਕਰਜ਼ੇ ਦੀ ਕੁੜਿੱਕੀ ਵਿੱਚ ਹੀ ਫਸੇ ਪਾਉਂਦੇ ਹਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਵਰਤਾਰਾ ਇਸੇ ਸੰਕਟ ਨਾਲ ਸਿੱਧਾ ਜੁੜਿਆ ਹੋਇਆ ਹੈ।

ਮਹਾਰਾਸ਼ਟਰ 'ਚ ਕਿਸਾਨਾਂ ਦੀ ਹੜਤਾਲ ਬਾਰੇ ਅਹਿਮ ਗੱਲ ਇਹ ਹੈ ਕਿ ਹੁਣ ਇਹ ਬੁਨਿਆਦੀ ਸੰਕਟ ਹੱਲ ਕਰਨ ਦੀ ਮੰਗ ਕੀਤੀ ਗਈ ਹੈ। ਕਿਸਾਨਾਂ ਦੀਆਂ ਮੰਗਾਂ ਕੁਈ ਤੁਰਤ-ਫੁਰਤ ਮੰਨੀਆਂ ਜਾ ਸਕਣ ਵਾਲੀਆਂ ਜਾਂ ਸਥਾਨਕ ਪੱਧਰ ਦੀ ਰਾਹਤ ਤਕ ਸੀਮਤ ਨਹੀਂ ਹੈ। ਸਗੋਂ ਇਸ ਦੀ ਥਾਂ ਉਨ੍ਹਾਂ ਨੇ ਫ਼ਸਲਾਂ ਦੀਆਂ ਕੀਮਤਾਂ ਦੇ ਨਿਰਧਾਰਣ ਦੇ ਬੁਨਿਆਦੀ ਮੁੱਦੇ ਨੂੰ ਚੁੱਕਿਆ ਹੈ। ਉਨ੍ਹਾਂ ਨੇ ਸੱਤਾਧਾਰੀ ਪਾਰਟੀ ਨੂੰ ਉਸ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦਾ ਚੋਣ ਮੁੱਦਾ ਚੇਤੇ ਕਰਵਾਇਆ ਹੈ, ਜਿਸ ਬਾਰੇ ਆਖਿਆ ਗਿਆ ਸੀ ਕਿ ਇਹ ਕਿਸਾਨਾਂ ਦੀ ਲਾਗਤ ਤੋਂ 50 ਫ਼ੀਸਦੀ ਵੱਧ ਤੈਅ ਕੀਤਾ ਜਾਇਆ ਕਰੇਗਾ। ਉਹ ਸਵਾਮੀਨਾਥਨ ਕਮਿਸ਼ਨ ਵੱਲੋਂ ਸੁਝਾਏ ਬਹੁਤੇ ਢਾਂਚਾਗਤ ਸੁਧਾਰ ਲਾਗੂ ਕੀਤੇ ਜਾਣ ਦੀ ਮੰਗ ਕਰ ਰਹੇ ਹਨ। ਕਿਸਾਨ ਅੰਦੋਲਨਾਂ ਦੀਆਂ ਕੁਝ ਮੰਗਾਂ ਤਾਂ ਇੰਨੀਆਂ ਪੁਰਾਣੀਆਂ ਚੱਲੀਆਂ ਆ ਰਹੀਆਂ ਹਨ ਕਿ ਕੋਈ ਸਿਆਸੀ ਪਾਰਟੀ ਉਨ੍ਹਾਂ ਦਾ ਕੋਈ ਹੱਲ ਲੱਭਣਾ ਹੀ ਨਹੀਂ ਚਾਹੁੰਦੀ।

ਫੜਨਵੀਸ ਸਰਕਾਰ ਕੁਝ ਸ਼ਰਤਾਂ ਨਾਲ ਅੰਸ਼ਕ ਕਰਜ਼ਾ ਮੁਆਫ਼ ਕਰਨ ਲਈ ਸਹਿਮਤ ਹੋਈ ਹੈ, ਪਰ ਕਿਸਾਨ ਇਸ ਤੋਂ ਸੰਤੁਸ਼ਟ ਨਹੀਂ ਹੋ

**ਬਾਕੀ ਸਫ਼ਾ 32 'ਤੇ**

# ਪਰਿਵਾਰਵਾਦ 'ਚ ਉਲਝਿਆ ਉਦਾਰਵਾਦੀ ਭਾਰਤ ਦਾ ਸੰਕਲਪ

## *ਸਰਕਾਰਾਂ ਤੋਂ ਡਰਨ ਵਾਲਾ ਨਹੀਂ ਮੀਡੀਆ...*

**ਹਰੀਸ਼ ਖਰੇ**




ਪਿਛਲੇ ਸ਼ੁੱਕਰਵਾਰ ਮੀਡੀਆ ਨੇ ਇੱਕ ਵਾਰ ਫਿਰ ਆਪਣੀ ਗ਼ੈਰਤ ਦਾ ਸਬੂਤ ਦਿੱਤਾ। ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਇਕੱਠੇ ਹੋ ਕੇ ਮੀਡੀਆ ਦੇ ਦਿੱਗਜ ਆਗੂਆਂ ਅਤੇ ਕਰਮੀਆਂ ਨੇ 'ਐੱਨ.ਡੀ.ਟੀ.ਵੀ. ਉੱਤੇ ਛਾਪੇ ਅਤੇ ਪ੍ਰੈੱਸ ਦੀ ਆਜ਼ਾਦੀ' ਵਿਸ਼ੇ 'ਤੇ ਵਿਚਾਰ-ਵਟਾਂਦਰਾ ਕਰ ਕੇ ਆਪਣੀ ਇਕਮੁੱਠਤਾ ਦਾ ਸਬੂਤ ਦਿੱਤਾ। ਕੁੱਝ ਦਿਨ ਪਹਿਲਾਂ ਸੀ.ਬੀ.ਆਈ. ਨੇ ਐਵੇਂ ਮਾਮੂਲੀ ਅਤੇ ਮਸ਼ਕੂਕ ਜਿਹੀ ਸ਼ਿਕਾਇਤ ਦੇ ਆਧਾਰ 'ਤੇ ਐੱਨ.ਡੀ.ਟੀ.ਵੀ. ਦੇ ਮੁਖੀ ਪ੍ਰਣੌਇ ਰਾਏ ਦੇ ਘਰ ਤੇ ਦਫ਼ਤਰ ਉੱਤੇ ਛਾਪਾ ਮਾਰਿਆ ਸੀ। ਸਰਕਾਰ ਨੂੰ ਲੱਗਦਾ ਸੀ ਕਿ ਖੱਖੜੀ-ਖੱਖੜੀ ਹੋਇਆ ਮੀਡੀਆ ਜਗਤ ਇਸ ਝਟਕੇ ਵਿਰੁੱਧ ਏਕੇ ਦਾ ਮੁਜ਼ਾਹਰਾ ਨਹੀਂ ਕਰ ਸਕੇਗਾ।

ਇਹ ਕੋਈ ਪਹਿਲੀ ਵਾਰ ਨਹੀਂ ਹੋਇਆ ਕਿ ਕਿਸੇ 'ਤਕੜੇ' ਨਿਜ਼ਾਮ ਨੇ ਮੀਡੀਆ ਦੀ ਆਲੋਚਨਾ ਵਾਲੀ ਸੁਰ ਨੂੰ ਦਬਾਉਣ ਲਈ ਅਜਿਹਾ ਹਰਬਾ ਵਰਤਿਆ ਹੋਵੇ। ਫਿਰ ਮੋਦੀ ਸਰਕਾਰ ਹੀ ਕਿਉਂ ਪਿੱਛੇ ਰਹੇ? ਸਾਡੀ ਜਮਹੂਰੀਅਤ ਵਿੱਚ ਅਜਿਹੇ ਕਸੂਤੇ ਕਾਰੇ ਵਾਰ ਵਾਰ ਹੁੰਦੇ ਰਹਿੰਦੇ ਹਨ ਅਤੇ ਵਾਰ ਵਾਰ ਹੀ ਇਸ ਪਿਛਾਖੜੀ ਸੋਚ ਨੂੰ ਮੂਹਰਿਉਂ ਹੋ ਕੇ ਟੱਕਰਨਾ ਪੈਂਦਾ। ਇਸੇ ਲਈ ਸ਼ੁਕਰਵਾਰ ਵਾਲਾ ਵਿਰੋਧ ਆਪਣੇ ਆਪ ਵਿੱਚ ਬਹੁਤ ਅਹਿਮ ਸੀ। ਇਸ ਮੌਕੇ 'ਤੇ ਹੋਏ ਇਕੱਠ ਵਿੱਚ ਉੱਘੜਵੀਂ ਸ਼ਖ਼ਸੀਅਤ ਸਨ ਉੱਘੇ ਕਾਨੂੰਨਦਾਨ ਅਤੇ ਮੰਨੇ-ਪ੍ਰਮੰਨੇ ਵਿਦਵਾਨ ਫ਼ਾਲੀ ਨਰੀਮਨ। ਉਨ੍ਹਾਂ ਨੇ ਯੁਵਾ ਪੱਤਰਕਾਰਾਂ ਨੂੰ ਯਾਦ ਦਿਵਾਇਆ ਕਿ ਧੱਕੜਸ਼ਾਹ ਹਕੂਮਤਾਂ ਅਤੇ ਤਾਨਾਸ਼ਾਹ ਰਹਿਬਰਾਂ ਵਿਰੁੱਧ ਸਮੂਹਿਕ ਆਵਾਜ਼ ਬੁਲੰਦ ਕਰਨੋਂ ਨਾਕਾਮ ਰਹਿਣ ਵਾਲਿਆਂ ਦਾ ਹਸ਼ਰ ਕੀ ਹੋਇਆ ਕਰਦਾ ਹੈ।

ਅਤੇ, ਐਨ ਮੌਕੇ 'ਤੇ ਉਨ੍ਹਾਂ ਨੇ ਜਰਮਨ ਪਾਦਰੀ ਮਾਰਟਿਨ ਨਿਓਮੌਲਰ ਵੱਲੋਂ ਲਿਖੀ ਇੱਕ ਕਵਿਤਾ ਸੁਣਾਈ ਜਿਹੜੀ ਹਿਟਲਰ ਕਾਲ ਵਿੱਚ ਲਿਖੀ ਗਈ ਸੀ:

ਪਹਿਲਾਂ ਉਹ ਸਾਮਵਾਦੀਆਂ ਨੂੰ ਫੜਨ ਆਏ,<br>
ਮੈਂ ਨਹੀਂ ਬੋਲਿਆ, ਕਿਉਂਕਿ ਮੈਂ ਸਾਮਵਾਦੀ ਨਹੀਂ ਸੀ।<br>
ਫਿਰ ਉਹ ਟਰੇਡ-ਯੂਨੀਅਨ ਆਗੂਆਂ ਨੂੰ ਦਬੋਚਣ ਆ ਗਏ,<br>
ਮੈਂ ਤਾਂ ਵੀ ਚੁੱਪ ਰਿਹਾ, ਕਿਉਂਕਿ<br>
ਮੈਂ ਕਿਹੜਾ ਟਰੇਡ-ਯੂਨੀਅਨ ਲੀਡਰ ਸੀ।<br>
ਫਿਰ ਉਹ ਯਹੂਦੀਆਂ ਨੂੰ ਚੁੱਕਣ ਆ ਪਹੁੰਚੇ,<br>
ਪਰ ਮੈਂ ਤਾਂ ਵੀ ਨਹੀਂ ਕੁਸਕਿਆ, ਮੈਂ ਯਹੂਦੀ ਥੋੜ੍ਹਾ ਸੀ।<br>
ਇੱਕ ਦਿਨ ਫਿਰ ਉਹ ਮੈਨੂੰ ਹੀ ਫੜਨ ਆ ਧਮਕੇ,<br>
ਅਤੇ ਹੁਣ ਮੇਰੇ ਹੱਕ 'ਚ ਖੜ੍ਹਨ ਵਾਲਾ ਕੋਈ ਨਹੀਂ ਸੀ।

ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਹੋਏ ਇਸ ਸਮਾਗਮ ਦਾ ਸੁਨੇਹਾ ਸਾਫ਼ ਸੀ ਕਿ ਮੀਡੀਆ ਕਦੇ ਵੀ ਪਿਛਾਖੜੀ ਤਾਕਤਾਂ ਅੱਗੇ ਗੋਡੇ ਨਹੀਂ ਟੇਕੇਗਾ ਅਤੇ ਪੂਰੇ ਜਜ਼ਬੇ ਨਾਲ ਆਪਣਾ ਕਿੱਤਾਵਰ ਧਰਮ ਨਿਭਾਉਂਦਾ ਰਹੇਗਾ।

**ਸਦੀਵੀ ਅਲਵਿਦਾ ਦਾ ਖ਼ੂਬਸੂਰਤ ਅੰਦਾਜ਼**

ਇੱਥੇ ਮੇਰੇ ਪਰਿਵਾਰਕ ਮਿੱਤਰ ਹੀਰਾ ਚੰਦ ਗੁਗਲਾਨੀ ਦਾ ਜ਼ਿਕਰੇ ਖ਼ੈਰ ਕਰਨਾ ਬਣਦਾ ਹੈ ਜਿਹੜਾ ਸੰਖੇਪ ਜਿਹੀ ਬਿਮਾਰੀ ਬਾਅਦ 87 ਸਾਲ ਦੀ ਉਮਰ ਭੋਗ ਕੇ ਹੁਣੇ ਜਿਹੇ ਸਵਰਗਵਾਸ ਹੋਇਆ ਹੈ। ਕਿੱਤੇ ਵਜੋਂ ਇੱਕ ਇਮਾਰਤਸਾਜ਼ ਤੇ ਪ੍ਰਸ਼ਾਸਕ ਰਿਹਾ ਇਹ ਵਿਅਕਤੀ ਜ਼ਿੰਦਗੀ ਵਾਂਗ ਹੀ ਮਰਨ ਨਾਲ ਜੁੜੇ ਮਾਮਲਿਆਂ ਵਿੱਚ ਵੀ ਬੜਾ ਸਧਿਆ ਹੋਇਆ ਸੀ ਜਿਸ ਦਾ ਸਬੂਤ ਉਸ ਦੇ ਮਰਨ ਉਪਰੰਤ ਮਿਲਿਆ।

ਉਸ ਦੀ ਮੌਤ 'ਤੇ ਉਸ ਦੀ ਪੋਤੀ ਨੇ ਦੱਸਿਆ ਕਿ ਉਸ ਦੇ ਬਾਬੇ ਨੇ ਕਈ ਸਾਲ ਪਹਿਲਾਂ ਹੀ ਇਸ ਬਾਰੇ ਹੇਠ ਦਰਜ ਕਾਵਿਕ ਰੂਪ ਅਨੁਸਾਰ ਸਭ ਕੁੱਝ ਸਪੱਸ਼ਟ ਕਰ ਦਿੱਤਾ ਸੀ:

ਅੰਤਮ ਇੱਛਾ:<br>
ਮੇਰੇ ਮਰਨ 'ਤੇ ਕੋਈ ਨਾ ਰੋਵੇ<br>
ਕਰ ਦੇਣਾ ਮੇਰਾ ਜਿਸਮ,<br>
ਬਿਜਲਈ ਸ਼ੋਅਲਿਆਂ ਹਵਾਲੇ।<br>
ਨਹੀਂ ਬੁਲਾਣਾ ਪੰਡਤ, ਨਾ ਕਰਨਾ ਕੋਈ ਘੋਟਾਲਾ,<br>
ਉਸੇ ਦਿਨ ਚੌਥਾ, ਉਸੇ ਦਿਨ ਉਠਾਲਾ।<br>
ਕੋਈ ਫੁੱਲ ਨਹੀਂ ਹਨ ਚੁਗਣੇ,<br>
ਨਾ ਜੀਮਣਾ ਬਾਹਮਣ ਕੋਈ,<br>
ਨਾ ਕੋਈ ਸੰਸਕਾਰ ਹੈ ਕਰਨਾ,<br>
ਨਾ ਕੋਈ ਹਰਦਵਾਰ ਹੀ ਜਾਵੇ।<br>
ਕਿਹੜਾ ਇੱਥੇ ਥਿਰ ਰਹਿਆ ਹੈ?<br>
ਰਾਮ ਤੁਰ ਗਿਆ, ਕ੍ਰਿਸ਼ਨ ਮਰ ਗਿਆ,<br>
ਸਭ ਨੇ ਇੱਥੋਂ ਚਲੇ ਹੈ ਜਾਣਾ,<br>
ਜੋ ਜੰਮਿਆ ਉਹ ਮਰ ਹੈ ਜਾਣਾ।<br>
ਜੀਵਨ ਚਲੋ ਚਲੀ ਦਾ ਮੇਲਾ,<br>
ਫਿਰ ਕਿਉਂ ਹੋਵੇ ਕੋਈ ਝਮੇਲਾ।<br>
ਕਾਹਦਾ ਹੈ ਫਿਰ ਰੋਣਾ ਧੋਣਾ,<br>
ਜਦ ਤਕ ਜੀਓ, ਨਿੰਠ ਕੇ ਜੀਓ,<br>
ਨਾ ਕੁੱਝ ਤੇਰਾ, ਨਾ ਕੁੱਝ ਮੇਰਾ,<br>
ਦੁਨੀਆ ਤਾਂ ਬਸ ਰੈਣ ਬਸੇਰਾ।

'ਮਿਸਟਰ ਗੁਗਲਾਨੀ' ਕਰ ਕੇ ਜਾਣਿਆ ਜਾਂਦਾ ਇਹ ਸ਼ਖ਼ਸ ਦੇਸ਼-ਵੰਡ ਦੀ ਪੈਦਾਇਸ਼ ਸੀ। ਪਹਿਲਾਂ ਉੱਜੜਿਆ, ਫਿਰ ਮੁੜ ਵੱਸਿਆ। ਇੱਕ ਅਜਿਹਾ ਵਿਅਕਤੀ ਜਿਸ ਨੇ ਆਪਣੀ ਤਕਦੀਰ ਆਪ ਲਿਖੀ ਅਤੇ ਜ਼ਿੰਦਗੀ ਦੀ ਕਿਤਾਬ 'ਚੋਂ ਹੀ ਪੜ੍ਹਿਆ ਗੁੜ੍ਹਿਆ। ਧਰਮਾਂ ਦੇ ਜੰਤਰ-ਮੰਤਰ ਤੋਂ ਬੇਨਿਆਜ਼ ਬਿਲਕੁੱਲ ਸਪੱਸ਼ਟ ਸੋਚ ਦਾ ਮਾਲਿਕ ਜਿਸ ਦੇ ਮਨ ਉੱਪਰ ਕਦੇ ਰਸਮੋ -ਰਿਵਾਜ ਜਾਂ ਰਵਾਇਤ ਦਾ ਕੋਈ ਡਰ-ਭਉ ਨਹੀਂ ਰਿਹਾ।

**ਪਰਿਵਾਰਵਾਦ 'ਚ ਉਲਝਿਆ ਉਦਾਰਵਾਦੀ ਭਾਰਤ ਦਾ ਸੰਕਲਪ**

"ਹੁਣ 2019 ਦੀਆਂ ਚੋਣਾਂ ਤੋਂ ਬਹੁਤੇ ਦੂਰ ਨਹੀਂ ਹਾਂ। ਸਾਨੂੰ ਭਾਰਤ ਦੇ ਖ਼ਾਸੇ ਉਤੇ ਵਿਚਾਰ ਦੀ ਰਾਖੀ ਲਈ ਹਰ ਹਾਲ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਮੌਜੂਦਾ ਸਰਕਾਰ ਉਸ ਦਾ ਖ਼ਾਤਮਾ ਕਰਨ 'ਤੇ ਤੁਲੀ ਹੋਈ ਹੈ।" ਇਹ ਨਸੀਹਤ ਕੁਝ ਦਿਨ ਪਹਿਲਾਂ ਸ੍ਰੀਮਤੀ ਸੋਨੀਆ ਗਾਂਧੀ ਨੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ 'ਚ ਦਿੱਤੀ। ਅਜਿਹਾ ਕਹਿ ਕੇ ਕਾਂਗਰਸ ਪ੍ਰਧਾਨ ਨੇ ਕਾਂਗਰਸੀਆਂ ਦੇ ਕਮਜ਼ੋਰ ਤੇ ਦੁਰਬਲ ਹੋ ਚੁੱਕੇ ਮੋਢਿਆਂ ਉੱਤੇ ਜ਼ਿੰਮੇਵਾਰੀ ਦਾ ਬਹੁਤ ਵੱਡਾ ਬੋਝ ਪਾ ਦਿੱਤਾ ਹੈ। ਇਹ ਬੋਝ ਹੋਰ ਵੀ ਜ਼ਿਆਦਾ ਭਾਰੀ ਇਸ ਕਰਕੇ ਲੱਗ ਰਿਹਾ ਹੈ ਕਿਉਂਕਿ ਕਾਂਗਰਸੀਆਂ ਨੂੰ ਤਾਂ ਇਹ ਪਤਾ ਹੀ ਨਹੀਂ ਕਿ ਭਾਰਤ ਦਾ ਵਿਚਾਰ' ਜਾਂ ਭਾਰਤ ਦਾ ਸੰਕਲਪ' ਕੀ ਹੈ ਅਤੇ ਇਸ ਨੂੰ ਬਚਾਉਣ ਲਈ ਲੜਨ ਦੀ ਲੋੜ ਵੀ ਹੈ ਜਾਂ ਨਹੀਂ। ਕਿਉਂਕਿ ਭਾਰਤ ਦੇ ਭਵਿੱਖ ਬਾਰੇ ਸ੍ਰੀਮਤੀ ਸੋਨੀਆ ਗਾਂਧੀ ਦਾ ਸੂਤਰੀਕਰਨ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੇ ਜਿੱਤਣ ਦੇ ਦਾਅਵੇ 'ਤੇ ਆਧਾਰਤ ਹੈ, ਇਸ ਲਈ ਕਾਂਗਰਸੀਆਂ ਨੂੰ ਸਮਝ ਹੀ ਨਹੀਂ ਰਹੀ ਕਿ ਉਹ ਕੀ ਕਰਨ। ਕਿਸੇ ਨੇ ਉਨ੍ਹਾਂ ਨੂੰ ਇਹ ਦੱਸਿਆ ਹੀ ਨਹੀਂ ਕਿ ਇੰਨੀ ਵੱਡੀ ਗਿਣਤੀ ਵਿੱਚ ਭਾਰਤ ਦੇ ਲੋਕ ਕਾਂਗਰਸੀ/ਉਦਾਰਵਾਦੀ/ਧਰਮ-ਨਿਰਪੇਖ ਆਧਾਰ 'ਤੇ ਪਰਿਭਾਸ਼ਿਤ ਵਿਚਾਰ ਤੋਂ ਲਾਂਭੇ ਕਿਉਂ ਹੋ ਗਏ ਹਨ। ਚੋਣਾਂ ਵਿੱਚ ਕਰਾਰੀ ਹਾਰ ਦੇ ਤਿੰਨ ਸਾਲ ਬਾਅਦ ਵੀ ਕਾਂਗਰਸੀਆਂ ਨੂੰ ਵਿਅਕਤੀਗਤ ਤੇ ਸਮੂਹਕ ਤੌਰ 'ਤੇ ਹਾਲੇ ਤਕ ਇਹੋ ਪਤਾ ਨਹੀਂ ਲੱਗ ਸਕਿਆ ਕਿ ਸਾਲ 2014 'ਚ ਪਾਰਟੀ ਨੇ ਕਿੱਥੇ ਖ਼ਤਾ ਖਾਧੀ ਅਤੇ ਆਖ਼ਰ ਉਹ ਚੁਣਾਵੀ ਖੇਡ ਹਾਰ ਕਿਉਂ ਗਈ ਸੀ।

ਕਾਂਗਰਸੀਆਂ ਤੇ ਹੋਰਨਾਂ ਦਾ ਨਾ ਤਾਂ ਨਰਿੰਦਰ ਮੋਦੀ ਦੀ ਨਿੰਦਾ ਕਰ ਕੇ ਕੁਝ ਬਣਨਾ ਹੈ ਤੇ ਨਾ ਹੀ ਉਨ੍ਹਾਂ ਨੂੰ ਇਸ ਆਸ ਨਾਲ ਜਿਊਣਾ ਚਾਹੀਦਾ ਹੈ ਕਿ ਛੇਤੀ ਹੀ ਜਾਂ ਕਦੇ ਨਾ ਕਦੇ ਤਾਂ ਲੋਕ ਭਾਜਪਾ ਤੋਂ ਵੀ ਅੱਕ ਜਾਣਗੇ। ਨਵੀਂ ਦਿੱਲੀ ਵਿੱਚ ਸੰਘ ਪਰਿਵਾਰ ਦੇ ਪਰਛਾਵੇਂ ਦੀ ਲੰਬੀ ਹੁੰਦੀ ਜਾ ਰਹੀ ਮੌਜੂਦਗੀ ਦੇ ਮੱਦੇਨਜ਼ਰ ਆਮ ਵੋਟਰ ਦੀ ਸਮਝ ਉੱਤੇ ਇਹ ਭਰੋਸਾ ਰੱਖਣਾ ਵੀ ਕੋਈ ਬਹੁਤੀ ਹਕੀਕੀ ਗੱਲ ਨਹੀਂ ਹੈ ਕਿ ਉਹ ਛੇਤੀ ਹੀ ਸੰਘ ਪਰਿਵਾਰ ਦੀ ਖੇਡ ਸਮਝ ਜਾਏਗਾ। ਉਨ੍ਹਾਂ ਨੂੰ ਇੱਕ ਹਕੀਕਤ ਭੁੱਲਣੀ ਨਹੀਂ ਚਾਹੀਦੀ: ਮੋਦੀ ਸਰਕਾਰ ਪੂਰੀ ਸਥਿਰਤਾ ਨਾਲ ਦ੍ਰਿੜ੍ਹ, ਉਤਸ਼ਾਹੀ ਤੇ ਊਰਜਾ ਨਾਲ ਭਰਪੂਰ ਹੈ। ਇਸ ਸਰਕਾਰ ਦੇ ਅੰਦਰ ਹਾਲੇ ਤਕ ਆਪਣੀ ਸਿਆਸੀ ਦਿਆਨਤਦਾਰੀ ਜਾਂ ਚੋਣਾਂ ਵਿੱਚ ਆਪਣੀ ਅਜਿੱਤਤਾ ਜਾਂ ਆਪਣੇ ਰਹਿਨੁਮਾ ਦੀਆਂ ਜੱਗ-ਭਰਮਾਊ ਖ਼ੂਬੀਆਂ ਪ੍ਰਤੀ ਕੋਈ ਆਤਮ-ਸ਼ੰਕਾ ਅਜੇ ਤਕ ਵਜੂਦ ਵਿੱਚ ਨਹੀਂ ਆਇਆ।

ਇਸ ਸਭ ਦੇ ਬਾਵਜੂਦ ਸ੍ਰੀਮਤੀ ਸੋਨੀਆ ਗਾਂਧੀ ਵੀ ਪੂਰੀ ਤਰ੍ਹਾਂ ਗ਼ਲਤ ਨਹੀਂ ਹਨ; ਭਾਰਤ ਦੇ ਖ਼ਾਸੇ ਨੂੰ ਬਚਾਉਣ ਲਈ ਲੜਨਾ ਕੋਈ ਬੁਰੀ ਗੱਲ ਨਹੀਂ, ਇਹ ਲੜਾਈ ਲੜੀ ਜਾ ਸਕਦੀ ਹੈ ਅਤੇ ਇਹ ਵਧੀਆ ਤੇ ਸ਼ਾਨਦਾਰ ਜੰਗ ਹੋਵੇਗੀ। ਪਰ ਨਾਲ ਹੀ ਇਸ ਸੁਆਲ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਕਾਂਗਰਸ ਇਹ ਜੰਗ ਲੜਨ ਦੇ ਯੋਗ ਹੋਵੇਗੀ। ਅਤੇ ਇਸ ਦੇ ਨਾਲ ਹੀ ਜੁੜਿਆ ਇੱਕ ਪ੍ਰਸ਼ਨ ਇਹ ਵੀ ਹੈ: ਭਾਰਤੀ ਖ਼ਾਸਾ ਜਾਂ ਭਾਰਤ ਦਾ ਵਿਚਾਰ' ਕੀ ਹੈ? ਇਹ ਤੱਤ ਬਹੁਗਿਣਤੀ ਭਾਰਤੀਆਂ ਨੂੰ ਬੇਹਾ ਜਿਹਾ ਕਿਉਂ ਜਾਪਦਾ ਹੈ? ਇਹ ਖ਼ਾਸਾ ਇਨ੍ਹਾਂ ਭਾਰਤੀਆਂ ਨੂੰ ਲੁਭਾਉਂਦਾ ਕਿਉਂ ਨਹੀਂ? ਭਾਰਤ ਦਾ ਵਿਚਾਰ' ਜਾਂ ਭਾਰਤ ਦਾ ਖ਼ਾਸਾ ਹਰ ਤਰ੍ਹਾਂ ਜਵਾਹਰ ਲਾਲ ਨਹਿਰੂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਨੇ ਬਹੁਤ ਹੀ ਸ਼ਾਨਦਾਰ ਤੇ ਸ਼ਿਸ਼ਟ ਤਰੀਕੇ ਨਾਲ ਇਸ ਨੂੰ ਜਲੌਅ ਬਖ਼ਸ਼ਿਆ ਸੀ; ਉਦੋਂ ਇਸ ਖ਼ਾਸੇ ਨਾਲ ਬਹੁਤ ਕੁਝ ਬੌਧਿਕ ਤੇ ਵਿਦਵਤਾਪੂਰਨ ਜੁੜਿਆ ਹੋਇਆ ਸੀ। ਭਾਰਤ ਦਾ ਵਿਚਾਰ' ਦਰਅਸਲ ਇੱਕ ਕੋਡ-ਸ਼ਬਦ ਹੈ, ਜਿਸ ਨੂੰ ਅਸੀਂ ਨਹਿਰੂ ਯੁੱਗ ਦੀ ਆਮ ਸਹਿਮਤੀ' ਵਜੋਂ ਜਾਣਦੇ ਹਾਂ, ਜੋ ਪੂਰੀ ਤਰ੍ਹਾਂ ਸੰਵਿਧਾਨ ਦੀ ਭਾਵਨਾ ਅਨੁਸਾਰ ਸੀ ਅਤੇ ਇਹ ਆਧੁਨਿਕ ਭਾਰਤ ਦੇਸ਼ ਦੀ ਸਿਰਜਣਾ ਤੇ ਸੰਗਠਨ ਦੇ ਸਿਧਾਂਤ ਮੁਤਾਬਕ ਵੀ ਹੈ। ਇਹ ਸਿਧਾਂਤ ਮਨੁੱਖਤਾਵਾਦੀ, ਪ੍ਰਗਤੀਸ਼ੀਲ ਤੇ ਸਮਾਨਤਾ ਵਾਲੀ ਸਮਾਜਿਕ ਵਿਵਸਥਾ ਕਾਇਮ ਕਰਨ ਦਾ ਵਾਅਦਾ ਕਰਦਾ ਹੈ। ਭਾਰਤ ਦੇ ਵਿਚਾਰ' ਨੂੰ ਅਹਿਮ ਤੇ ਸਮੁੱਚੀ ਪ੍ਰਵਾਨਗੀ ਇਸ ਕਰਕੇ ਮਿਲ ਗਈ ਕਿਉਂਕਿ ਇਹ ਅਜਿਹੇ ਸਿਧਾਂਤਾਂ, ਵਿਸ਼ਵਾਸਾਂ, ਵਿਚਾਰਾਂ ਤੇ ਆਦਰਸ਼ਾਂ ਦਾ ਇਕ ਸੰਗ੍ਰਹਿ ਹੈ; ਜਿਹੜੇ ਬਰਤਾਨਵੀ ਬਸਤੀਵਾਦੀ ਹਕੂਮਤ ਵਿਰੁੱਧ ਆਜ਼ਾਦੀ ਦੇ ਸੰਘਰਸ਼ ਦੌਰਾਨ ਉਲੀਕੇ ਅਤੇ ਮਜ਼ਹਬੀ ਅਕੀਦਿਆਂ ਵਾਂਗ ਅਪਣਾਏ ਗਏ ਸਨ। ਇਹ ਨਹਿਰੂ ਹੀ ਸਨ, ਜਿਨ੍ਹਾਂ ਨੇ ਭਾਰਤ ਦੇ ਖ਼ਾਸੇ' ਦੀ ਵਿਚਾਰਧਾਰਕ ਉੱਚਤਾ-ਸੁੱਚਤਾ ਕਾਇਮ ਕਰਨ ਵਿੱਚ ਆਪਣੀਆਂ ਬੌਧਿਕ, ਸਿਆਸੀ, ਨਿੱਜੀ ਤੇ ਪ੍ਰਸ਼ਾਸਕੀ ਸਭ ਤਾਕਤਾਂ ਲਾ ਦਿੱਤੀਆਂ ਸਨ: ਇਸੇ ਮਿਹਨਤ ਦੀ ਬਦੌਲਤ ਹੀ ਇਹ ਖ਼ਾਸਾ, ਇਹ ਵਿਚਾਰ ਭਾਰਤੀ ਸੋਚ ਤੇ ਸੂਹਜ ਵਿੱਚ ਸਹਿਜੇ ਹੀ ਸਮਾਅ ਗਿਆ। ਅਜਿਹਾ ਇਸ ਕਰਕੇ ਵੀ ਸੀ ਕਿਉਂਕਿ ਇਹ ਮਹਿਜ਼ ਕਾਂਗਰਸ ਦੀ ਸਿਆਸੀ ਸਰਦਾਰੀ ਜਾਂ ਨਹਿਰੂ ਦੀ ਕ੍ਰਿਸ਼ਮਈ ਮੌਜੂਦਗੀ ਉੱਤੇ ਨਹੀਂ ਸਗੋਂ ਸਮਾਜਿਕ ਆਮ-ਸਹਿਮਤੀ ਦੇ ਸੰਕਲਪ ਉੱਤੇ ਆਧਾਰਤ ਸੀ। ਕਾਂਗਰਸ ਦੇ ਉੱਚ ਆਗੂਆਂ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਸੀ ਤੇ ਉੱਚ-ਪੱਧਰ ਦੇ ਵਿਸ਼ਵਾਸ ਤੇ ਸਤਿਕਾਰ ਦੇ ਆਧਾਰ ਉੱਤੇ ਇਕਜੁਟਤਾ ਨਾਲ ਇਸ ਦਾ ਪ੍ਰਚਾਰ ਤੇ ਪਾਸਾਰ ਕੀਤਾ ਗਿਆ ਸੀ। ਅਤੇ ਇਹ ਸਭ ਇੱਕ ਵਿਵਸਥਾ ਤੇ ਸਥਿਰਤਾ ਦੀ ਭਾਵਨਾ ਲਿਆਉਣ ਦੀ ਖ਼ੁਸ਼ੀ ਤੇ ਤਸੱਲੀ 'ਚੋਂ ਉਪਜਿਆ ਸੀ। ਵਿਵਸਥਾ ਤੇ ਸਥਿਰਤਾ ਵਾਲੀ ਭਾਵਨਾ ਜ਼ਰੂਰੀ ਵੀ ਸੀ ਕਿਉਂਕਿ ਇਹ ਸਾਰੀਆਂ ਗੱਲਾਂ ਸਦੀਆਂ ਤੋਂ ਸਾਡੀ ਪ੍ਰਾਚੀਨ ਮਾਤਭੂਮੀ ਤੋਂ ਦੂਰ ਹੀ ਰਹੀਆਂ ਸਨ।

ਸਾਰੀਆਂ ਵਿਚਾਰਧਾਰਕ ਧਾਰਨਾਵਾਂ ਵਾਂਗ ਭਾਰਤ ਦੇ ਵਿਚਾਰ' ਦੇ ਵੀ ਖੱਬੇ ਤੇ ਸੱਜੇ ਆਲੋਚਕ ਹੁੰਦੇ ਸਨ। ਜਦੋਂ ਇਹ ਲੱਗਣ ਲੱਗਾ ਕਿ ਇਸ ਦੀ ਚਮਕ ਤੇ ਦਿਸ਼ਾ ਗੁਆਚਣ ਲੱਗ ਪਈ ਹੈ; ਤਾਂ ਇੰਦਰਾ ਗਾਂਧੀ ਨੇ ਇਸ ਨੂੰ ਨਵਾਂ ਰੂਪ ਦੇ ਦਿੱਤਾ ਸੀ; ਰਾਜੀਵ ਗਾਂਧੀ ਅਧੀਨ ਇਹ ਸੁੰਗੜ ਕੇ ਤਕਨਾਲੋਜੀਕਲ ਯੋਜਨਾਵਾਂ ਤਕ ਸੀਮਤ ਹੋ ਕੇ ਰਹਿ ਗਿਆ ਸੀ। ਰਾਜੀਵ ਨੇ ਸਮਾਜ ਤੇ ਦੇਸ਼ ਦੇ ਬੁਨਿਆਦੀ ਮਸਲੇ ਹੱਲ ਕਰਨ ਲਈ ਗ਼ੈਰ-ਸਿਆਸੀ ਮਾਹਰਾਂ ਉੱਤੇ ਭਰੋਸਾ ਕਰਨਾ ਵਾਜਬ ਸਮਝਿਆ ਸੀ। ਇੱਕ ਵਾਰ ਤਾਂ ਇਹੋ ਪ੍ਰਭਾਵ ਬਣਿਆ ਸੀ ਕਿ ਭਾਰਤ ਇਸ ਨੌਜਵਾਨ, ਤੇ ਬਹੁਤ ਨਾਤਜਰਬੇਕਾਰ, ਆਗੂ ਦੀ ਅਗਵਾਈ ਹੇਠ '21ਵੀਂ ਸਦੀ' ਵਿੱਚ ਅਵੱਸ਼ ਪ੍ਰਵੇਸ਼ ਕਰੇਗਾ। ਕਾਂਗਰਸ ਪਾਰਟੀ ਨੇ ਖ਼ੁਦ ਨੂੰ ਭਾਰਤ ਦੇ ਵਿਚਾਰ' ਜਾਂ ਖ਼ਾਸੇ ਦੇ ਪਾਸਾਰ ਲਈ ਇੱਕ ਅਧਿਕਾਰਤ ਵਸੀਲਾ ਜਾਂ ਔਜ਼ਾਰ ਮੰਨ ਲਿਆ ਸੀ। ਜਦੋਂ ਤਕ ਇੰਦਰਾ ਗਾਂਧੀ ਜੀਵਿਤ ਸੀ, ਕਾਂਗਰਸੀ ਆਗੂ ਅਜਿਹੇ ਵਿਚਾਰਾਂ ਤੇ ਵਿਚਾਰਧਾਰਾ ਨਾਲ ਲੈਸ ਹੋਣਾ ਵਾਜਬ ਸਮਝਦੇ ਸਨ; ਉਹ ਇਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਨੂੰ ਕੋਈ ਨਾ ਕੋਈ ਸਟੈਂਡ ਲੈਣਾ ਹੀ ਪਵੇਗਾ, ਉਨ੍ਹਾਂ ਨੂੰ ਕਿਸੇ ਚੀਜ਼ ਦੇ ਹੱਕ ਤੇ ਕਿਸੇ ਚੀਜ਼ ਦੇ ਖ਼ਿਲਾਫ਼ ਸਟੈਂਡ ਲੈਣਾ ਹੋਵੇਗਾ। ਕਾਂਗਰਸ ਪਾਰਟੀ ਸਿਆਸੀ ਅਰਥ-ਵਿਵਸਥਾ ਦੀਆਂ ਮੰਗਾਂ ਪ੍ਰਤੀ ਉਦਾਸੀਨ ਨਹੀਂ ਸੀ ਰਹਿ ਸਕਦੀ; ਇਸ ਨੇ ਦੇਸ਼-ਵਿਦੇਸ਼ ਵਿੱਚ ਖ਼ੁਦ ਨੂੰ ਆਪਣੇ ਦੁਸ਼ਮਣਾਂ ਰਾਹੀਂ ਪਰਿਭਾਸ਼ਿਤ ਕੀਤਾ। ਅਕਤੂਬਰ 1984 'ਚ ਇੰਦਰਾ ਗਾਂਧੀ ਦੀ ਹੱਤਿਆ ਤੇ ਉਸ ਤੋਂ ਬਾਅਦ ਰਾਜੀਵ ਗਾਂਧੀ ਦਾ ਉਨ੍ਹਾਂ ਦੇ ਜਾਨਸ਼ੀਨ ਵਜੋਂ ਦੇਸ਼ ਦੀ ਵਾਗਡੋਰ ਨੂੰ ਸੰਭਾਲਣ ਤੇ ਫਿਰ ਦਸੰਬਰ 1984 ਦੀਆਂ ਚੋਣਾਂ 'ਚ ਭਾਰੀ ਜਿੱਤ ਨੇ ਕਾਂਗਰਸ ਨੂੰ ਮੁੜ ਪਰਿਵਾਰਕ ਜਥੇਬੰਦੀ ਵਿੱਚ ਤਬਦੀਲ ਕਰ ਕੇ ਰੱਖ ਦਿੱਤਾ। ਇਸ ਦੇ ਨਾਲ ਹੀ ਭਾਰਤ ਦਾ ਵਿਚਾਰ' ਕਿਤੇ ਨਾ ਕਿਤੇ ਪਰਿਵਾਰ ਦੇ ਵਿਚਾਰ' ਨਾਲ ਰਲਗੱਡ ਹੋਣ ਲੱਗਾ। ਇੰਜ ਭਾਰਤ ਦਾ ਵਿਚਾਰ' ਨਿੱਤ ਕਮਜ਼ੋਰ ਹੀ ਹੁੰਦਾ ਚਲਾ ਗਿਆ ਅਤੇ ਉਸ ਲਈ ਚੁਣੌਤੀਆਂ ਉਭਰਨ ਲੱਗੀਆਂ।

ਪਰਿਵਾਰ ਦਾ ਵਿਚਾਰ' ਕਾਂਗਰਸ ਉੱਤੇ ਪਰਿਵਾਰ ਦੇ ਕੰਟਰੋਲ ਨਾਲ ਸਥਾਪਤ ਹੁੰਦਾ ਹੈ। ਦਰਅਸਲ, ਇਹ ਪਾਰਟੀ ਵਲੋਂ ਅਧਿਕਾਰਤ ਤੌਰ ਉਤੇ ਪ੍ਰਾਯੋਜਿਤ ਧਾਰਨਾ ਹੈ ਕਿ ਇੱਕ ਪਰਿਵਾਰ ਵਿਸ਼ੇਸ਼ ਤੋਂ ਬਿਨਾਂ ਕਾਂਗਰਸ ਖ਼ਤਮ ਹੋ ਜਾਵੇਗੀ। ਇਹ ਅਜਿਹਾ ਪ੍ਰਪੰਚ ਹੈ, ਜੋ ਪਰਿਵਾਰ ਤੇ ਕਾਂਗਰਸੀਆਂ ਦੋਵਾਂ ਲਈ ਸੁਵਿਧਾਜਨਕ ਹੈ। ਇਸ ਪ੍ਰਪੰਚ ਨਾਲ ਵੀ ਚਾਲਾਂ ਚੱਲੀਆਂ ਜਾ ਸਕਦੀਆਂ ਸਨ ਤੇ ਨਵਾਂ ਭਰਮ ਉਭਾਰਿਆ ਜਾ ਸਕਦਾ ਸੀ। ਪਰ ਉਸ ਨਾਲ ਸਿਆਸਤ ਲਈ ਇੱਕੋ ਪਰਿਵਾਰ ਦੀ ਹੱਕਦਾਰੀ ਦੀ ਭਾਵਨਾ ਤੇ ਕੰਟਰੋਲ ਕਾਰਨ ਜਨਤਕ ਉਦੇਸ਼ ਅਤੇ ਸੇਵਾ ਲਾਂਭੇ ਹੋ ਗਏ। ਇਸ ਪ੍ਰਕਿਰਿਆ ਦੌਰਾਨ ਭਾਰਤ ਦੇ ਵਿਚਾਰ' ਨੂੰ ਦੁਰਬਲ ਬਣਾਉਣ ਵਿੱਚ ਕਾਂਗਰਸ ਹੀ ਵੱਡੀ ਭੂਮਿਕਾ ਨਿਭਾਉਣ ਲੱਗ ਪਈ। ਹੁਣ ਕਿਉਂਕਿ ਪਰਿਵਾਰ ਦੇ ਵਿਚਾਰ' ਨੇ ਕਾਂਗਰਸ ਪਾਰਟੀ ਨੂੰ ਪੂਰੀ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ, ਇਸੇ ਕਰਕੇ ਦੋ ਇਤਿਹਾਸਕ ਤਬਦੀਲੀਆਂ ਭਾਵ ਦੇਸ਼ ਵਿੱਚ 1991 ਦੇ ਆਰਥਿਕ ਸੁਧਾਰ' ਅਤੇ ਵਿਦੇਸ਼ ਵਿੱਚ '9/11' ਤੋਂ ਬਾਅਦ ਦੇ ਯੁੱਗ

**ਬਾਕੀ ਸਫ਼ਾ 31 'ਤੇ**

**ਭਾਰਤ ਦਾ ਵਿਚਾਰ' ਜਾਂ ਭਾਰਤ ਦਾ ਖ਼ਾਸਾ ਹਰ ਤਰ੍ਹਾਂ ਜਵਾਹਰ ਲਾਲ ਨਹਿਰੂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਨੇ ਬਹੁਤ ਹੀ ਸ਼ਾਨਦਾਰ ਤੇ ਸ਼ਿਸ਼ਟ ਤਰੀਕੇ ਨਾਲ ਇਸ ਨੂੰ ਜਲੌਅ ਬਖ਼ਸ਼ਿਆ ਸੀ; ਉਦੋਂ ਇਸ ਖ਼ਾਸੇ ਨਾਲ ਬਹੁਤ ਕੁਝ ਬੌਧਿਕ ਤੇ ਵਿਦਵਤਾਪੂਰਨ ਜੁੜਿਆ ਹੋਇਆ ਸੀ। ਭਾਰਤ ਦਾ ਵਿਚਾਰ' ਦਰਅਸਲ ਇੱਕ ਕੋਡ-ਸ਼ਬਦ ਹੈ, ਜਿਸ ਨੂੰ ਅਸੀਂ ਨਹਿਰੂ ਯੁੱਗ ਦੀ ਆਮ ਸਹਿਮਤੀ' ਵਜੋਂ ਜਾਣਦੇ ਹਾਂ, ਜੋ ਪੂਰੀ ਤਰ੍ਹਾਂ ਸੰਵਿਧਾਨ ਦੀ ਭਾਵਨਾ ਅਨੁਸਾਰ ਸੀ ਅਤੇ ਇਹ ਆਧੁਨਿਕ ਭਾਰਤ ਦੇਸ਼ ਦੀ ਸਿਰਜਣਾ ਤੇ ਸੰਗਠਨ ਦੇ ਸਿਧਾਂਤ ਮੁਤਾਬਕ ਵੀ ਹੈ।**



# ਵਿਜੀਲੈਂਸ ਵਿਭਾਗ ਨੇ ਕਈ ਬੱਸਾਂ ਦੇ ਚਲਾਨ ਕੱਟੇ ਤੇ ਕਈ ਥਾਣੇ ਡੱਕੀਆਂ

## ਕਈ ਬੱਸਾਂ ਬਾਦਲ ਪਰਿਵਾਰ ਨਾਲ ਸਬੰਧਤ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀਆਂ ਸੜਕਾਂ 'ਤੇ ਨਿਯਮ ਮਿੱਧ ਕੇ ਦੌੜ ਰਹੀਆਂ ਗ਼ੈਰਕਾਨੂੰਨੀ ਬੱਸਾਂ ਖ਼ਿਲਾਫ਼ ਕਾਰਵਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਦਿੱਤੇ ਹੁਕਮਾਂ 'ਤੇ ਵਿਜੀਲੈਂਸ ਬਿਊਰੋ ਨੇ ਟਰਾਂਸਪੋਰਟ ਵਿਭਾਗ ਨਾਲ ਮਿਲ ਕੇ ਪੰਜਾਬ ਭਰ ਵਿੱਚ ਵੱਖ ਵੱਖ ਥਾਈਂ ਨਾਕੇ ਲਗਾ ਕੇ ਸੈਂਕੜੇ ਬੱਸਾਂ ਦੀ ਚੈਕਿੰਗ ਕੀਤੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਕਈ ਬੱਸਾਂ ਦੇ ਚਲਾਨ ਕੱਟੇ ਜਦੋਂ ਕਿ ਕਈ ਥਾਣੇ ਡੱਕ ਦਿੱਤੀਆਂ।

ਵਿਜੀਲੈਂਸ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ 1715 ਬੱਸਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 454 ਬੱਸਾਂ ਦੇ ਪਰਮਿਟਾਂ, ਰਜਿਸਟਰੇਸ਼ਨਾਂ, ਨੰਬਰ ਪਲੇਟਾਂ, ਟਾਈਮ ਟੇਬਲਾਂ ਵਿੱਚ ਗੰਭੀਰ ਬੇਨਿਯਮੀਆਂ ਪਾਈਆਂ ਗਈਆਂ ਹਨ। ਵਿਜੀਲੈਂਸ ਨੇ ਸਥਾਨਕ ਪੁਲੀਸ ਅਤੇ ਟਰਾਂਸਪੋਰਟ ਵਿਭਾਗ ਨੂੰ ਇਨ੍ਹਾਂ ਬੱਸਾਂ ਖ਼ਿਲਾਫ਼ ਲੋੜੀਂਦੀ ਕਾਰਵਾਈ ਦੀ ਹਦਾਇਤ ਕੀਤੀ ਹੈ। ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਬੀਕੇ ਉਪਲ ਅਨੁਸਾਰ 454 ਬੱਸਾਂ ਬਿਨਾਂ ਅਧਿਕਾਰਤ ਰੂਟ ਪਰਮਿਟਾਂ, ਬਿਨਾਂ ਰਜਿਸਟੇਰਸ਼ਨ, ਡਰਾਈਵਰਾਂ ਕੋਲ ਲਾਇਸੈਂਸ ਨਾ ਹੋਣਾ, ਜਾਅਲੀ ਨੰਬਰ ਪਲੇਟਾਂ, ਰੋਡ ਟੈਕਸ ਨਾ ਭਰੇ ਹੋਣ ਵਰਗੀਆਂ ਬੇਨਿਯਮੀਆਂ ਵਾਲੀਆਂ ਪਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕੁੱਝ ਏਸੀ ਰੂਟਾਂ 'ਤੇ ਗੈਰ ਏਸੀ ਬੱਸਾਂ ਚੱਲ ਰਹੀਆਂ ਸਨ।

ਅੰਮ੍ਰਿਤਸਰ: ਇਥੇ ਜੀਟੀ ਰੋਡ ਵੱਲਾ ਬਾਈਪਾਸ ਚੌਕ 'ਚ ਬਿਨਾਂ ਪਰਮਿਟ ਤੇ ਹੋਰ ਬੇਨਿਯਮੀਆਂ ਵਾਲੀਆਂ 18 ਬੱਸਾਂ ਦੇ ਚਲਾਨ ਕੱਟੇ ਗਏ ਅਤੇ ਸੱਤ ਬੱਸਾਂ ਜ਼ਬਤ ਕੀਤੀਆਂ ਗਈਆਂ। ਇਸ ਦੌਰਾਨ 150 ਦੇ ਬੱਸਾਂ ਦੇ ਕਾਗਜ਼ਾਤ ਤੇ ਪਰਮਿਟ ਚੈੱਕ ਕੀਤੇ ਗਏ।

ਮਾਨਸਾ :ਵਿਜੀਲੈਂਸ ਵਿਭਾਗ ਮਾਨਸਾ ਦੇ ਡੀਐਸਪੀ ਮਨਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਬੱਸ ਅੱਡੇ ਤੇ ਮਾਨਸਾ ਕੈਂਚੀਆਂ ਵਿੱਚ ਤਕਰੀਬਨ 50 ਬੱਸਾਂ ਦੀ ਚੈਕਿੰਗ ਕੀਤੀ। ਕਾਗਜ਼ ਪੱਤਰਾਂ ਵਿੱਚ ਘਾਟ ਵਾਲੀਆਂ 6 ਬੱਸਾਂ, ਜਿਨ੍ਹਾਂ ਵਿੱਚ ਲਿੱਬੜਾ, ਔਰਬਿਟ ਤੇ ਮਨਦੀਪ ਬੱਸ ਸ਼ਾਮਲ ਸਨ, ਦੇ ਚਲਾਨ ਕੱਟੇ ਗਏ। ਹਰਗੋਬਿੰਦ ਕੰਪਨੀ ਦੀ ਬੱਸ ਜ਼ਬਤ ਕੀਤੀ ਗਈ ਹੈ। ਦੱਸਣਯੋਗ ਹੈ ਕਿ ਜਿਹੜੀਆਂ ਬੱਸਾਂ ਖ਼ਿਲਾਫ਼ ਕਾਰਵਾਈ ਕੀਤੀ ਹੈ, ਉਨ੍ਹਾਂ ਵਿੱਚੋਂ ਕਈ ਬੱਸਾਂ ਬਾਦਲ ਪਰਿਵਾਰ ਨਾਲ ਸਬੰਧਤ ਹਨ। ਮਾਨਸਾ ਪੁੱਜੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਬਾਦਲ ਪਰਿਵਾਰ ਦੀ ਕੋਈ ਵੀ ਬੱਸ ਗੈਰਕਾਨੂੰਨੀ ਢੰਗ ਨਾਲ ਨਹੀਂ ਚੱਲਦੀ ਇਹ ਕਾਰਵਾਈ ਸਿਆਸੀ ਰੰਜ਼ਿਸ਼ ਤਹਿਤ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਸਕੇ।

ਬਰਨਾਲਾ : ਵਿਜੀਲੈਂਸ ਟੀਮ ਨੇ ਬਰਨਾਲਾ ਬੱਸ ਅੱਡੇ ਨੇੜਲੇ ਚੌਕ 'ਚ ਨਾਕਾ ਲਗਾ ਕੇ ਤਕਰੀਬਨ 70 ਬੱਸਾਂ ਦੀ ਚੈਕਿੰਗ ਕੀਤੀ। ਇਸ ਦੌਰਾਨ ਚਾਰ ਬੱਸਾਂ (ਇਕ ਲਿਬੜਾ, ਇਕ ਗੁਰਪ੍ਰੀਤ, ਇਕ ਖਨੌਰੀ ਤੇ ਇਕ ਐਸਯੂਐਸ ਹਰਗੋਬਿੰਦ ਬੱਸ) ਨੂੰ ਜ਼ਬਤ ਕਰ ਲਿਆ। ਪੰਜ ਬੱਸਾਂ ਦੇ ਚਲਾਨ ਕੱਟੇ ਗਏ ਹਨ, ਜਿਨ੍ਹਾਂ 'ਚ ਦੋ ਬੱਸਾਂ ਔਰਬਿਟ ਕੰਪਨੀ, ਇਕ ਦਿਲਪ੍ਰੀਤ, ਇਕ ਹਰਗੋਬਿੰਦ ਅਤੇ ਇਕ ਰਾਜਿੰਦਰਾ ਕੰਪਨੀ ਦੀ ਸੀ। ਮਾਲਵਾ ਬੱਸ ਅਪਰੇਟਰਜ਼ ਯੂਨੀਅਨ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਵਾਅਦੇ ਵੱਡੇ ਕਰ ਲਏ ਹਨ ਅਤੇ ਹੁਣ ਲੋਕਾਂ ਦਾ ਧਿਆਨ ਹਟਾਉਣ ਲਈ ਬੱਸ ਮਾਲਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਔਰਬਿਟ ਦੀਆਂ ਬੱਸਾਂ ਨੂੰ 7-7 ਮਿੰਟ ਹਨ ਅਤੇ ਹੋਰਾਂ ਨੂੰ ਸਿਰਫ਼ 1 ਤੋਂ ਡੇਢ ਮਿੰਟ ਹੈ, ਜੋ ਧੱਕਾ ਹੈ।

ਫ਼ਰੀਦਕੋਟ : ਟਰਾਂਸਪੋਰਟ ਵਿਭਾਗ ਦੇ ਆਰਟੀਏ ਸੁਭਾਸ਼ ਖਟਕ ਤੇ ਵਿਜੀਲੈਂਸ ਵਿਭਾਗ ਦੇ ਇੰਸਪੈਕਟਰ ਸੰਜੀਵ ਕੁਮਾਰ ਨੇ ਫਰੀਦਕੋਟ-ਕੋਟਕਪੂਰਾ ਰੋਡ 'ਤੇ ਨਾਕੇ ਦੌਰਾਨ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੇ ਇੰਚਾਰਜ ਤੇ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਨਿਊ ਦੀਪ ਟਰਾਂਸਪੋਰਟ ਕੰਪਨੀ ਦੀਆਂ ਤਿੰਨ ਬੱਸਾਂ ਦੀ ਜਾਂਚ ਕੀਤੀ, ਜੋ ਬਿਨਾਂ ਪਰਮਿਟ ਤੋਂ ਚੱਲ ਰਹੀਆਂ ਸਨ। ਇਹ ਤਿੰਨੇ ਬੱਸਾਂ ਜ਼ਬਤ ਕਰ ਲਈਆਂ ਹਨ। ਹਰਗੋਬਿੰਦ ਟਰਾਂਸਪੋਰਟ ਕੰਪਨੀ, ਜਿਸ ਦਾ ਮਾਲਕ ਅਕਾਲੀ ਆਗੂ ਯਾਦਵਿੰਦਰ ਸਿੰਘ ਜ਼ੈਲਦਾਰ ਹੈ, ਦੀ ਬੱਸ ਵੀ ਬਿਨਾਂ ਪਰਮਿਟ ਤੋਂ ਚੱਲਦੀ ਫੜੀ ਗਈ ਅਤੇ ਇਹ ਬੱਸ ਵੀ ਪੁਲੀਸ ਨੇ ਕਬਜ਼ੇ ਵਿੱਚ ਲੈ ਲਈ। ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਦਾਅਵਾ ਕੀਤਾ ਕਿ ਉਸ ਦੀਆਂ ਬੱਸਾਂ ਦੇ ਕਾਗਜ਼ਾਤ ਮੁਕੰਮਲ ਹਨ।

ਲੁਧਿਆਣਾ : ਟਰਾਂਸਪੋਰਟ ਵਿਭਾਗ ਨੇ ਵਿਜੀਲੈਂਸ ਟੀਮ ਨਾਲ ਮਿਲ ਕੇ ਇਥੇ ਗੈਰਕਾਨੂੰਨੀ ਢੰਗ ਨਾਲ ਚੱਲਣ ਵਾਲੀਆਂ ਚਾਰ ਬੱਸਾਂ ਜ਼ਬਤ ਕੀਤੀਆਂ ਗਈਆਂ ਅਤੇ ਕਾਗਜ਼ਾਂ ਦੀ ਘਾਟ ਕਾਰਨ 17 ਤੋਂ ਵੱਧ ਬੱਸਾਂ (ਸੱਤ ਜੁਝਾਰ, ਚਾਰ ਔਰਬਿਟ, ਦੋ ਮਰਸਡੀਜ਼ (ਇੱਕ ਔਰਬਿਟ, ਇੱਕ ਨਿਊ ਦੀਪ), ਨਿਊ ਫਤਿਹਗੜ੍ਹ, ਕਾਹਲੋਂ ਬੱਸ ਕੰਪਨੀ ਅਤੇ ਦੋ ਹੋਰ ਬੱਸਾਂ) ਦੇ ਚਲਾਨ ਕੱਟੇ ਗਏ। ਇਸ ਦੌਰਾਨ ਸਾਹਮਣੇ ਆਇਆ ਕਿ ਔਰਬਿਟ ਕੰਪਨੀਆਂ ਦੀਆਂ ਕਈ ਅਜਿਹੀਆਂ ਬੱਸਾਂ ਸਨ, ਜਿਨ੍ਹਾਂ ਦੇ ਪਰਮਿਟ 'ਤੇ 20 ਤੋਂ 50 ਬੱਸਾਂ ਦੇ ਨੰਬਰ ਲਿਖੇ ਹੋਏ ਸਨ। ਬੱਸਾਂ ਵਾਲੇ ਵਿਜੀਲੈਂਸ ਅਧਿਕਾਰੀਆਂ ਨਾਲ ਬਹਿਸਦੇ ਰਹੇ ਕਿ ਇਨ੍ਹਾਂ ਵਿਚੋਂ ਕੋਈ ਵੀ ਬੱਸ ਇਸ ਪਰਮਿਟ 'ਤੇ ਚੱਲ ਸਕਦੀ ਹੈ।

ਜਲੰਧਰ :ਵਿਜੀਲੈਂਸ ਨੇ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਿੱਚ ਇਥੇ ਬਾਦਲਾਂ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀਆਂ 6 ਬੱਸਾਂ ਸਮੇਤ 18 ਬੱਸਾਂ ਥਾਣਿਆਂ 'ਚ ਡੱਕੀਆਂ ਹਨ। ਇਨ੍ਹਾਂ 'ਚੋਂ ਦੋ ਬੱਸਾਂ ਸੀਨੀਅਰ ਕਾਂਗਰਸੀ ਆਗੂ ਅਵਤਾਰ ਹੈਨਰੀ ਦੀ ਕਰਤਾਰ ਬੱਸ ਸਰਵਿਸ ਦੀਆਂ ਵੀ ਦੱਸੀਆਂ ਜਾ ਰਹੀਆਂ ਹਨ। ਰਾਮਾਮੰਡੀ ਚੌਕ ਵਿੱਚ ਵਿਜੀਲੈਂਸ ਦੇ ਨਾਕੇ ਦੌਰਾਨ ਉਦੋਂ ਹੰਗਾਮਾ ਹੋ ਗਿਆ ਜਦੋਂ ਪੁਲੀਸ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਕ ਸਲਾਹਕਾਰ ਦੀ ਗੈਰ ਕਾਨੂੰਨੀ ਚੱਲ ਰਹੀ ਬੱਸ ਨੂੰ ਅਣਗੌਲਿਆ ਕਰ ਦਿੱਤਾ ਅਤੇ ਦੂਜੀਆਂ ਬੱਸਾਂ ਵਾਲਿਆਂ ਨੇ ਰੌਲਾ ਪਾ ਦਿੱਤਾ। ਥਾਣੇ ਡੱਕੀਆਂ ਬੱਸਾਂ ਵਿੱਚ ਸ਼੍ਰੋਮਣੀ ਅਕਾਲੀ ਸਰਕਾਰ ਦੌਰਾਨ ਮਾਝੇ ਦੇ ਜਰਨੈਲ ਕਹਾਉਂਦੇ ਆਗੂ ਦੀਆਂ ਵੀ ਦੋ ਬੱਸਾਂ ਸ਼ਾਮਲ ਹਨ। ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੀਆਂ ਵੀ ਦੋ ਬੱਸਾਂ ਡੱਕੀਆਂ ਗਈਆਂ ਹਨ। ਤਿੰਨ ਬੱਸਾਂ ਗਰੇਵਾਲ ਹਾਈਵੇਅ ਬੱਸ ਸਰਵਿਸ ਅਤੇ ਦੋ ਸਤਲੁਜ ਬੱਸ ਸਰਵਿਸ ਸਮੇਤ ਕੁੱਲ 18 ਬੱਸਾਂ ਥਾਣੇ ਡੱਕੀਆਂ ਗਈਆਂ ਹਨ। ਜਲੰਧਰ 'ਚ ਕੁੱਲ 26 ਬੱਸਾਂ ਦੇ ਚਲਾਨ ਕੱਟੇ ਗਏ ਹਨ।

ਬਠਿੰਡਾ : ਬਾਦਲਾਂ ਦੀ ਔਰਬਿਟ ਵਿਜੀਲੈਂਸ ਨੂੰ ਝਕਾਨੀ ਦੇ ਗਈ। ਵਿਜੀਲੈਂਸ ਅਫਸਰ ਚੈਕਿੰਗ ਦੌਰਾਨ ਲੀਕ ਕੁੱਟਦੇ ਰਹੇ ਜਦੋਂ ਕਿ ਦਰਜਨਾਂ ਔਰਬਿਟ ਤੇ ਨਿਊ ਦੀਪ ਬੱਸਾਂ ਸੜਕਾਂ ਤੋਂ ਆਸੇ ਪਾਸੇ ਹੋ ਗਈਆਂ। ਵਿਜੀਲੈਂਸ ਨੇ ਬਠਿੰਡਾ-ਚੰਡੀਗੜ੍ਹ ਚੱਲਦੀ ਔਰਬਿਟ ਦੀ ਕਿਸੇ ਮਰਸਿਡੀਜ਼ ਬੱਸ ਨੂੰ ਹੱਥ ਨਹੀਂ ਪਾਇਆ। ਸੰਗਰੂਰ 'ਚ ਇੱਕ ਵਿਜੀਲੈਂਸ ਅਫਸਰ ਨੇ ਜਦੋਂ ਔਰਬਿਟ ਦੀ ਮਰਸਿਡੀਜ਼ ਚੈੱਕ ਕੀਤੀ ਤਾਂ ਕਾਗਜ਼ਾਂ 'ਚ ਕੁਝ ਗੜਬੜ ਨਿਕਲੀ ਪਰ ਫਿਰ ਵੀ ਕੋਈ ਕਾਰਵਾਈ ਨਾ ਕੀਤੀ। ਹਰਗੋਬਿੰਦ ਬੱਸ ਕੰਪਨੀ ਦੀ ਇੱਕ ਮਰਸਿਡੀਜ਼ ਬੱਸ ਜੈਤੋ 'ਚ ਫੜੀ ਗਈ, ਜੋ ਗਲਤ ਰੂਟ 'ਤੇ ਚੱਲ ਰਹੀ ਸੀ। ਬਠਿੰਡਾ ਵਿੱਚ ਦੋ ਸਾਧਾਰਨ ਔਰਬਿਟ ਬੱਸਾਂ ਦੇ ਚਲਾਨ ਕੱਟੇ ਗਏ ਹਨ। ਕਰੀਬ 50 ਫੀਸਦ ਮਿੰਨੀ ਬੱਸਾਂ ਵੀ ਗਾਇਬ ਰਹੀਆਂ। ਫਰੀਦਕੋਟ ਤੇ ਬਠਿੰਡਾ ਵਿੱਚ 147 ਬੱਸਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾਂ 'ਚੋਂ 20 ਬੱਸਾਂ ਫੜੀਆਂ ਗਈਆਂ। ਇਨ੍ਹਾਂ 'ਚੋਂ 9 ਬੱਸਾਂ ਥਾਣੇ ਡੱਕੀਆਂ ਹਨ। ਵਿਜੀਲੈਂਸ ਨੇ ਕਿਤੇ ਵੀ ਟਾਈਮ-ਟੇਬਲਾਂ ਦੀ ਚੈਕਿੰਗ ਨਹੀਂ ਕੀਤੀ ਜਦੋਂ ਕਿ ਵੱਡੀ ਗੜਬੜ ਸਮਾਂ ਸੂਚੀਆਂ ਵਿੱਚ ਹੈ।



*ਟਰਾਂਸਪੋਰਟਰਾਂ ਦਾ ਦੋਸ਼*

### ਕੈਪਟਨ ਸਰਕਾਰ ਨੇ ਵਿਜੀਲੈਂਸ ਅਫਸਰਾਂ ਨੂੰ ਦਿੱਤੀ ਟਰਾਂਸਪੋਰਟਰਾਂ ਦੀ 'ਲੁੱਟ' ਕਰਨ ਦੀ ਖੁੱਲ੍ਹੀ ਛੁੱਟੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਜੀਲੈਂਸ ਬਿਊਰੋ ਵਲੋਂ ਗ਼ੈਰਕਾਨੂੰਨੀ ਬੱਸਾਂ ਖ਼ਿਲਾਫ਼ ਚਲਾਈ ਮੁਹਿੰਮ ਦੌਰਾਨ ਕਾਬੂ ਆਏ ਪੰਜਾਬ ਦੇ ਕਰੀਬ 200 ਨਿਜੀ ਬੱਸ ਟਰਾਂਸਪੋਰਟਰਾਂ ਨੇ ਇਸ ਮੁਹਿੰਮ ਦੌਰਾਨ ਵਿਜੀਲੈਂਸ ਅਧਿਕਾਰੀਆਂ ਉਤੇ ਰਿਸ਼ਵਤਖ਼ੋਰੀ ਦੇ ਦੋਸ਼ ਲਾਏ ਹਨ। ਇਸ ਮੁਹਿੰਮ ਦੌਰਾਨ ਵੱਡੀ ਗਿਣਤੀ ਬੱਸਾਂ ਦੇ ਚਲਾਨ ਕੀਤੇ ਗਏ। ਬੱਸਾਂ ਮਾਲਕਾਂ ਨੇ ਦੋਸ਼ ਲਾਇਆ ਕਿ ਬੱਸਾਂ ਨੂੰ ਛੱਡਣ ਲਈ ਪ੍ਰਤੀ ਬੱਸ ਤਿੰਨ-ਚਾਰ ਹਜ਼ਾਰ ਰੁਪਏ ਰਿਸ਼ਵਤ ਲਈ ਗਈ। ਦੱਸਣਯੋਗ ਹੈ ਕਿ ਇਸ ਮੁਹਿੰਮ ਕਾਰਨ ਬੀਤੇ ਦਿਨ 50 ਫ਼ੀਸਦੀ ਨਿਜੀ ਬੱਸਾਂ ਸੜਕਾਂ ਉਤੇ ਚੱਲੀਆਂ ਹੀ ਨਹੀਂ। ਇਥੇ ਪੰਜਾਬ ਮੋਟਰ ਯੂਨੀਅਨ ਦੇ ਝੰਡੇ ਹੇਠ ਇਕੱਤਰ ਨਿਜੀ ਬੱਸ ਮਾਲਕਾਂ ਨੇ ਦੋਸ਼ ਲਾਇਆ ਕਿ ਰਾਜ ਸਰਕਾਰ ਨੇ ਉਨ੍ਹਾਂ ਖ਼ਿਲਾਫ਼ ਲੁਟੇਰਿਆਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ, ਜਿਨ੍ਹਾਂ ਨੇ ਪ੍ਰਤੀ ਬੱਸ 3000 ਤੋਂ 4000 ਰੁਪਏ ਵਸੂਲੇ ਅਤੇ ਫਿਰ 1000 ਰੁਪਏ ਦਾ ਚਲਾਨ ਕੱਟ ਕੇ ਬੱਸਾਂ ਨੂੰ ਛੱਡ' ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਵਿਜੀਲੈਂਸ ਅਧਿਕਾਰੀਆਂ ਨੇ ਇਸ ਇਕੋ ਦਿਨ ਲੱਖਾਂ ਰੁਪਏ ਦੀ ਕਾਲੀ ਕਮਾਈ ਕੀਤੀ। ਅੰਮ੍ਰਿਤਸਰ ਨਾਲ ਸਬੰਧਤ ਇਕ ਟਰਾਂਸਪੋਰਟਰ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ, "ਕਿਉਂਕਿ ਭ੍ਰਿਸ਼ਟਾਚਾਰ ਰਹਿਤ ਹਕੂਮਤ ਦਾ ਦਾਅਵਾ ਕਰਨ ਵਾਲੀ ਸਰਕਾਰ ਵਲੋਂ ਚਲਾਈ ਗਈ ਇਹ ਅਖੌਤੀ ਮੁਹਿੰਮ ਅਗਲੇ ਦਸ ਦਿਨ ਚੱਲਣੀ ਹੈ, ਇਸ ਕਾਰਨ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਰਿਸ਼ਵਤ ਨਾਲ ਕਿੰਨੀਆਂ ਜੇਬਾਂ ਭਰਨਗੇ।"

ਯੂਨੀਅਨ ਦੇ ਸਕੱਤਰ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਬੱਸ ਪਰਮਿਟ ਜਾਰੀ ਕਰਨ ਜਾਂ ਨਵਿਆਉਣ ਦੀ ਸਰਕਾਰ ਦੀ ਆਪਣੀ ਨਾਕਾਮੀ ਨੂੰ ਉਲਟਾ ਟਰਾਂਸਪੋਰਟਰਾਂ ਖ਼ਿਲਾਫ਼ ਵਰਤਿਆ ਜਾ ਰਿਹਾ ਹੈ ਤੇ ਭ੍ਰਿਸ਼ਟ ਅਧਿਕਾਰੀ ਉਨ੍ਹਾਂ ਨੂੰ ਲੁੱਟ' ਰਹੇ ਹਨ। ਉਨ੍ਹਾਂ ਕਿਹਾ, "ਟਰਾਂਸਪੋਰਟਰਾਂ ਨੂੰ ਜਾਰੀ ਰੂਟ ਪਰਮਿਟਾਂ ਸਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਸੂਬਾਈ ਟਰਾਂਸਪੋਰਟ ਵਿਭਾਗ ਬੱਸਾਂ ਦੇ ਪਰਮਿਟ ਨਵਿਆਉਣ ਵਿੱਚ ਨਾਕਾਮ ਰਿਹਾ ਹੈ। ੜ ਅਸੀਂ ਸਾਲ ਭਰ ਪਹਿਲਾਂ ਪਰਮਿਟਾਂ ਲਈ ਦਰਖ਼ਾਸਤਾਂ ਦੇ ਦਿੱਤੀਆਂ ਸਨ। ਹੁਣ ਪਰਮਿਟ ਨਾ ਹੋਣ ਦੇ ਨਾਂ 'ਤੇ ਸਾਡੇ ਚਲਾਨ ਕੀਤੇ ਜਾ ਰਹੇ ਹਨ।" ਉਨ੍ਹਾਂ ਮੰਨਿਆ ਕਿ ਕੁਝ ਚੋਟੀ ਦੇ ਸਿਆਸਤਦਾਨਾਂ ਵਲੋਂ ਟੈਕਸ ਬਚਾਉਣ ਲਈ ਨਾਨ-ਏਸੀ ਪਰਮਿਟਾਂ ਨਾਲ ਏਸੀ ਬੱਸਾਂ ਚਲਾਈਆਂ ਜਾ ਰਹੀਆਂ ਹਨ। ਇਕ-ਇਕ ਪਰਮਿਟ 'ਤੇ ਕਈ-ਕਈ ਬੱਸਾਂ ਵੀ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੁਝ ਲੋਕਾਂ ਦੀ ਸਜ਼ਾ ਸਮੁੱਚੇ ਭਾਈਚਾਰੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ। ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਬੀ.ਕੇ. ਉਪਲ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਰੱਦ ਕਰ ਦਿੱਤਾ। ਉਨ੍ਹਾਂ ਕਿਹਾ, "ਇਹ ਦੋਸ਼ ਬੇਬੁਨਿਆਦ ਹਨ। ਬਹੁਤੀਆਂ ਥਾਵਾਂ 'ਤੇ ਬੱਸਾਂ ਦੀ ਜਾਂਚ ਵੇਲੇ ਮੀਡੀਆ ਮੌਜੂਦ ਸੀ। ਜੇ ਅਜਿਹਾ (ਰਿਸ਼ਵਤਖ਼ੋਰੀ) ਹੋਇਆ ਹੁੰਦਾ, ਤਾਂ ਡਰਾਈਵਰਾਂ ਨੇ ਲਾਜ਼ਮੀ ਮੌਕੇ 'ਤੇ ਹੀ ਮੀਡੀਆ ਕੋਲ ਪਹੁੰਚ ਕਰਨੀ ਸੀ। ਇਸ ਦੇ ਬਾਵਜੂਦ, ਜੇ ਕਿਸੇ ਟਰਾਂਸਪੋਰਟਰ ਕੋਲ ਕਿਸੇ ਅਧਿਕਾਰੀ ਵਲੋਂ ਰਿਸ਼ਵਤ ਮੰਗੇ ਜਾਣ ਦੇ ਸਬੂਤ ਹਨ ਤਾਂ ਉਹ ਮੇਰੇ ਨਾਲ ਸੰਪਰਕ ਕਰ ਸਕਦੇ ਹਨ ਅਤੇ ਮੈਂ ਭਰੋਸਾ ਦਿੰਦਾ ਹਾਂ ਕਿ ਇਸ ਸਬੰਧੀ ਸਖ਼ਤ ਕਾਰਵਾਈ ਕੀਤੀ ਜਾਵੇਗੀ।"

# ਭਾਗੀਵਾਂਦਰ ਕਾਂਡ : ਮਹਿਲਾ ਸਰਪੰਚ ਤੇ ਪੁੱਤਰਾਂ ਖ਼ਿਲਾਫ਼ ਕੇਸ ਦਰਜ ਹੋਣ ਮਗਰੋਂ ਨੌਜਵਾਨ ਦਾ ਸਸਕਾਰ

**ਤਲਵੰਡੀ ਸਾਬੋ/ਬਿਊਰੋ ਨਿਊਜ਼ :**
ਪਿੰਡ ਭਾਗੀਵਾਂਦਰ ਵਿੱਚ ਦੋ ਦਿਨ ਪਹਿਲਾਂ ਪਿੰਡ ਦੇ ਕੁਝ ਲੋਕਾਂ ਵਲੋਂ ਨਸ਼ਾ ਤਸਕਰੀ ਦੇ ਦੋਸ਼ ਲਾ ਕੇ ਲੱਤਾਂ ਬਾਹਾਂ ਵੱਢ ਕੇ ਇੱਕ ਨੌਜਵਾਨ ਨੂੰ ਮਾਰਨ ਦੇ ਮਾਮਲੇ ਵਿੱਚ ਪੁਲੀਸ ਵਲੋਂ ਮਹਿਲਾ ਸਰਪੰਚ ਤੇ ਉਸ ਦੇ ਦੋ ਪੁੱਤਰਾਂ ਸਮੇਤ ਇੱਕ ਦਰਜਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਨ ਤੋਂ ਬਾਅਦ ਨੌਜਵਾਨ ਦਾ ਸਸਕਾਰ ਕੀਤਾ ਗਿਆ। ਮੁਲਜ਼ਮਾਂ ਵਿੱਚ ਸਿਆਸੀ ਆਗੂ ਮਨਦੀਪ ਕੌਰ ਬਰਾੜ ਵੀ ਸ਼ਾਮਲ ਹੈ।



ਲਾਸ਼ ਲਿਜਾ ਰਹੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਰੋਕਦੀ ਹੋਈ ਪੁਲੀਸ।

ਜ਼ਿਕਰਯੋਗ ਹੈ ਕਿ ਪਰਿਵਾਰ ਨੇ ਵਿਨੋਦ ਕੁਮਾਰ ਉਰਫ਼ ਸੋਨੂੰ ਦਾ ਉਦੋਂ ਤੱਕ ਸਸਕਾਰ ਨਾ ਕਰਨ ਦਾ ਐਲਾਨ ਕੀਤਾ ਸੀ ਜਦੋਂ ਤੱਕ ਪੁਲੀਸ ਅਣਪਛਾਤੇ ਵਿਅਕਤੀਆਂ ਦੀ ਥਾਂ ਸਿਆਸਤ ਨਾਲ ਸਬੰਧਤ' ਅਸਲ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਨਹੀਂ ਕਰਦੀ। ਸਾਰਾ ਦਿਨ ਪੁਲੀਸ ਅਤੇ ਪੀੜਤ ਪਰਿਵਾਰ ਦਰਮਿਆਨ ਸਥਿਤੀ ਖਿੱਚੋਤਾਣ ਵਾਲੀ ਬਣੀ ਰਹੀ। ਸਥਿਤੀ ਉਦੋਂ ਤਣਾਅ ਵਾਲੀ ਬਣ ਗਈ ਜਦੋਂ ਪੀੜਤ ਪਰਿਵਾਰ ਤੇ ਰਿਸ਼ਤੇਦਾਰਾਂ ਨੇ ਲਾਸ਼ ਟਰਾਲੀ ਵਿੱਚ ਰੱਖ ਕੇ ਸ਼ਹਿਰ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤੇ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਸੋਨੂੰ ਦੀ ਲਾਸ਼ ਮੋਢਿਆਂ 'ਤੇ ਰੱਖ ਕੇ ਲਿਜਾਣ ਲੱਗੇ ਪਰ ਪੁਲੀਸ ਤੇ ਉਨ੍ਹਾਂ ਵਿਚਕਾਰ ਖਿੱਚਧੂਹ ਹੋਈ ਅਤੇ ਲਾਸ਼ ਹੇਠਾਂ ਡਿੱਗ ਪਈ। ਪਰਿਵਾਰ ਵਾਲੇ ਇਨਸਾਫ਼ ਲਈ ਲਾਸ਼ ਕਿਸੇ ਜਨਤਕ ਥਾਂ ਰੱਖ ਕੇ ਧਰਨਾ ਦੇਣਾ ਚਾਹੁੰਦੇ ਸਨ। ਪੁਲੀਸ ਕਾਰਵਾਈ ਤੋਂ ਨਿਰਾਸ਼ ਸੋਨੂੰ ਦੀ ਇੱਕ ਭੈਣ ਨੇ ਫ਼ਾਹਾ ਲੈ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਥੇ ਮੌਜੂਦ ਫੋਰਸ ਤੇ ਲੋਕਾਂ ਨੇ ਉਸ ਨੂੰ ਬਚਾਅ ਲਿਆ।

ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਵਿਨੋਦ ਉਰਫ ਸੋਨੂੰ ਪਿੰਡ ਭਾਗੀਵਾਂਦਰ ਦੀ ਸੱਥ ਵਿੱਚ ਪਲੀਸ ਨੇ ਵੱਢਿਆ ਟੁਕਿਆ ਚੁੱਕਿਆ ਸੀ। ਬਾਅਦ ਵਿੱਚ ਪਿੰਡ ਵਾਸੀਆਂ ਵਲੋਂ ਹਸਪਤਾਲ ਦਾ ਘਿਰਾਓ ਕੀਤੇ ਜਾਣ ਕਰ ਕੇ ਇਲਾਜ ਲਈ ਅੱਗੇ ਰੈਫਰ ਕੀਤੇ ਜਾਣ ਵਿੱਚ ਦੇਰੀ ਹੋਣ ਕਾਰਨ ਫ਼ਰੀਦਕੋਟ ਹਸਪਤਾਲ ਪਹੁੰਚਦਿਆਂ ਹੀ ਉਸ ਦੀ ਮੌਤ ਹੋ ਗਈ ਸੀ। ਪੁਲੀਸ ਨੇ ਇਸ ਮਾਮਲੇ ਸਬੰਧੀ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ ਪਰ ਪਰਿਵਾਰ ਵਾਲੇ ਸੋਨੂੰ ਨੂੰ ਘਰੋਂ ਅਗਵਾ' ਕਰ ਕੇ ਘਟਨਾ ਨੂੰ ਅੰਜਾਮ ਦੇਣ ਵਾਲੇ ਪਿੰਡ ਭਾਗੀਵਾਂਦਰ ਦੀ ਮਹਿਲਾ ਸਰਪੰਚ ਦੇ ਪੁੱਤਰ ਅਮਰਿੰਦਰ ਸਿੰਘ ਰਾਜੂ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕਰ ਰਹੇ ਸਨ। ਉਹ ਪੁਲੀਸ 'ਤੇ ਦੋਸ਼ ਲਾ ਰਹੇ ਸਨ ਕਿ ਅਮਰਿੰਦਰ ਰਾਜੂ ਸਿਆਸੀ ਆਗੂਆਂ ਦਾ ਖ਼ਾਸ ਬੰਦਾ ਹੈ, ਜਿਸ ਕਰ ਕੇ ਪੁਲੀਸ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਹੀ ਹੈ।

ਅਖ਼ੀਰ ਪੁਲੀਸ ਨੇ ਕੇਸ ਦੀਆਂ ਧਾਰਾਵਾਂ ਵਿੱਚ ਵਾਧਾ ਕਰਦਿਆਂ ਪਿੰਡ ਦੀ ਮਹਿਲਾ ਸਰਪੰਚ ਚਰਨਜੀਤ ਕੌਰ, ਉਸ ਦੇ ਪੁੱਤਰ ਅਮਰਿੰਦਰ ਸਿੰਘ ਰਾਜੂ ਤੇ ਭਿੰਦਰ ਸਿੰਘ, ਪੂਰਨ ਸਿੰਘ, ਵੱਡਾ ਸਿੰਘ, ਦਰਸ਼ਨ ਸਿੰਘ ਉਰਫ ਮਿਸ਼ਰਾ, ਸਿਆਸੀ ਆਗੂ ਮਨਦੀਪ ਕੌਰ ਬਰਾੜ, ਗੁਰਪ੍ਰੀਤ ਸਿੰਘ, ਜਗਦੇਵ ਸਿੰਘ, ਨਿੰਮਾ ਸਿੰਘ, ਹਰਪਾਲ ਸਿੰਘ, ਸੀਰਾ ਸਿੰਘ ਭੇਡਾਂ ਵਾਲਾ ਤੇ ਗੁਰਸੇਵਕ ਸਿੰਘ ਸਾਰੇ ਵਾਸੀਆਨ ਭਾਗੀਵਾਂਦਰ ਨੂੰ ਨਾਮਜ਼ਦ ਕੀਤਾ ਹੈ। ਦੋਸ਼ ਲਾਏ ਗਏ ਹਨ ਕਿ ਅਮਰਿੰਦਰ ਸਿੰਘ ਰਾਜੂ ਗੱਡੀ ਵਿੱਚ ਆਪਣੇ ਸਾਥੀਆਂ ਦੀ ਮਦਦ ਨਾਲ ਸੋਨੂੰ ਅਰੋੜਾ ਨੂੰ ਘਰੋਂ ਚੁੱਕ ਕੇ ਲੈ ਗਿਆ ਤੇ ਵੱਢ ਕੇ ਪਿੰਡ ਦੀ ਸੱਥ ਵਿੱਚ ਸੁੱਟ ਦਿੱਤਾ।

ੴ ਸਤਿਗੁਰ ਪ੍ਰਸਾਦਿ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ
## ਸੈਂਟਾ ਕਲਾਰਾ (ਕੈਲੀਫੋਰਨੀਆ)

Silicon Valley Gurdwara, 2356 Walsh Ave. Santa Clara, CA

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ
## 67ਵੀਂ ਬਰਸੀ



**ਬੇ-ਏਰੀਏ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਸੈਂਟਾ ਕਲਾਰਾ (ਕੈਲੀਫੋਰਨੀਆ) ਵਿਖੇ ਮਨਾਈ ਜਾ ਰਹੀ ਹੈ**

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ ਸਿਲੀਕੋਂਨ ਵੈਲੀ, ਸੈਂਟਾ ਕਲਾਰਾ (ਕੈਲੀਫੋਰਨੀਆ) ਵਿਖੇ ਬੜੇ ਪਿਆਰ, ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ।

### ਪ੍ਰੋਗਰਾਮ ਦਾ ਵੇਰਵਾ

16 ਜੂਨ, 2017 ਦਿਨ ਸ਼ੁੱਕਰਵਾਰ
ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸਵੇਰੇ 10:00 ਵਜੇ
18 ਜੂਨ, 2017 ਦਿਨ ਐਤਵਾਰ
ਸੰਪੂਰਨਤਾਈ ਸ੍ਰੀ ਅਖੰਡ ਪਾਠ ਸਾਹਿਬ, ਸਵੇਰੇ 10:00 ਵਜੇ

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ, ਜਿਨ੍ਹਾਂ ਵਿਚ ਬੀਬੀ ਨਵਦੀਪ ਕੌਰ ਅਤੇ ਬਲਤੇਜ ਕੌਰ ਦਾ ਜਥਾ, ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਮੱਲ੍ਹੀ ਦਾ ਜਥਾ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਨਿਹਾਲ ਕਰਨਗੇ।

**ਇਸ ਪਵਿੱਤਰ ਦਿਹਾੜੇ ਮੌਕੇ ਬੀਬੀ ਸੁਰਜੀਤ ਕੌਰ ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ ਜੋ ਸੰਗਤਾਂ ਨੂੰ ਕੀਰਤਨ ਸਰਵਣ ਕਰਾਉਣਗੇ**

**ਗੁਰੂ ਕੇ ਲੰਗਰਾਂ ਦੀ ਸੇਵਾ ਭਾਈ ਦਰਸ਼ਨ ਸਿੰਘ ਅਤੇ ਭਾਈ ਬਲਜੀਤ ਸਿੰਘ ਹਰਿਆਣਾ ਵਾਲਿਆਂ ਵਲੋਂ ਕੀਤੀ ਜਾਵੇਗੀ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।**
ਨੋਟ : ਛੋਲੇ-ਭਟੂਰਿਆਂ, ਜਲੇਬੀਆਂ, ਗੋਲ-ਗੱਪਿਆਂ ਅਤੇ ਹਰ ਤਰ੍ਹਾਂ ਦੀਆਂ ਮਿਠਾਈਆਂ ਦੇ ਲੰਗਰਾਂ ਦੀ ਭਰਪੂਰ ਸੇਵਾ ਕੀਤੀ ਜਾਵੇਗੀ।

ਬੇਨਤੀ : ਦਾਨੀ ਸੱਜਣਾਂ ਨੂੰ ਗੁਰਦੁਆਰਾ ਸਾਹਿਬ ਦੇ ਚੱਲ ਰਹੇ ਨਿਰਮਾਣ ਕਾਰਜਾਂ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**(650) 495-6671, (408) 828-5100, (408) 832-6190, (408) 888-5670
(408) 577-7777, (408) 469-9749, (408) 757-9978**

**ਆਪ ਜੀ ਸਮੂਹ ਸੰਗਤਾਂ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ**

**Silicon Valley Gurdwara, 2356 Walsh Ave. Santa Clara, CA**

www.siliconvalleygurdwara.org


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਵਲੋਂ ਵਿਸ਼ਵ ਭਰ 'ਚ ਵੱਧ ਰਹੀ ਹਿੰਸਾ ਸਬੰਧੀ ਕਰਵਾਈ ਵਿਸ਼ੇਸ਼ ਵਿਚਾਰ ਗੋਸ਼ਟੀ ਤਸਵੀਰਾਂ ਦੀ ਜ਼ੁਬਾਨੀ
















# ਦਰਬਾਰ ਸਾਹਿਬ ਉੱਤੇ ਭਾਰਤ ਸਰਕਾਰ ਵੱਲੋਂ ਕੀਤੇ ਫੌਜੀ ਹਮਲੇ ਦੀ ਯਾਦ ਵਿਚ ਸਾਨ ਫਰਾਂਸਿਸਕੋ 'ਚ ਕੀਤੇ




























## "ਸਿੱਖ ਫਰੀਡਮ ਮਾਰਚ" ਦੌਰਾਨ ਖਾਲਸਾਈ ਰੰਗ ਵਿੱਚ ਰੰਗਿਆ ਹੋਇਆ ਸੀ ਸਵਿੱਕ ਸੈਂਟਰ

- ਖਾਲਸਾਈ ਬਾਣੇ ਤੇ ਫਿਜ਼ਾ 'ਚ ਗੂੰਜਦੇ ਜੈਕਾਰੇ ਮਾਹੌਲ ਨੂੰ ਚਾਰ ਚੰਨ ਲਾ ਰਹੇ ਸੀ
- ਮਾਰਚ 'ਚ ਸ਼ਾਮਲ ਸੰਗਤਾਂ ਖ਼ਾਸ ਕਰ ਬੀਬੀਆਂ ਦਾ ਉਤਸ਼ਾਹ ਵੇਖਣ ਯੋਗ ਸੀ।
- ਨੌਜਵਾਨ ਅਤੇ ਵਿਦਿਆਰਥੀ ਚੜ੍ਹਦੀ ਕਲਾ 'ਚ ਸਨ
- ਸਿੱਖ ਬੱਚਿਆਂ ਅਤੇ ਬੱਚੀਆਂ ਨੇ ਸਿੱਖ ਜਜ਼ਬਾਤ ਦੀ ਤਰਜਮਾਨੀ ਕਰਦੀਆਂ ਪੇਸ਼ਕਾਰੀਆਂ ਰਾਹੀਂ ਸੰਗਤਾਂ ਨੂੰ ਹਲੂਣਿਆ।
- ਗਤਕੇ ਵਾਲੇ ਸਿੰਘਾਂ ਨੇ ਸਿੱਖ ਯੁੱਧ ਕਲਾ ਦੇ ਜੌਹਰ ਵਿਖਾ ਕੇ ਆਮ ਲੋਕਾਂ ਨੂੰ ਦੰਗ ਕਰੀ ਰੱਖਿਆ।
- ਦੂਰ ਦੁਰਾਡਿਓਂ ਬਜ਼ੁਰਗਾਂ ਨੇ ਉਚੇਚਾ ਹਾਜ਼ਰੀ ਭਰੀ
- ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕਰਨ ਸਮੇਂ ਪ੍ਰਬੰਧਕਾਂ ਅਤੇ ਸੰਗਤਾਂ ਦੇ ਮਨ ਭਰੇ ਹੋਏ ਸਨ
- ਫਰੀਡਮ ਮਾਰਚ ਨੂੰ ਸਫ਼ਲ ਬਣਾਉਣ ਲਈ ਵਿੱਚ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ , ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਸਰਗਰਮ ਵਰਕਰਾਂ ਨੇ ਦਿਨ ਰਾਤ ਇੱਕ ਕਰਨ ਤੋਂ ਇਲਾਵਾ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੀਆਂ
- ਸਾਰਾ ਸਮਾਂ ਗੁਰੂ ਕੇ ਲੰਗਰ ਅਤੁੱਟ ਵਰਤੇ। ਸੰਗਤਾਂ ਤੋਂ ਇਲਾਵਾ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੇ ਪਰਸ਼ਾਦਿਆਂ ਸਮੇਤ ਚਾਹ ਅਤੇ ਸਨੈਕਸ ਦਾ ਭਰਪੂਰ ਆਨੰਦ ਲਿਆ










# ਾਏ ''ਸਿੱਖ ਫਰੀਡਮ ਮਾਰਚ'' ਵਿਚ ਸ਼ਾਮਲ ਸਿੱਖ ਸੰਗਤਾਂ ਦੀ ਚੜ੍ਹਦੀ ਕਲਾ ਦੀ ਗਵਾਹੀ ਭਰਦੀਆਂ ਤਸਵੀਰਾਂ




























PANNU'S
LEGAL SERVICES
G.S. Pannu
(Immigration Consultant, LDA)
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
VISA IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


GRAND OPENING
SPICE JAR
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar



ਪੰਥ ਦੇ ਮਹਾਨ ਢਾਡੀ ਗਿਆਨੀ ਕੁਲਜੀਤ ਸਿੰਘ ਜੀ ਦਿਲਬਰ ਅਤੇ ਉਨਾਂ ਦੇ ਢਾਡੀ ਜਥੇ ਨੂੰ ਬੀਤੇ ਦਿਨੀਂ ਸੈਨਹੋਜੇ ਗੁਰਦੁਆਰਾ ਸਾਹਿਬ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਢਾਡੀ ਜਥੇ ਵੱਲੋਂ ਪਿੱਛਲੇ ਹਫ਼ਤੇ ਤੋਂ ਦੀਵਾਨ ਸਜਾ ਕੇ ਸਿੱਖ ਇਤਿਹਾਸ ਅਤੇ ਹੋਰ ਗੁਰਮਤਿ ਵਿਚਾਰਾਂ ਸਰਵਣ ਕਰਵਾਈਆ। ਫੋਟੋ ਤੇ ਵੇਰਵਾ: ਹੁਸਨ ਲੜੋਆ ਬੰਗਾ

# ਗੁਰਦੁਆਰਾ ਕਲਗੀਧਰ ਸੈਲਮਾ ਵਿਖੇ ਪੰਚਮ ਪਾਤਸ਼ਾਹ ਦਾ ਸਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਸੈਲਮਾ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਸਥਾਨਕ ਗੁਰਦੁਆਰਾ ਸਾਹਿਬ ਕਲਗੀਧਰ ਸੈਲਮਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਅਤੇ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਦਿਹਾੜਾ ਇਲਾਕੇ ਦੇ ਟਰੱਕ ਡਰਾਈਵਰ ਵੀਰਾਂ ਅਤੇ ਸਮੂਹ ਸੰਗਤਾਂ ਵਲੋਂ ਬੜੀ ਸ਼ਰਧਾ ਤੇ ਭਾਵਨਾ ਦੇ ਨਾਲ ਮਨਾਇਆ ਗਿਆ ਹੈ। 9 ਜੂਨ ਨੂੰ ਸ੍ਰੀ ਅਖੰਡ ਪਾਠ ਆਰੰਭ ਹੋਏ ਅਤੇ 11 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਹੋਏ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਭਾਈ ਅਵਤਾਰ ਸਿੰਘ ਅਤੇ ਹਰਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਹਾਜ਼ਰੀਆਂ ਭਰੀਆਂ। ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਨੇ ਗੁਰ-ਇਤਿਹਾਸ ਦੀ ਕਥਾ ਦੁਆਰਾ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਭਾਈ ਰਣਧੀਰ ਸਿੰਘ ਨੇ ਕਵਿਤਾ ਨਾਲ ਹਾਜਰੀ ਭਰੀ। ਕੜਾਹ



ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂਘਰ ਵਿਖੇ ਹਰ ਰੋਜ ਸ਼ਾਮ ਦੇ ਦੀਵਾਨ ਵਿੱਚ ਕਥਾ ਹੋਇਆ ਕਰੇਗੀ।

## ਗੁਰੂ ਨਾਨਕ ਸਿੱਖ ਟੈਂਪਲ ਮੇਰੀਸਵੈੱਲ ਵਿਚ ਜਪ-ਤਪ ਸਮਾਗਮ

ਸਿਆਟਲ/ਬਿਊਰੋ ਨਿਊਜ਼ : ਸਿਆਟਲ ਦੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਮੇਰੀਸਵੈੱਲ ਵਿਖੇ 16-17-18 ਜੂਨ 2017 ਨੂੰ ਜਪ-ਤਪ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਅਮਰੀਕਾ ਭਰ ਤੋਂ ਨਾਮ ਸਿਮਰਨ ਜੱਪਣ ਲਈ ਹਰੇਕ ਸਾਲ ਦੀ ਤਰ੍ਹਾਂ ਸ਼ਰਧਾਲੂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਪਹੁੰਚ ਰਹੇ ਹਨ ਗ਼ ਮੇਰੀਸਵੈੱਲ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸਤਵੰਤ ਸਿੰਘ ਪੰਧੇਰ, ਉਪ ਮੁੱਖ ਸੇਵਾਦਾਰ ਬਲਬੀਰ ਸਿੰਘ ਅਤੇ ਸਕੱਤਰ ਗੁਰਬਿੰਦਰ ਸਿੰਘ ਰਿਪੀ ਧਾਲੀਵਾਲ ਨੇ ਦੱਸਿਆ ਕਿ ਇਸ ਸਮਾਗਮ ਦੇ ਲੋੜੀਂਦੇ ਇੰਤਜ਼ਾਮ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਹਰ ਸਾਲ ਨਾਮ-ਸਿਮਰਨ ਦੇ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਦੂਰ-ਦੂਰ ਤੋਂ ਸੰਗਤਾਂ ਪਹੁੰਚ ਕੇ ਜਪ-ਤਪ ਸਮਾਗਮ ਦਾ ਹਿੱਸਾ ਬਣਦੇ ਹਨ।

## ਗੁਰਦੁਆਰਾ ਸਿੰਘ ਸਭਾ ਬਰੈਡਕ ਨੇ ਘੱਲੂਘਾਰਾ ਦਿਵਸ ਮਨਾਇਆ

**ਮੈਰੀਲੈਂਡ/ਬਿਊਰੋ ਨਿਊਜ਼ :** ਸਮੁੱਚੀ ਕੌਮ ਵਲੋਂ ਘੱਲੂਘਾਰਾ ਦਿਵਸ ਪੂਰੇ ਸੰਸਾਰ 'ਚ ਬਹੁਤ ਹੀ ਸ਼ਰਧਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਮਨਾਇਆ ਗਿਆ, ਉਥੇ ਸਿੰਘ ਸਭਾ ਬਰੈਡਕ ਰੋਡ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਵੀ ਘੱਲੂਘਾਰਾ ਦਿਵਸ ਵੱਖਰੇ ਅਤੇ ਜੋਸ਼ੀਲੇ ਅੰਦਾਜ਼ ਨਾਲ ਮਾਨਵਤਾ ਦੀ ਮਦਦ ਪੱਖੋਂ ਮਨਾਇਆ ਗਿਆ, ਜਿਸ 'ਚ ਯੂਥ ਨੌਜਵਾਨਾਂ ਅਤੇ ਬੀਬੀਆਂ ਵਲੋਂ ਖ਼ੂਨਦਾਨ ਕੈਂਪ ਲਾਇਆ ਗਿਆ।

ਭਾਈ ਗੁਰਮੇਲ ਸਿੰਘ ਬਰਨਾਲਾ ਦੇ ਜਥੇ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੱਦੋਵਾਲ ਦੀਆਂ ਬੀਬੀਆਂ ਦਾ ਢਾਡੀ ਜਥਾ ਜੋਸ਼ੀਲੀਆਂ ਵਾਰਾਂ ਅਤੇ ਦਸ਼ਮੇਸ਼ ਖਾਲਸੇ ਸਬੰਧੀ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦਾ ਰਿਹਾ। ਜਿੱਥੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ, ਉਥੇ ਹੀ ਸੰਗਤਾਂ ਨੇ ਸੇਵਾ ਨਿਭਾਈ।





HINDI ELITE PACK $29.99/mo for 24 months +3 CHANNELS

HINDI MEGA PACK $49.99/mo for 24 months INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

SUNWIRELESS
(888) 977-1552
www.sw.getdish.com

ASK ABOUT DISH FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

HYDERABAD PAVILION

BIRYANIS
MADE FRESH EVERYDAY!

39030 Argonaut Way, Fremont, CA 94538


CHICKEN BIRYANI


LAMB BIRYANI


GOAT BIRYANI


FISH BIRYANI


EGG BIRYANI


VEGETARIAN BIRYANI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:
510.713.0183

## ਗਾਂਧੀ ਪਰਿਵਾਰ ਨੂੰ ਕਦੇ ਵੀ ਸਿਰੋਪਾਉ ਨਹੀਂ ਦਿਆਂਗੇ : ਪ੍ਰੋ. ਬਡੂੰਗਰ

**ਮਲੇਰਕੋਟਲਾ/ਬਿਊਰੋ ਨਿਊਜ਼ :** ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਆਲ ਇੰਡੀਆ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਨੂੰ ਦਰਬਾਰ ਸਾਹਿਬ ਵਿਖੇ ਸਿਰੋਪਾਉ ਦੀ ਬਖ਼ਸ਼ੀਸ਼ ਨਾ ਕਰਨ ਨੂੰ ਪੂਰੀ ਤਰ੍ਹਾਂ ਜਾਇਜ਼ ਦੱਸਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਇੱਥੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉਪਰ ਟੈਂਕਾਂ ਨਾਲ ਹਮਲਾ ਕਰਕੇ ਸਿੱਖਾਂ ਦੇ ਸਰਵ ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੀ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਪੋਤਰੇ ਅਤੇ ਸਿੱਖ ਕਤਲੇਆਮ ਦੇ ਦੋਸ਼ੀ ਵੱਡੇ ਕਾਂਗਰਸੀ ਆਗੂਆਂ ਨੂੰ ਅੱਜ ਤੱਕ ਛਾਤੀ ਨਾਲ ਲਾਈ ਬੈਠੇ ਸ੍ਰੀ ਰਾਹੁਲ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਸਿਰੋਪਾਉ ਨਾ ਦੇ ਕੇ ਸ਼੍ਰੋਮਣੀ ਕਮੇਟੀ ਨੇ ਕੋਈ ਗੁਸਤਾਖ਼ੀ ਨਹੀਂ ਕੀਤੀ। ਪ੍ਰੋ. ਬਡੂੰਗਰ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜੈਪਾਲ ਸਿੰਘ ਮੰਡੀਆਂ ਦੇ ਗ੍ਰਹਿ ਵਿਖੇ ਗੱਲਬਾਤ ਕਰ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੁਆਰਾ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਕਾਲਾਬੂਲਾ ਦੀ ਅਗਵਾਈ ਹੇਠ 9 ਜੂਨ ਨੂੰ ਗਠਿਤ ਕੀਤੀ ਪੰਜ ਮੈਂਬਰੀ ਕਮੇਟੀ ਨਾਲ ਮੁਲਾਕਾਤ ਉਪਰੰਤ ਪ੍ਰੋ. ਬਡੂੰਗਰ ਨੇ ਐਲਾਨ ਕੀਤਾ ਕਿ ਵਿਸ਼ਵ ਭਰ ਦੇ ਸਿੱਖ 21 ਜੂਨ ਨੂੰ ਗਤਕੇ ਨੂੰ ਸਮਰਪਿਤ ਗਤਕਾ ਦਿਵਸ ਵਜੋਂ ਮਨਾਉਣਗੇ । ਇਸ ਤੋਂ ਪਹਿਲਾਂ ਪ੍ਰੋ. ਬਡੂੰਗਰ ਨੇ ਜਥੇਦਾਰ ਸੁਰਜੀਤ ਸਿੰਘ ਕਾਲਾਬੂਲਾ ਦੀ ਅਗਵਾਈ ਹੇਠ ਮਾਨ ਦਲ ਦੇ ਆਗੂਆਂ ਦੀ ਪੰਜ ਮੈਂਬਰੀ ਕਮੇਟੀ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਜਥੇਦਾਰ ਕਾਲਾਬੂਲਾ ਤੋਂ ਇਲਾਵਾ ਪ੍ਰੋ. ਮਹਿੰਦਰਪਾਲ ਸਿੰਘ, ਮਾਸਟਰ ਕਰਨੈਲ ਸਿੰਘ ਨਾਰੀਕੇ, ਜਥੇਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਸ. ਇਕਬਾਲ ਸਿੰਘ ਟਿਵਾਣਾ ਹਾਜ਼ਰ ਸਨ। ਇਨ੍ਹਾਂ ਆਗੂਆਂ ਨੇ ਸੁਆਮੀ ਰਾਮਦੇਵ ਵਲੋਂ ਪੂਰੇ ਦੇਸ਼ ਅੰਦਰ 21 ਜੂਨ ਨੂੰ ਯੋਗ ਦਿਵਸ ਵਜੋਂ ਮਨਾਉਣ ਦੇ ਦਿੱਤੇ ਸੱਦੇ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀਆਂ ਭਾਵਨਾਵਾਂ ਬਾਰੇ ਪ੍ਰੋ. ਬਡੂੰਗਰ ਨੂੰ ਜਾਣੂ ਕਰਵਾਉਂਦਿਆਂ 21 ਜੂਨ ਨੂੰ ਗਤਕਾ ਦਿਵਸ ਵਜੋਂ ਮਨਾਉਣ ਦੀ ਮੰਗ ਕੀਤੀ ਗਈ।

## ਨਿਊ ਯਾਰਕ 'ਚ ਸਿੱਖ ਨੌਜਵਾਨ ਨੂੰ ਕਿਹਾ 'ਓਸਾਮਾ'

**ਨਿਊਯਾਰਕ/ਬਿਊਰੋ ਨਿਊਜ਼ :** ਨਿਊਯਾਰਕ ਯੂਨੀਵਰਸਿਟੀ 'ਚ ਇਕ ਪੋਸਟ ਡਾਕਟਰੇਲ ਫੈਲੋਅ ਨੂੰ ਇਕ ਨੌਜਵਾਨ ਨੇ ਓਸਾਮਾ' ਕਿਹਾ ਜਿਹੜਾ ਸਿੱਖ ਭਾਈਚਾਰੇ ਦੇ ਮੈਂਬਰਾਂ ਖਿਲਾਫ ਨਸਲੀ ਘਟਨਾ ਦਾ ਨਵਾਂ ਮਾਮਲਾ ਹੈ। ਯੂਨੀਵਰਸਿਟੀ ਦੇ ਸੈਂਟਰ ਫਾਪ ਰਿਲੀਜ਼ਨ ਐਂਡ ਮੀਡੀਆ 'ਚ ਪੋਸਟ ਡਾਕਟਰੇਲ ਫੈਲੋਅ ਸਿਮਰਨਦੀਤ ਸਿੰਘ ਨੇ ਇਕ ਨਿਊਜ਼ ਚੈਨਲ 'ਤੇ ਇਕ ਲੇਖ 'ਚ ਇਸ ਘਟਨਾ ਦਾ ਜ਼ਿਕਰ ਕੀਤਾ। ਸਿੰਘ ਸਿੱਖ ਕੋਏਲਿਸ਼ਨ ਸਮੂਹ ਨਾਲ ਵੀ ਜੁੜੇ ਹਨ। ਸਿੰਘ ਨੇ ਇਸ 'ਚ ਦੱਸਿਆ ਕਿ ਨਸਲੀ ਦੋਸ਼ 'ਤੇ ਉਹ ਚੁੱਪ ਨਹੀਂ ਰਹੇ ਅਤੇ ਉਨ੍ਹਾਂ ਨੇ ਅਣ-ਪਛਾਤੇ ਨੌਜਵਾਨ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਉਹ ਹਡਸਨ ਨਦੀ ਕੋਲੋਂ ਲੰਘ ਰਹੇ ਸਨ। ਉਹ ਆਪਣੇ ਦਫਤਰ ਤੋਂ ਘਰ ਜਾ ਰਹੇ ਸਨ। ਉਨ੍ਹਾਂ ਦੇ ਕੰਨਾਂ 'ਚ ਹੈਡਫੋਨ ਲੱਗੇ ਸਨ, ਪਰ ਫਿਰ ਵੀ ਉਹ ਸੁਣ ਸਕਦੇ ਸਨ ਕਿ ਕੋਈ ਉਨ੍ਹਾਂ ਨੂੰ ਓਸਾਮਾ' ਕਹਿ ਰਿਹਾ ਸੀ। ਉਹ ਵਿਅਕਤੀ ਬਹੁਤ ਕੁਝ ਗਲਤ ਕਹਿ ਰਿਹਾ ਸੀ। ਜਦੋਂ ਉਨ੍ਹਾਂ ਨੇ ਪਿੱਛੇ ਮੁੜ ਕੇ ਦੇਖਿਆ ਤਾਂ 3 ਨੌਜਵਾਨਾਂ ਦਾ ਗਰੁੱਪ ਸੀ। ਸਿੰਘ ਮੁਤਾਬਕ ਪਹਿਲਾਂ ਤਾਂ ਉਨ੍ਹਾਂ ਨੇ ਸੋਚਿਆ ਕਿ ਉਹ ਆਪਣੇ ਰਾਹ 'ਤੇ ਚੱਲਦੇ ਰਹਿਣ ਪਰ ਫਿਰ ਉਨ੍ਹਾਂ ਨੂੰ ਪਿਛਲੇ ਹਫਤੇ ਦੀ ਘਟਨਾ ਯਾਦ ਆ ਗਈ ਜਦੋਂ ਇਕ ਔਰਤ ਨੇ ਉਨ੍ਹਾਂ 'ਤੇ ਅਜਿਹੀ ਨਸਲੀ ਟਿੱਪਣੀ ਕੀਤੀ ਸੀ।

# ਮਾਨ ਦਲ ਗੁਰਦਾਸਪੁਰ ਜ਼ਿਮਨੀ ਚੋਣ ਸਮੇਤ ਸਥਾਨਕ ਚੋਣਾਂ ਲੜੇਗਾ

### *ਪਾਰਟੀ ਦੀ ਉੱਚ ਪੱਧਰੀ ਮੀਟਿੰਗ 'ਚ ਪੰਜਾਬ ਦੇ ਪਾਣੀਆਂ, ਪੰਜਾਬ ਪੁਨਰਗਠਨ ਐਕਟ 1966 ਅਤੇ ਹੋਰ ਭਖ਼ਵੇਂ ਮਸਲਿਆਂ ਬਾਰੇ ਅਹਿਮ ਵਿਚਾਰ ਵਟਾਂਦਰਾ*

**ਫ਼ਤਿਹਗੜ੍ਹ ਸਾਹਿਬ/ਸਿੱਖ ਸਿਆਸਤ ਬਿਊਰੋ:**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਦੀ ਪੀ.ਏ.ਸੀ., ਵਰਕਿੰਗ ਕਮੇਟੀ ਮੈਂਬਰ, ਜ਼ਿਲ੍ਹਾ ਜਥੇਦਾਰਾਂ ਅਤੇ ਕਿਸਾਨ ਆਗੂਆਂ ਦੀ ਇਕ ਮੀਟਿੰਗ ਨੂਰਮਹਿਲ ਦੇ ਇਕ ਹੋਟਲ ਵਿਚ ਬੀਤੇ ਦਿਨੀਂ ਹੋਈ। ਮੀਟਿੰਗ ਉਪਰੰਤ ਪਾਰਟੀ ਵਲੋਂ ਜਾਰੀ ਪ੍ਰੈਸ ਬਿਆਨ 'ਚ ਕਿਹਾ ਗਿਆ ਕਿ ਪੰਜਾਬ ਦੀ ਮਾਲੀ ਹਾਲਤ ਨੂੰ ਬਿਹਤਰ ਬਣਾਉਣ ਲਈ ਅਤੇ ਕਿਸਾਨਾਂ ਦੀਆਂ ਹੋ ਰਹੀਆਂ ਖੁਦਕਸੀਆਂ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਦੇ ਦਰਿਆਵਾਂ ਤੇ ਨਹਿਰੀ ਪਾਣੀਆਂ ਦਾ ਹੱਲ ਰਿਪੇਰੀਅਨ ਕਾਨੂੰਨ ਅਨੁਸਾਰ ਕੀਤਾ ਜਾਵੇ ਅਤੇ ਕਿਸਾਨ ਕਰਜ਼ਿਆਂ 'ਤੇ ਲੀਕ ਮਾਰੀ ਜਾਵੇ। ਕਿਸਾਨੀ ਅਤੇ ਪਾਣੀਆਂ ਦੇ ਗੰਭੀਰ ਮਸਲਿਆਂ ਦਾ ਸਹੀ ਹੱਲ ਕਰਨ ਲਈ ਪੰਜਾਬ ਪੁਨਰ-ਗਠਨ ਐਕਟ 1966 ਨੂੰ ਕਾਨੂੰਨੀ ਚੁਣੌਤੀ ਦਿੱਤੀ ਜਾਵੇ। ਜਾਰੀ ਬਿਆਨ 'ਚ ਸ. ਮਾਨ ਨੇ ਕਿਹਾ ਕਿ ਮੱਧ ਪ੍ਰਦੇਸ਼, ਰਾਜਸਥਾਨ, ਆਂਧਰਾ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿਚ ਸਿਕਲੀਗਰ ਸਿੱਖਾਂ 'ਤੇ ਜੋ ਹਮਲੇ ਹੋ ਰਹੇ ਹਨ ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਿੰਦ ਦੇ ਵਿਧਾਨ ਦੀ ਧਾਰਾ 14 ਅਧੀਨ ਸਾਰੇ ਸ਼ਹਿਰੀਆਂ ਨੂੰ ਬਰਾਬਰਤਾ ਦੇ ਅਧਿਕਾਰ ਪ੍ਰਾਪਤ ਹਨ। ਇਹ ਵੀ ਦੱਸਿਆ ਗਿਆ ਕਿ ਦਲ ਦੀ ਮੀਟਿੰਗ 'ਚ ਇਹ ਵੀ ਫੈਸਲਾ ਕੀਤਾ ਹੈ ਕਿ ਬੀਤੇ ਵਰ੍ਹੇ 21 ਜੂਨ ਨੂੰ ਗੱਤਕਾ ਦਿਹਾੜਾ' ਮਨਾਉਣ ਦਾ ਪ੍ਰੋਗਰਾਮ ਉਲੀਕਿਆ ਸੀ, ਉਹ ਸਿੱਖ ਕੌਮ ਨੂੰ ਆਪਣੇ ਇਤਿਹਾਸ ਨਾਲ ਜੋੜਨ ਅਤੇ ਸਰੀਰਕ ਤੌਰ 'ਤੇ ਮਜਬੂਤ ਰੱਖਣ ਹਿੱਤ ਹਰ ਸਾਲ 21 ਜੂਨ ਨੂੰ ਇਹ ਦਿਹਾੜਾ ਕੌਮੀ ਪੱਧਰ 'ਤੇ ਮਨਾਇਆ ਜਾਇਆ ਕਰੇਗਾ। ਇਸ ਮਕਸਦ ਦੀ ਪ੍ਰਾਪਤੀ ਲਈ ਪਾਰਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਬੇਨਤੀ ਕੀਤੀ ਹੈ ਕਿ ਇਸ ਦਿਹਾੜੇ ਨੂੰ ਉਹ ਕੌਮੀ ਦਿਹਾੜੇ ਵਜੋਂ ਪ੍ਰਵਾਨ ਕਰਕੇ ਆਪਣੇ ਪੱਧਰ 'ਤੇ ਮਨਾਉਣ। ਸ. ਮਾਨ ਨੇ ਕਿਹਾ ਕਿ ਜੇਕਰ ਪ੍ਰੋ. ਬਡੂੰਗਰ ਵਲੋਂ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਗਿਆ ਤਾਂ ਇਹ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਮਨਾਇਆ ਜਾਇਆ ਕਰੇਗਾ, ਜੇਕਰ ਪ੍ਰਵਾਨ ਨਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੇ ਤੌਰ 'ਤੇ ਪਹਿਲਾਂ ਵਾਂਗ ਮਨਾਏਗਾ। ਪਾਰਟੀ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਕੇਵਲ ਗੁਰਦਾਸਪੁਰ ਦੀ ਲੋਕ ਸਭਾ ਜ਼ਿਮਨੀ ਚੋਣ ਹੀ ਨਹੀਂ ਲੜੇਗਾ, ਬਲਕਿ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤਾਂ, ਨਗਰ-ਨਿਗਮਾਂ, ਨਗਰ ਪਾਲਿਕਾਵਾਂ ਅਤੇ ਸ਼੍ਰੋਮਣੀ ਕਮੇਟੀ ਦੀਆਂ ਜਦੋਂ ਵੀ ਚੋਣਾਂ ਹੋਣਗੀਆਂ, ਪਾਰਟੀ ਇਨ੍ਹਾਂ ਚੋਣਾਂ ਵਿਚ ਮੋਹਰੀ ਹੋ ਕੇ ਲੜੇਗੀ। ਮੀਟਿੰਗ ਵਿਚ ਪਾਰਟੀ ਦੇ ਮੁੱਖ ਬੁਲਾਰੇ ਇਕਬਾਲ ਸਿੰਘ ਟਿਵਾਣਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕੁਸਲਪਾਲ ਸਿੰਘ ਮਾਨ, ਮਾਸਟਰ ਕਰਨੈਲ ਸਿੰਘ ਨਾਰੀਕੇ, ਪ੍ਰੋ. ਮਹਿੰਦਰਪਾਲ ਸਿੰਘ, ਸੁਰਜੀਤ ਸਿੰਘ ਕਾਲਾਬੂਲਾ ਪੰਜੇ ਜਰਨਲ ਸਕੱਤਰ, ਅਮਰੀਕਾ ਦੇ ਮੀਤ ਪ੍ਰਧਾਨ ਰੇਸ਼ਮ ਸਿੰਘ, ਗੁਰਜੰਟ ਸਿੰਘ ਕੱਟੂ, ਗੁਰਨੈਬ ਸਿੰਘ ਨੈਬੀ ਜਥੇਬੰਦਕ ਸਕੱਤਰ, ਪ੍ਰਦੀਪ ਸਿੰਘ ਯੂਥ ਪ੍ਰਧਾਨ, ਬਹਾਦਰ ਸਿੰਘ ਭਸੌੜ, ਬਲਕਾਰ ਸਿੰਘ ਭੁੱਲਰ, ਗੋਪਾਲ ਸਿੰਘ ਝਾੜੋ, ਹਰਪਾਲ ਸਿੰਘ ਕੁੱਸਾ, ਬਲਰਾਜ ਸਿੰਘ ਮੋਗਾ, ਅੰਗਰੇਜ਼ ਸਿੰਘ ਮੋਗਾ, ਸਰੂਪ ਸਿੰਘ ਸੰਧਾ, ਜਸਵੰਤ ਸਿੰਘ ਚੀਮਾ, ਤਰਲੋਕ ਸਿੰਘ ਡੱਲਾ, ਪਰਮਿੰਦਰ ਸਿੰਘ ਬਾਲਿਆਂਵਾਲੀ, ਅਮਰੀਕ ਸਿੰਘ ਨੰਗਲ, ਸ਼ਹਿਬਾਜ਼ ਸਿੰਘ ਡਸਕਾ, ਕੁਲਦੀਪ ਸਿੰਘ ਭਾਗੋਵਾਲ, ਰਣਜੀਤ ਸਿੰਘ ਸੰਘੇੜਾ, ਸ਼ਿੰਗਾਰਾ ਸਿੰਘ ਬਡਲਾ, ਰਣਦੇਵ ਸਿੰਘ ਦੇਬੀ, ਕੁਲਦੀਪ ਸਿੰਘ ਗੜਗੱਜ, ਵਰਿੰਦਰ ਸਿੰਘ ਸੇਖੋਂ, ਮੱਖਣ ਸਿੰਘ ਸਮਾਓ, ਦੀਦਾਰ ਸਿੰਘ ਰਾਣੋ, ਹਰਜਿੰਦਰ ਸਿੰਘ ਮੈਂਬਰ ਲੋਕਲ ਕਮੇਟੀ ਲੁਧਿਆਣਾ, ਪ੍ਰਗਟ ਸਿੰਘ ਮੱਖੂ, ਕੁਲਵੰਤ ਸਿੰਘ ਮਜੀਠਾ ਸਮੇਤ ਸਭ ਜ਼ਿਲ੍ਹਾ ਪ੍ਰਧਾਨ ਅਤੇ ਵਰਕਿੰਗ ਕਮੇਟੀ ਮੈਂਬਰ ਸ਼ਾਮਲ ਸਨ।



ਮੀਟਿੰਗ 'ਚ ਪਾਰਟੀ ਦੇ ਅਹੁਦੇਦਾਰਾਂ ਨੂੰ ਸੰਬੋਧਨ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ

## ਯੂਨਾਈਟਿਡ ਅਕਾਲੀ ਦਲ ਵਲੋਂ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ 19 ਜੂਨ ਨੂੰ

**ਸੰਗਰੂਰ/ਬਿਊਰੋ ਨਿਊਜ਼ :** ਯੂਨਾਈਟਿਡ ਅਕਾਲੀ ਦਲ ਵਲੋਂ ਆਪਣਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਭਰ ਵਿੱਚ ਪਾਰਟੀ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ 19 ਜੂਨ ਨੂੰ ਜਲੰਧਰ ਵਿੱਚ ਕੀਤਾ ਜਾਵੇਗਾ। ਇਹ ਜਾਣਕਾਰੀ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।



ਨਵਾਂ ਜਥੇਬੰਦਕ ਢਾਂਚਾ ਬਣਾਉਣ ਲਈ ਪਾਰਟੀ ਵਰਕਰਾਂ ਨਾਲ ਵਿਚਾਰ-ਵਟਾਂਦਰੇ ਵਾਸਤੇ 11 ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਭਾਈ ਮੋਹਕਮ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ, ਜਤਿੰਦਰ ਸਿੰਘ ਈਸੜੂ, ਗੁਰਨਾਮ ਸਿੰਘ ਸਿੱਧੂ, ਬਹਾਦਰ ਸਿੰਘ ਰਾਹੋਂ, ਪ੍ਰਸ਼ੋਤਮ ਸਿੰਘ ਫੱਗੂਵਾਲਾ, ਭਾਈ ਵੱਸਣ ਸਿੰਘ ਜੱਫ਼ਰਵਾਲ, ਬਾਬਾ ਰੇਸ਼ਮ ਸਿੰਘ, ਬਾਬਾ ਚਮਕੌਰ ਸਿੰਘ, ਡਾ. ਹਰਮਨਜੀਤ ਸਿੰਘ ਅਤੇ ਗਿਆਨੀ ਦਵਿੰਦਰ ਸਿੰਘ ਬਟਾਲਾ ਸ਼ਾਮਲ ਹਨ। ਜਥੇਬੰਦਕ ਢਾਂਚੇ ਦੇ ਐਲਾਨ ਮਗਰੋਂ ਇਸ ਕਮੇਟੀ ਦੀ ਮਿਆਦ ਖ਼ਤਮ ਹੋ ਜਾਵੇਗੀ। ਪਾਰਟੀ ਦੇ ਨਵੇਂ ਚੁਣੇ ਜਾਣ ਵਾਲੇ ਅਹੁਦੇਦਾਰਾਂ ਦੀ ਮੀਟਿੰਗ 23 ਜੂਨ ਨੂੰ ਕਿਸਾਨ ਭਵਨ, ਚੰਡੀਗੜ੍ਹ ਵਿੱਚ ਸੱਦੀ ਗਈ ਹੈ। ਮੀਟਿੰਗ ਉਪਰੰਤ ਪੰਜਾਬ ਦੀਆਂ ਅਹਿਮ ਮੰਗਾਂ ਦੀ ਪ੍ਰਾਪਤੀ ਲਈ ਮੁੱਖ ਮੰਤਰੀ, ਪੰਜਾਬ ਦੀ ਕੋਠੀ ਵੱਲ ਰੋਸ ਮਾਰਚ ਕੀਤਾ ਜਾਵੇਗਾ ਤੇ ਮੰਗ ਪੱਤਰ ਸੌਂਪਿਆ ਜਾਵੇਗਾ। ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਦਿੱਤੇ ਜਾ ਰਹੇ ਰੋਸ ਧਰਨਿਆਂ ਨੂੰ ਡਰਾਮਾ ਕਰਾਰ ਦਿੰਦਿਆਂ ਕਿਹਾ ਕਿ ਜਿਹੜੇ ਲੋਕ ਪਿਛਲੇ ਦਸ ਸਾਲਾਂ ਵਿੱਚ ਪੰਜਾਬ ਨੂੰ ਤਬਾਹ ਕਰਨ ਲਈ ਜ਼ਿੰਮੇਵਾਰ ਹੋਣ, ਉਨ੍ਹਾਂ ਨੂੰ ਅਜਿਹੇ ਧਰਨੇ ਸ਼ੋਭਾ ਨਹੀਂ ਦਿੰਦੇ। ਅਕਾਲੀ ਦਲ ਵਲੋਂ ਇਹ ਧਰਨੇ ਪੰਜਾਬ ਦੇ ਭਲੇ ਲਈ ਨਹੀਂ ਸਗੋਂ ਆਪਣੀ ਖੱਲ਼ ਬਚਾਉਣ ਲਈ ਦਿੱਤੇ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਲਗਾਤਾਰ ਹੋ ਰਹੀ ਦੇਰੀ ਨੂੰ ਅਕਾਲੀ ਦਲ ਅਤੇ ਕਾਂਗਰਸ ਦੀ ਮਿਲੀਭੁਗਤ ਕਰਾਰ ਦਿੰਦਿਆਂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਯੂਨਾਈਟਿਡ ਅਕਾਲੀ ਦਲ ਸਮੁੱਚੇ ਖ਼ਾਲਸਾ ਪੰਥ ਨੂੰ ਨਾਲ ਲੈ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜੇਗਾ। ਐਸਜੀਪੀਸੀ ਦੇ ਸ਼੍ਰੋਮਣੀ ਅਕਾਲੀ ਦਲ ਦੇ ਰੋਸ ਧਰਨਿਆਂ ਵਿੱਚ ਸ਼ਾਮਲ ਹੋਣ ਸਬੰਧੀ ਉਨ੍ਹਾਂ ਕਿਹਾ ਕਿ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ, ਐਸਜੀਪੀਸੀ ਨੂੰ ਸੌੜੀ ਸਿਆਸਤ ਤੋਂ ਬਚਾ ਕੇ ਰੱਖਣ।






## ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਸਿੱਖ ਯੂਥ ਕੀਰਤਨ ਦਰਬਾਰ ਕਰਵਾਇਆ

**ਮਿਲਪੀਟਸ/ਬਿਊਰੋ ਨਿਊਜ਼:**
ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਅਠਵਾਂ ਆਈ ਜੀ ਓ ਐਸ ਸਿੱਖ ਯੂਥ ਕੀਰਤਨ ਦਰਬਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ।



ਕੀਰਤਨ ਦਰਬਾਰ ਦਾ ਆਰੰਭ ਬੱਚਿਆਂ ਦੁਆਰਾ ਰਹਿਰਾਸ ਸਾਹਿਬ ਦੇ ਪਾਠ ਨਾਲ ਕੀਤਾ ਗਿਆ। ਉਪਰੰਤ ਪ੍ਰੋ. ਰਣਜੀਤ ਸਿੰਘ ਜੀ ਦੁਆਰਾ ਰਾਗਬੱਧ ਸ਼ਬਦ ਗਾਇਨ ਕੀਤਾ ਗਿਆ। ਉਨ੍ਹਾਂ ਸ਼ਬਦ ਗਾਇਨ ਪ੍ਰਸਤੁਤੀ ਕਰਦਿਆਂ ਸਮੂਹ ਵਿਦਿਆਰਥੀਆਂ ਨੂੰ ਉਨ੍ਹਾਂ ਰਾਗਾਂ ਦੀ ਜਾਣਕਾਰੀ ਵੀ ਦਿਤੀ। ਆਈ ਜੀ ਓ ਐਸ (ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਇਨ ਸਟੱਡੀਜ਼) ਮਿਲਪੀਟਸ ਵਲੋਂ ਪ੍ਰੋ. ਰਣਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਜਿਕਰਯੋਗ ਹੈ ਕਿ ਪ੍ਰੋ. ਸਾਹਿਬ ਬੜੇ ਲੰਬੇ ਸਮੇ ਤੋਂ ਲਗਾਤਾਰ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਦਿੰਦੇ ਆ ਰਹੇ ਹਨ। ਬਾਅਦ ਵਿਚ ਬੱਚਿਆਂ ਦੁਅਰਾ ਮਨੋਹਰ ਰਸਨਾ ਵਿਚ ਸ਼ਬਦ ਕੀਰਤਨ ਕੀਤਾ ਗਿਆ ਅਤੇ ਸ਼ਬਦ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ ਗਈ।

ਵਰਨਣਯੋਗ ਹੈ ਕਿ ਆਈ ਜੀ ਓ ਐਸ (ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਇਨ ਸਟੱਡੀਜ਼) ਮਿਲਪੀਟਸ ਵਿਖੇ ਹਰ ਮਾਹੀਨੇ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀ ਸ਼ਬਦ ਗਾਇਨ ਪ੍ਰਸਤੁਤੀ ਕਰਦੇ ਹਨ। ਇੰਸਟੀਟਿਊਟ ਵਲੋਂ ਹਰ ਮਹੀਨੇ ਇਸੇ ਸਮਾਗਮ ਦੌਰਾਨ ਕਿਸੇ ਇਕ ਵਿਦਵਾਨ ਕੀਰਤਨਕਾਰ ਨੂੰ ਬੁਲਾਇਆ ਜਾਂਦਾ ਹੈ ਅਤੇ ਉਸ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਜਾਂਦਾ ਹੈ।

# ਤਿੰਨ ਗੈਂਗਸਟਰਾਂ ਨੇ ਖੁਦ ਨੂੰ ਗੋਲੀਆਂ ਮਾਰ ਕੇ ਕੀਤੀ ਖੁਦਕੁਸ਼ੀ

## *ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਸਨ ਗੈਂਗਸਟਰ*

**ਡੱਬਵਾਲੀ/ਬਿਊਰੋ ਨਿਊਜ਼ :**

ਪੰਜਾਬ ਪੁਲੀਸ ਅਤੇ ਹਰਿਆਣਾ ਪੁਲੀਸ ਵਲੋਂ ਪਿੰਡ ਸੁਖੇਰਾਖੇੜਾ ਦੀ ਢਾਣੀ ਨੇੜੇ ਕੀਤੀ ਸਾਂਝੀ ਕਾਰਵਾਈ ਦੌਰਾਨ ਘਿਰੇ ਪੰਜਾਬ ਦੇ ਤਿੰਨ ਗੈਂਗਸਟਰਾਂ ਨੇ ਖ਼ੁਦ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ। ਗੈਂਗਸਟਰਾਂ ਦੀ ਸ਼ਨਾਖਤ ਜਸਪ੍ਰੀਤ ਸਿੰਘ ਜੰਪੀ' ਉਰਫ਼ ਜਿੰਮੀ ਡੌਨ', ਕੰਵਲਜੀਤ ਸਿੰਘ ਉਰਫ਼ ਬੰਟੀ ਤੇ ਨਿਸ਼ਾਨ ਸਿੰਘ ਵਜੋਂ ਹੋਈ ਹੈ। ਜਸਪ੍ਰੀਤ ਤੇ ਕੰਵਲਜੀਤ ਢਾਣੀ ਵਿੱਚ ਬਣੇ ਮਕਾਨ ਦੀ ਛੱਤ 'ਤੇ ਮ੍ਰਿਤਕ ਪਾਏ ਗਏ ਜਦੋਂਕਿ ਨਿਸ਼ਾਨ ਸਿੰਘ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜਿਆ। ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਇਹ ਤਿੰਨੇ ਗੈਂਗਸਟਰ ਅੱਜ-ਕੱਲ੍ਹ ਜਿੰਮੀ ਡੌਨ' ਗੈਂਗ ਨਾਂ ਹੇਠ ਅਪਰਾਧਾਂ ਨੂੰ ਅੰਜਾਮ ਦਿੰਦੇ ਸਨ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਤਿੰਨੇ ਗੈਂਗਸਟਰਾਂ ਨੇ ਪੁਲੀਸ ਦਾ ਘੇਰਾ ਪੈਣ ਮਗਰੋਂ ਖ਼ੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕੀਤੀ ਹੈ ਜਾਂ ਆਪਸ 'ਚ ਗੋਲੀ ਮਾਰ ਕੇ ਜਾਨ ਦੇ ਦਿੱਤੀ। ਇਸ ਦੌਰਾਨ ਖ਼ਬਰ ਏਜੰਸੀ ਵਾਰਤਾ' ਮੁਤਾਬਕ ਤਿੰਨੇ ਗੈਂਗਸਟਰ ਪੁਲੀਸ ਨਾਲ ਹੋਏ ਮੁਕਾਬਲੇ 'ਚ ਮਾਰੇ ਗਏ ਹਨ। ਪੁਲੀਸ ਨੇ ਮਕਾਨ ਮਾਲਕ ਨੌਜਵਾਨ ਸੁਖਪਾਲ ਸਿੰਘ ਤੇ ਉਸ ਦੀ ਮਾਤਾ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਤਿੰਨੇ ਗੈਂਗਸਟਰਾਂ ਖਿਲਾਫ਼ ਪੰਜਾਬ ਅਤੇ ਹਰਿਆਣਾ ਵਿੱਚ ਕਤਲ, ਡਕੈਤੀ ਅਤੇ ਅਗਵਾ ਦੇ ਦਰਜਨ ਤੋਂ ਵੱਧ ਕੇਸ ਦਰਜ ਹਨ। ਚੌਟਾਲਾ ਵਿੱਚ ਵਾਪਰੇ ਦੋਹਰੇ ਕਤਲ ਵਿੱਚ ਇਸੇ ਗੈਂਗ ਦਾ ਹੱਥ ਸੀ। ਜਾਣਕਾਰੀ ਅਨੁਸਾਰ ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਨਾਲ ਸਬੰਧਤ ਤਿੰਨੇ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਫਰੀਦਕੋਟ ਪੁਲੀਸ ਕਈ ਦਿਨਾਂ ਤੋਂ ਇਨ੍ਹਾਂ ਦੀ ਪੈੜ ਨੱਪ ਰਹੀ ਸੀ। ਪੁਲੀਸ ਨੂੰ ਸੂਹ ਮਿਲੀ ਸੀ ਕਿ ਤਿੰਨੇ ਗੈਂਗਸਟਰ ਬੀਤੀ ਰਾਤ ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਢਾਣੀ ਸੁਖਪਾਲ ਸਿੰਘ (ਸੁਖੇਰਾਖੇੜਾ) ਪੁੱਜੇ ਹਨ। ਸੀਆਈਏ ਸਟਾਫ਼ ਫਰੀਦਕੋਟ ਦੇ ਮੁਖੀ ਅੰਮ੍ਰਿਤਪਾਲ ਸਿੰਘ ਭਾਟੀ ਅਤੇ ਚੌਟਾਲਾ ਚੌਕੀ ਦੇ ਮੁਖੀ ਸੁਖਜੀਤ ਸਿੰਘ ਦੀ ਅਗਵਾਈ ਹੇਠ 22 ਮੈਂਬਰੀ ਟੀਮ ਨੇ ਕਿਸਾਨ ਸੁਖਪਾਲ ਸਿੰਘ ਦੇ ਖੇਤ ਵਿਚਲੇ ਮਕਾਨ ਨੂੰ ਘੇਰ ਪਾ ਲਿਆ। ਪੁਲੀਸ ਵਲੋਂ ਦਿੱਤੀ ਚੇਤਾਵਨੀ ਦੇ ਬਾਵਜੂਦ ਗੈਂਗਸਟਰਾਂ ਨੇ ਮਕਾਨ ਉਪਰੋਂ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬ ਵਿੱਚ ਪੁਲੀਸ ਨੇ ਵੀ ਫਾਇਰਿੰਗ ਕੀਤੀ। ਫਾਇਰਿੰਗ ਰੁਕਣ 'ਤੇ ਮਕਾਨ ਉਪਰੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਪੁਲੀਸ ਨੇ ਜਦੋਂ ਮਕਾਨ ਉਪਰ ਜਾ ਕੇ ਵੇਖਿਆ ਤਾਂ ਜਸਪ੍ਰੀਤ ਸਿੰਘ ਜਿੰਮੀ ਵਾਸੀ ਰੋੜੀ ਕਪੂਰਾ ਅਤੇ ਕੰਵਲਜੀਤ ਸਿੰਘ ਉਰਫ਼ ਬੰਟੀ ਵਾਸੀ ਹਿੰਮਤਪੁਰਾ ਬਸਤੀ, ਜੈਤੋ ਮ੍ਰਿਤਕ ਪਏ ਸਨ। ਇਨ੍ਹਾਂ ਦਾ ਤੀਸਰਾ ਸਾਥੀ ਨਿਸ਼ਾਨ ਸਿੰਘ ਵਾਸੀ ਰੁੱਕਨਵਾਲਾ ਛਾਤੀ 'ਚ ਗੋਲੀ ਲੱਗਣ ਕਰਕੇ ਜ਼ਖ਼ਮੀ ਸੀ। ਪੁਲੀਸ ਵਲੋਂ ਡੱਬਵਾਲੀ ਹਸਪਤਾਲ ਲਿਜਾਂਦੇ ਸਮੇਂ ਉਸ ਨੇ ਵੀ ਦਮ ਤੋੜ ਦਿੱਤਾ।

ਬਠਿੰਡਾ ਜ਼ੋਨ ਦੇ ਆਈਜੀ ਐਮ.ਐਸ. ਛੀਨਾ ਨੇ ਮਗਰੋਂ ਡੱਬਵਾਲੀ ਦੇ ਪੀਡਬਲਿਊਡੀ ਰੈਸਟ ਹਾਊਸ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਪੁਲੀਸ ਨੇ ਸਾਰੇ ਆਪ੍ਰੇਸ਼ਨ ਨੂੰ ਚੌਕਸੀ ਨਾਲ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਮੁੱਢਲੇ ਹਾਲਾਤ ਅਨੁਸਾਰ ਪੁਲੀਸ ਘੇਰਾਬੰਦੀ 'ਚ ਫਸੇ ਜੰਪੀ ਅਤੇ ਬੰਟੀ ਨੇ ਪਹਿਲਾਂ ਖ਼ੁਦ ਨੂੰ ਗੋਲੀ ਮਾਰੀ ਅਤੇ ਜਦੋਂ ਨਿਸ਼ਾਨ ਸਿੰਘ ਉਥੋਂ ਭੱਜਣ ਲੱਗਾ ਤਾਂ ਉਨ੍ਹਾਂ ਉਹਦੀ ਛਾਤੀ ਵਿੱਚ ਵੀ ਗੋਲੀ ਮਾਰ ਦਿੱਤੀ। ਆਈਜੀ ਨੇ ਕਿਹਾ ਕਿ ਮੁੱਢਲੇ ਤੌਰ 'ਤੇ ਮਕਾਨ ਮਾਲਕ ਸੁਖਪਾਲ ਸਿੰਘ ਦੀ ਭੂਮਿਕਾ ਵੀ ਸ਼ੱਕੀ ਜਾਪਦੀ ਹੈ। ਉਹ ਗੈਂਗਸਟਰਾਂ ਦੇ ਨਾਲ ਚੌਥੇ ਮੰਜੇ 'ਤੇ ਛੱਤ ਉਪਰ ਸੁੱਤਾ ਹੋਇਆ ਸੀ। ਪੁਲੀਸ ਨੇ ਗੈਂਗਸਟਰਾਂ ਦੀਆਂ ਲਾਸ਼ਾਂ ਕੋਲੋਂ ਇੱਕ 315 ਬੋਰ ਰਾਈਫ਼ਲ ਅਤੇ 6 ਕਾਰਤੂਸ, ਦੋ 30 ਬੋਰ ਪਿਸਟਲ,29 ਕਾਰਤੂਸ, 32 ਬੋਰ ਪਿਸਟਲ ਤੇ 85 ਕਾਰਤੂਸ ਬਰਾਮਦ



ਕੀਤੇ ਹਨ। ਇਸ ਤੋਂ ਇਲਾਵਾ ਗੈਂਗਸਟਰਾਂ ਕੋਲੋਂ 20 ਹਜ਼ਾਰ ਰੁਪਏ ਨਗ਼ਦ ਅਤੇ ਸਕਾਰਪੀਓ ਗੱਡੀ ਵੀ ਬਰਾਮਦ ਹੋਈ ਹੈ। ਆਈਜੀ ਨੇ ਕਿਹਾ ਕਿ ਸਕਾਰਪੀਓ ਗੱਡੀ ਮੁਹਾਲੀ ਤੋਂ ਖੋਹੀ ਜਾਪਦੀ ਹੈ। ਗੱਡੀ ਦੇ ਬਾਹਰ ਪੀਬੀ12(ਟੀ) 4620 ਨੰਬਰ ਲਿਖਿਆ ਹੋਇਆ ਹੈ ਜਦੋਂਕਿ ਗੱਡੀ ਵਿਚੋਂ ਮਿਲੀ ਆਰਸੀ 'ਤੇ ਹੋਰ ਨੰਬਰ ਹੈ। ਗੱਡੀ ਵਿਚੋਂ ਵੱਖਰੇ ਨੰਬਰਾਂ ਵਾਲੀਆਂ ਪਲੇਟਾਂ ਵੀ ਮਿਲੀਆਂ ਹਨ। ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਮਕਾਨ ਮਾਲਕ ਸੁਖਪਾਲ ਦਾ ਮਸੇਰਾ ਭਰਾ ਸ਼ਰਨਦੀਪ ਸਿੰਘ ਸ਼ਰਨੀ ਇੱਕ ਦੋਹਰੇ ਕਤਲ ਕਾਂਡ ਵਿੱਚ ਲੁਧਿਆਣਾ ਜੇਲ੍ਹ 'ਚ ਬੰਦ ਹੈ।

### ਖ਼ੁਦਕੁਸ਼ੀ ਕਿ ਮੁਕਾਬਲਾ ?

ਚੰਡੀਗੜ੍ਹ : ਗੈਂਗਸਟਰਾਂ ਵਲੋਂ ਖੁਦ ਨੂੰ ਗੋਲੀ ਮਾਰਨ ਦੇ ਮਾਮਲੇ 'ਚ ਇਉਂ ਤਾਂ ਵੱਡੀ ਗਿਣਤੀ ਪਿੰਡ ਵਾਸੀ ਚੁੱਪ ਹਨ, ਪਰ ਪਿੰਡ ਸੁਖੇਰਾਖੇੜਾ ਦੀ ਢਾਣੀ ਤੋਂ ਅੱਠ ਕਿਲੋਮੀਟਰ ਦੂਰ ਪਿੰਡ ਚੌਟਾਲਾ ਦੇ ਸਾਬਕਾ ਸਰਪੰਚ ਕ੍ਰਿਸ਼ਨ ਕੁਮਾਰ ਨੇ ਦਾਅਵਾ ਕੀਤਾ ਹੈ ਤਿੰਨੇ ਗੈਂਗਸਟਰਾਂ ਨੂੰ ਪੰਜਾਬ ਪੁਲੀਸ ਨੇ ਕਥਿਤ ਮੁਕਾਬਲੇ ਵਿੱਚ ਮਾਰਿਆ ਹੈ। ਸਾਬਕਾ ਸਰਪੰਚ ਨੇ ਕਿਹਾ ਕਿ ਉਸ ਵਲੋਂ ਪਿੰਡ ਵਾਸੀਆਂ ਕੋਲੋਂ ਇਕੱਤਰ ਜਾਣਕਾਰੀ ਅਨੁਸਾਰ ਪੁਲੀਸ ਨੇ ਢਾਣੀ ਵਿਚਲੇ ਮਕਾਨ ਵਿੱਚ ਮੌਜੂਦ ਪੰਜ ਨੌਜਵਾਨਾਂ ਵਿਚੋਂ ਤਿੰਨ ਨੂੰ ਮੁਕਾਬਲੇ 'ਚ ਮਾਰ ਮੁਕਾਇਆ ਹੈ। ਸਿਰਸਾ ਦੇ ਐਸਪੀ ਸਤਿੰਦਰ ਕੁਮਾਰ ਗੁਪਤਾ ਨੇ ਹਾਲਾਂਕਿ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਹੈ।

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ 21 ਜੂਨ ਤੋਂ 25 ਜੂਨ ਤੱਕ

## *ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਸਿੰਘ ਜੀ ਕਨੇਡਾ ਵਾਲੇ ਕਥਾ ਕਰਨਗੇ*

**ਸ਼ਿਕਾਗੋ/ਮੱਖਣ ਸਿੰਘ ਕਲੇਰ:**

ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸੱਦੇ ਤੇ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਸਿੰਘ ਜੀ ਕੈਨੇਡਾ ਵਾਲੇ 21 ਜੂਨ ਤੋਂ ਲੈ ਕੇ 24 ਜੂਨ ਤੱਕ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ ਤੇ 25 ਜੂਨ ਦਿਨ ਐਤਵਾਰ ਨੂੰ ਸਵੇਰ ਦੇ ਦੀਵਾਨਾਂ ਵਿਚ ਹਾਜਰੀ ਭਰਨਗੇ। ਪ੍ਰਬੰਧਕ ਕਮੇਟੀ ਅਨੁਸਾਰ ਇਸ ਹਫਤੇ ਦੇ ਦੀਵਾਨ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਮਰਪਿਤ ਹੋਣਗੇ। ਇਸ ਦੇ ਨਾਲ ਹੀ ਸ਼ੁੱਕਰਵਾਰ 23 ਜੂਨ ਨੂੰ ਸਵੇਰੇ 9:30 ਵਜੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਭੋਗ 25 ਜੂਨ ਦਿਨ ਐਤਵਾਰ ਨੂੰ ਸਵੇਰੇ 09:30 ਵਜੇ ਪਾਏ ਜਾਣਗੇ। ਇਸਦੇ ਨਾਲ ਹੀ 16 ਜੂਨ ਦਿਨ ਸ਼ੁਕਰਵਾਰ ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਵਿਸ਼ੇਸ਼ ਤੌਰ 'ਤੇ ਸ਼ਾਮ ਦੇ ਦਿਵਾਨ ਸਜਣਗੇ। 16 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 09:30 ਵਜੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 18 ਜੂਨ ਦਿਨ ਐਤਵਾਰ ਸਵੇਰੇ 09:30 ਭੋਗ ਪਾਏ ਜਾਣਗੇ, ਉਪਰੰਤ ਕੀਰਤਨ, ਕਥਾ ਹੋਵੇਗੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਭਾਈ ਕੁਲਵੰਤ ਸਿੰਘ ਪੰਡੋਰੀ ਦਾ ਢਾਡੀ ਜਥਾ ਗੁਰਇਤਿਹਾਸ ਅਤੇ ਸਿੱਖ ਇਤਿਹਾਸ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਉਣਗੇ। ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਲਾਹਾ ਲਓ ਜੀ।

# ਵਿਪਸਾਅ ਵਲੋਂ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲ ਵਿਸ਼ੇਸ਼ ਮਿਲਣੀ

**ਫਰੀਮਾਂਟ/ਬਿਊਰੋ ਨਿਊਜ਼:**

ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਬੇ ਏਰੀਆ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿਸਟਾਰੀਕਲ ਸਟੱਡੀਜ਼ ਵਿਭਾਗ ਦੀ ਮੁਖ਼ੀ ਡਾ.ਬਲਵਿੰਦਰਜੀਤ ਕੌਰ ਭੱਟੀ ਨਾਲ ਇਕ ਵਿਸ਼ੇਸ਼ ਮਿਲਣੀ ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਬੀਤੇ ਦਿਨੀਂ ਇੱਥੇ ਕਿਡੇਂਗੋ ਵਿਖੇ ਕੀਤੀ ਗਈ। ਜਨਰਲ ਸਕੱਤਰ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਡਾ. ਬਲਵਿੰਦਰਜੀਤ ਕੌਰ ਭੱਟੀ, ਪ੍ਰੋ. ਸੁਖਵਿੰਦਰ ਕੰਬੋਜ ਅਤੇ ਅਦਾਕਾਰਾ ਰਵਿੰਦਰ ਢਿੱਲੋਂ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਮਿਲ ਕੀਤਾ। ਇਸ ਸਾਹਿਤਕ ਮਿਲਣੀ ਦਾ ਆਗਾਜ਼ ਸੰਗੀਤਕਾਰ ਸੁਖਦੇਵ ਸਾਹਿਲ ਨੇ ਮਿੱਤਰ ਪਿਆਰੇ ਨੂੰ ਸ਼ਬਦ ਗਾਇਨ ਨਾਲ ਕੀਤਾ।

ਇਸ ਮੌਕੇ ਬੋਲਦਿਆਂ ਸ਼ਾਇਰ ਕੁਲਵਿੰਦਰ ਨੇ ਦਸਿਆ



ਕਿ ਹਿਸਟਾਰੀਕਲ ਸਟੱਡੀਜ਼ ਵਿਭਾਗ ਦੀ ਮੁਖ਼ੀ ਵਜੋਂ ਡਾ.ਬਲਵਿੰਦਰਜੀਤ ਕੌਰ ਭੱਟੀ ਨੇ ਆਪਣੇ ਕਾਰਜ ਕਾਲ ਦੌਰਾਨ 50 ਤੋਂ ਉੱਪਰ ਖੋਜ ਪੱਤਰ ਲਿਖੇ ਹਨ। "ਸ਼੍ਰੀ ਗੁਰੂ ਗਰੰਥ ਸਾਹਿਬ ਸਮਾਜਿਕ ਸਰੋਕਾਰ" ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਅੱਜ ਕਲ੍ਹ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਕਾਰਾਂ ਦੀ ਡਾਇਰੈਕਰੀ ਤਿਆਰੀ ਅਧੀਨ ਹੈ। ਕੁਲਵਿੰਦਰ ਦੁਆਰਾ ਕਰਵਾਈ ਗਈ ਇਸ ਜਾਣ -ਪਛਾਣ ਨੂੰ ਅੱਗੇ ਤੋਰਦੇ ਹੋਏ ਪ੍ਰੋ. ਕੰਬੋਜ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਉਹ ਡਾ. ਬਲਵਿੰਦਰ ਜੀਤ ਕੌਰ ਭੱਟੀ ਨਾਲੋਂ ਵੱਧ ਉਸ ਦੇ ਪਤੀ

ਬਾਕੀ ਸਫ਼ਾ 30 'ਤੇ

# ਉੱਘੇ ਸਿੱਖ ਡਾਕਟਰ ਅੰਮ੍ਰਿਤ ਸਿੰਘ ਵਲੋਂ ਪੰਜਾਬ ਦੌਰੇ ਦੌਰਾਨ ਸਮਾਜ ਸੇਵੀ ਕਾਰਜ





**ਲਾਸ ਏਂਜਲਸ/ਬਿਊਰੋ ਨਿਊਜ਼:**

ਅਮਰੀਕਾ ਵਿਚ ਉੱਘੇ ਡਾਕਟਰ ਅੰਮ੍ਰਿਤ ਸਿੰਘ ਨੇ ਪਿਛੇ ਜਿਹੇ ਪੰਜਾਬ ਤੇ ਭਾਰਤ ਦੇ ਅਪਣੇ ਨਿੱਜੀ ਦੌਰੇ ਦੌਰਾਨ ਸਮਾਜ ਸੇਵਾ ਦੇ ਕਈ ਕੰਮਾਂ ਵਿੱਚ ਯੋਗਦਾਨ ਪਾਇਆ। ਲਾਸ ਏਂਜਲਸ ਵਿੱਚ ਰਹਿੰਦੇ ਇਸ ਸਿੱਖ ਡਾਕਟਰ ਨੇ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਮੈਡੀਸਨ ਵਾਰਡ ਲਈ ਮਾਲੀ ਮਦਦ ਦਿੱਤੀ।

ਵਰਨਯਣੋਗ ਹੈ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਰਜਿੰਦਰਾ ਹਸਪਤਾਲ ਲਈ ਲੋੜੀਂਦੇ ਫੰਡ ਨਾ ਦਿੱਤੇ ਜਾਣ ਕਾਰਨ ਮੈਡੀਸਨ ਵਾਰਡ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਸੀ। ਹਸਪਤਾਲ ਦੀ ਹਾਲਤ ਨੂੰ ਦੇਖਦਿਆਂ ਇੱਥੋਂ ਦੇ ਸਾਬਕਾ ਵਿਦਿਆਰਥੀਆਂ ਡਾ. ਅੰਮ੍ਰਿਤ ਸਿੰਘ ਨੇ ਮਦਦ ਦਾ ਹੱਥ ਵਧਾਇਆ ਜਿਸਦੇ ਸਦਕਾ ਚਾਰ ਸਾਲਾਂ ਬਾਅਦ ਵਾਰਡ ਨੰਬਰ 11 ਮੁੜ ਤੋਂ ਲੋਕਾਂ ਲਈ ਸ਼ੁਰੂ ਹੋ ਗਿਆ।

ਬੜੂ ਸਾਹਿਬ ਟਰੱਸਟ ਦੇ ਬਾਨੀ ਬਾਬਾ ਇਕਬਾਲ ਸਿੰਘ ਦੀ ਲਿਖੀ ਕਿਤਾਬ ਦੇ ਲੋਕ ਅਰਪਣ ਮੌਕੇ ਅਪ੍ਰੈਲ ਮਹੀਨੇ ਦੌਰਾਨ ਨਵੀਂ ਦਿੱਲੀ ਗਏ ਡਾ. ਅੰਮ੍ਰਿਤ ਸਿੰਘ ਨੇ ਅਪਣੇ ਪੰਜਾਬ ਦੌਰੇ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੱਦੇ ਉੱਤੇ ਇੱਕ ਭਾਸ਼ਨ 'ਚ ਸਕੂਲੀ ਸਿੱਖਿਆ ਦੇ ਪੱਧਰ 'ਚ ਸੁਧਾਰ, ਕਿਸਾਨ ਖੁਦਕੁਸ਼ੀਆਂ ਅਤੇ ਵਣਜਾਰੇ ਸਿੱਖਾਂ ਸਬੰਧੀ ਵਿਚਾਰ ਸਾਂਝੇ ਕੀਤੇ। ਡਾ. ਅੰਮ੍ਰਿਤ ਸਿੰਘ ਨੇ ਅਪਣੇ ਜੱਦੀ ਪਿੰਤ ਚੱਠੇ ਸੇਖਵਾਂ, ਜਿੱਥੇ ਉਨ੍ਹਾਂ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਕੀਤੀ ਸੀ, ਦੇ ਖੇਡ ਸਟੇਡੀਅਮ ਲਈ ਮਾਲੀ ਮਦਦ ਦਿੱਤੀ। ਵੱਖ ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਾਉਣ ਲਈ ਫੰਡ ਦਿੱਤੇ।

ਉਨ੍ਹਾਂ ਨੇ ਗੁਰੂ ਗਿਆਨ ਪ੍ਰਚਾਰ ਕਾਲਜ, ਜਿਸ ਵਲੋਂ ਉੱਤਰ ਪ੍ਰਦੇਸ਼ ਦੇ ਮੀਰਪੁਰ ਪਿੰਡ ਵਿੱਚ ਵਣਜਾਰੇ ਸਿੱਖਾਂ ਦੇ ਬੱਚਿਆਂ ਨੂੰ ਕੀਰਤਨ ਸਿਖਾਇਆ ਜਾਂਦਾ ਹੈ, ਦਾ ਇੱਕ ਸਾਲ ਦਾ ਖਰਚਾ ਦੇਣ ਦੀ ਜਿੰਮੇਵਾਰੀ ਲਈ। ਇਹ ਕਾਲਜ ਗਿਆਨੀ ਸੁਰਿੰਦਰ ਸਿੰਘ ਨੀ ਨਿਊਜ਼ੀਲੈਂਡ ਵਾਲਿਆਂ ਵਲੋਂ ਚਲਾਇਆ ਜਾਂਦਾ ਹੈ। ਮੱਧ ਪਰਦੇਸ਼ 'ਚ ਖੰਡਵਾ ਨੇੜ੍ਹੇ ਵਣਜਾਰੇ ਸਿੱਖਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਖੂਹ ਪੁਟਵਾਉਣ ਵਾਸਤੇ ਵੀ ਮਾਲੀ ਮਦਦ ਦਿੱਤੀ।

## ਭੁੱਲ ਗਈ ਸਰਕਾਰ, ਡਾਕਟਰ ਨੇ ਹੀ ਲਈ ਸਾਰ

**ਪਟਿਆਲਾ/ਬਿਊਰੋ ਨਿਊਜ਼:** ਸੂਬਾ ਸਰਕਾਰ ਵੱਲੋਂ ਸਿਹਤ ਸਹੂਲਤਾਵਾਂ ਵਿਚ ਸੁਧਾਰ ਕਰਨ ਦੇ ਦਾਅਵੇ ਤਾਂ ਕੀਤੇ ਜਾਂਦੇ ਪਰ ਜ਼ਮੀਨ ਪੱਧਰ 'ਤੇ ਇਨ੍ਹਾਂ ਦੀ ਹਕੀਕਤ ਕੁਝ ਹੋਰ ਹੀ ਹੈ। ਇਥੋਂ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਚ ਭਾਵੇਂ ਸਰਕਾਰ ਕਰੋੜਾਂ ਰੁਪਏ ਖਰਚ ਕੇ ਨਵੀਆਂ ਇਮਾਰਤਾਂ ਤਾਂ ਬਣਾ ਰਹੀ ਹੈ ਪ੍ਰੰਤੂ ਮਾੜੀ ਹਾਲਤ ਦੇ ਚਲਦਿਆਂ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਮੈਡੀਸਨ ਵਾਰਡ ਦੀ ਸਾਰ ਨਹੀਂ ਲਈ ਗਈ ਹੈ। ਹਸਪਤਾਲ ਦੀ ਹਾਲਤ ਨੂੰ ਦੇਖਦਿਆਂ ਇੱਥੋਂ ਦੇ ਸਾਬਕਾ ਵਿਦਿਆਰਥੀਆਂ ਡਾ. ਅੰਮ੍ਰਿਤ ਸਿੰਘ ਨੇ ਮਦਦ ਦਾ ਹੱਥ ਵਧਾਇਆ ਹੈ। ਜਿਸਦੇ ਸਦਕਾ ਚਾਰ ਸਾਲਾਂ ਬਾਅਦ ਵਾਰਡ ਨੰਬਰ 11 ਅੱਜ ਮੁੜ ਤੋਂ ਸ਼ੁਰੂ ਹੋ ਗਿਆ ਹੈ।

ਸਰਕਾਰੀ ਰਜਿੰਦਰਾ ਹਸਪਤਾਲ ਮੈਡੀਸਨ ਵਿਭਾਗ ਦੇ ਪ੍ਰੋਫੈਸਰ ਡਾ. ਬੀ ਐਲ ਭਾਰਦਵਾਜ ਨੇ ਦਸਿਆ ਕਿ ਫੰਡਾਂ ਦੀ ਕਮੀ ਦੇ ਚਲਦਿਆਂ ਇਸ ਵਾਰਡ ਨੂੰ ਬੰਦ ਕਰਨਾ ਪਿਆ ਸੀ। ਇਸ ਬਾਰੇ ਜਦੋਂ ਉਨ੍ਹਾਂ ਦੇ ਮਿੱਤਰ ਡਾ. ਅੰਮ੍ਰਿਤ ਸਿੰਘ ਨੂੰ ਪਤਾ ਲੱਗਿਆ ਤਾਂ ਉਹ ਤੁਰੰਤ ਇਸ ਦੀ ਮੁਰੰਮਤ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਮੈਡੀਕਲ ਸੁਪਰਡੈਂਟ ਨੂੰ ਇਸ ਮਕਸਦ ਲਈ ਇਕ ਲੱਖ ਰੁਪਏ ਦਾ ਯੋਗਦਾਨ ਦਿੱਤਾ ਡਾ. ਅੰਮ੍ਰਿਤ ਨੇ ਕਿਹਾ ਕਿ ਉਹ ਇੱਥੋਂ ਦੇ ਸਾਬਕਾ ਵਿਦਿਆਰਥੀ ਰਹੇ ਹਨ ਤੇ ਮੌਜੂਦਾ ਸਮੇਂ ਵਿਚ ਯੂ ਐਸ ਏ ਵਿਚ ਰਹਿ ਰਹੇ ਹਨ। ਡਾ. ਅੰਮ੍ਰਿਤ ਸਿੰਘ ਨੇ ਕਿਹਾ ਕਿ ਰਜਿੰਦਰਾ ਹਸਪਤਾਲ ਨਾਲ ਉਨ੍ਹਾਂ ਦੀਆਂ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਹਸਪਤਾਲ ਦੇ ਵਾਰਡ ਨੰਬਰ 11 ਦੇ ਬੰਦ ਹੋਣ ਦਾ ਪਤਾ ਲੱਗਿਆ ਤਾਂ ਉਨ੍ਹਾਂ ਇਸ ਨੂੰ ਸ਼ੁਰੂ ਕਰਵਾਉਣ ਦਾ ਫੈਸਲਾ ਕਰ ਲਿਆ ਸੀ। ਇਸ ਵਾਰਡ ਦੀ ਪੂਰੀ ਮੁਰੰਮਤ ਕਰਵਾ ਕੇ ਨਵਾਂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਵੀ ਹਸਪਤਾਲ ਦੀ ਬਿਹਤਰੀ ਲਈ ਯੋਗਦਾਨ ਪਾਉਂਦੇ ਰਹਿਣਗੇ। ਡਾ. ਭਾਰਦਵਾਜ ਨੇ ਕਿਹਾ ਕਿ ਇਸ ਵਾਰਡ ਨਾਲ ਉਨ੍ਹਾਂ ਦੀ ਭਾਵਨਾਤਮਕ ਸਾਂਝ ਹੈ। ਕਿਉਂਕਿ ਇੱਥੋਂ ਹੀ ਉਨ੍ਹਾਂ ਨੇ ਐਮ ਡੀ ਅਤੇ ਫੇਰ ਸੀਨੀਅਰ ਰੈਜੀਡੈਂਸੀ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਸ ਵਾਰਡ ਦੇ ਖੁੱਲ੍ਹਣ ਨਾਲ ਹੁਣ ਮਰੀਜ਼ਾਂ ਨੂੰ ਹੋਰ ਵੀ ਫਾਇਦਾ ਹੋਵੇਗਾ। ਮੈਡੀਕਲ ਸੁਪਰਡੈਂਟ ਡਾ. ਬੀ ਐਸ ਬਰਾੜ ਨੇ ਕਿਹਾ ਕਿ ਡਾ. ਅੰਮ੍ਰਿਤ ਸਿੰਘ ਸਰਕਾਰੀ ਮੈਡੀਕਲ ਕਾਲਜ ਦੇ ਸਾਬਕਾ ਵਿਦਿਆਰਥੀ ਅਤੇ ਇਸ ਸਮੇਂ ਲਾਸ ਏਂਜਲਸ, ਅਮਰੀਕਾ ਵਿਚ ਉੱਘੇ ਡਾਕਟਰ ਹਨ, ਨਾਲ ਇਸ ਵਾਰਡ ਨੂੰ ਦੁਬਾਰਾ ਖੋਲ੍ਹੇ ਜਾਣ ਦਾ ਉਦਘਾਟਨ ਕੀਤਾ।

# ਖੇਤੀ ਕਰਜ਼ੇ ਸੂਬਾ ਸਰਕਾਰਾਂ ਆਪਣੇ ਦਮ 'ਤੇ ਮੁਆਫ਼ ਕਰਨ : ਅਰੁਣ ਜੇਤਲੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਿਸਾਨੀ ਕਰਜ਼ ਮੁਆਫ਼ੀ ਸਬੰਧੀ ਸੂਬਾ ਸਰਕਾਰਾਂ ਦੀਆਂ ਵਿੱਤੀ ਦੇਣਦਾਰੀਆਂ ਦਾ ਭਾਰ ਕੇਂਦਰ ਸਰਕਾਰ ਨਹੀਂ ਚੁੱਕੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਸੂਬੇ ਇਹ ਭਾਰ ਖ਼ੁਦ ਚੁੱਕਣ। ਕਰਜ਼ ਮੁਆਫ਼ੀ ਲਈ ਮੱਧ ਪ੍ਰਦੇਸ਼ ਵਿੱਚ ਕਿਸਾਨਾਂ ਦੇ ਹਿੰਸਕ ਅੰਦੋਲਨ ਅਤੇ ਮਹਾਰਾਸ਼ਟਰ ਸਰਕਾਰ ਵਲੋਂ ਕਿਸਾਨੀ ਕਰਜ਼ ਮੁਆਫ਼ੀ ਦੇ ਕੀਤੇ ਐਲਾਨ ਦੇ ਪਿਛੋਕੜ ਵਿੱਚ ਕੇਂਦਰ ਸਰਕਾਰ ਦਾ ਰੁਖ਼ ਕਾਫ਼ੀ ਅਹਿਮ ਹੈ। ਉਤਰ ਪ੍ਰਦੇਸ਼ ਸਰਕਾਰ ਨੇ ਇਸ ਸਾਲ ਦੇ ਸ਼ੁਰੂ ਵਿੱਚ ਹੀ ਛੋਟੇ ਤੇ ਹਾਸ਼ੀਏ ਉਤੇ ਧੱਕੇ ਕਿਸਾਨਾਂ ਦਾ 36,359 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ।

ਜਦੋਂ ਮਹਾਰਾਸ਼ਟਰ ਸਰਕਾਰ ਵਲੋਂ ਕਰਜ਼ ਮੁਆਫ਼ੀ ਬਾਰੇ ਕੀਤੇ ਐਲਾਨ ਸਬੰਧੀ ਪੁੱਛਿਆ ਗਿਆ ਤਾਂ ਸ੍ਰੀ ਜੇਤਲੀ ਨੇ ਸਪਸ਼ਟ ਕੀਤਾ ਕਿ ਕੇਂਦਰੀ ਖ਼ਜ਼ਾਨੇ ਵਿਚੋਂ ਕੋਈ ਫੰਡ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, "ਮੈਂ ਸੂਬਿਆਂ ਨੂੰ ਪਹਿਲਾਂ ਹੀ ਸਪਸ਼ਟ ਕਰ ਚੁੱਕਾ ਹਾਂ ਕਿ ਕਿਸਾਨੀ ਕਰਜ਼ ਮੁਆਫ਼ੀ ਵਰਗੀਆਂ ਸਕੀਮਾਂ ਲਈ ਉਨ੍ਹਾਂ ਨੂੰ ਆਪਣੇ ਸਰੋਤਾਂ ਤੋਂ ਫੰਡ ਇਕੱਠਾ ਕਰਨਾ ਪਵੇਗਾ। ਇਸ ਤੋਂ ਇਲਾਵਾ ਕੇਂਦਰ ਸਰਕਾਰ ਕੋਲ ਕਹਿਣ ਲਈ ਹੋਰ ਕੁਝ ਨਹੀਂ ਹੈ।" ਇਹ ਪਹਿਲੀ ਦਫ਼ਾ ਨਹੀਂ ਹੈ ਜਦੋਂ ਸ੍ਰੀ ਜੇਤਲੀ ਨੇ ਇਸ ਮਸਲੇ ਉਤੇ ਖੁੱਲ੍ਹ ਕੇ ਗੱਲ ਕੀਤੀ ਹੈ। ਇਸ ਤੋਂ ਪਹਿਲਾਂ ਵੀ ਉਹ ਅਜਿਹੀ ਕਿਸੇ ਵੀ ਮੁਆਫ਼ੀ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਹਿ ਚੁੱਕੇ ਹਨ ਕਿ ਕੇਂਦਰ ਸਰਕਾਰ ਕਿਸੇ ਇਕ ਰਾਜ ਦੀ ਮਦਦ ਕਰ ਕੇ ਚੋਣਵੀਂ ਪਹੁੰਚ ਨਹੀਂ ਅਪਣਾਏਗੀ। ਸੰਸਦ ਦੇ ਪਿਛਲੇ ਸੈਸ਼ਨ ਵਿੱਚ ਉਨ੍ਹਾਂ ਕਿਹਾ ਸੀ ਕਿ ਕਈ ਰਾਜਾਂ ਵਿੱਚ ਕਰਜ਼ ਮੁਆਫ਼ੀ ਦੀ ਮੰਗ ਉਠ ਰਹੀ ਹੈ। ਖੇਤੀਬਾੜੀ ਖੇਤਰ ਲਈ ਕੇਂਦਰ ਸਰਕਾਰ ਦੀਆਂ ਆਪਣੀਆਂ ਨੀਤੀਆਂ ਹਨ, ਜਿਨ੍ਹਾਂ ਤਹਿਤ ਵਿਆਜ ਕਟੌਤੀ ਤੇ ਹੋਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਵਿੱਤ ਮੰਤਰੀ ਨੇ ਕਿਹਾ ਸੀ ਕਿ ਜੇ ਕਿਸੇ ਰਾਜ ਕੋਲ ਆਪਣੇ ਸਰੋਤ ਹਨ ਅਤੇ ਉਹ ਇਸ ਦਿਸ਼ਾ ਵਿੱਚ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਸਰੋਤ ਜੁਟਾਉਣੇ ਪੈਣਗੇ। ਕੇਂਦਰ ਵਲੋਂ ਇਕ ਰਾਜ ਦੀ ਮਦਦ ਕਰਨ ਅਤੇ ਹੋਰਾਂ ਦੀ ਨਾ ਕਰਨ ਦੀ ਸਥਿਤੀ ਪੈਦਾ ਨਹੀਂ ਹੋਵੇਗੀ। ਮੌਜੂਦਾ ਹਾੜ੍ਹੀ ਸੀਜ਼ਨ ਵਿੱਚ ਬੰਪਰ ਫਸਲ ਉਤਪਾਦਨ ਦੇ ਬਾਵਜੂਦ ਕਈ ਰਾਜਾਂ ਵਿੱਚ ਕਿਸਾਨ ਸੰਕਟ ਵਿੱਚ ਹਨ ਕਿਉਂਕਿ ਘਰੇਲੂ ਤੇ ਕੌਮਾਂਤਰੀ ਬਾਜ਼ਾਰ ਵਿੱਚ ਕੀਮਤਾਂ ਤੇਜ਼ੀ ਨਾਲ ਡਿੱਗੀਆਂ ਹਨ, ਜਿਸ ਕਾਰਨ ਦੇਸ਼ ਵਿੱਚ ਅੰਦੋਲਨ ਵਰਗੀ ਸਥਿਤੀ ਪੈਦਾ ਹੋ ਗਈ ਹੈ। ਰਿਜ਼ਰਵ ਬੈਂਕ ਦੇ ਗਵਰਨਰ ਉਰਜਿਤ ਪਟੇਲ ਪਹਿਲਾਂ ਹੀ ਚੇਤਾਵਨੀ ਦੇ ਚੁੱਕੇ ਹਨ ਕਿ ਜੇ ਰਾਜ ਸਰਕਾਰਾਂ ਅਜਿਹੇ ਤਰੀਕਿਆਂ ਨਾਲ ਪੈਸਾ ਖਰਚਣਗੀਆਂ ਤਾਂ ਵਿੱਤੀ ਹਾਲਾਤ ਵੱਸ ਤੋਂ ਬਾਹਰ ਹੋ ਜਾਣਗੇ। ਇਸ ਨਾਲ ਮਹਿੰਗਾਈ ਵੀ ਵਧ ਸਕਦੀ ਹੈ। ਰਿਜ਼ਰਵ ਬੈਂਕ ਨੇ ਪਿਛਲੇ ਹਫ਼ਤੇ 2017-18 ਲਈ ਐਲਾਨੀ ਆਪਣੀ ਦੋ ਮਹੀਨਿਆਂ ਦੀ ਮਾਲੀ ਨੀਤੀ ਦੀ ਸਮੀਖਿਆ ਵਿੱਚ ਕਿਹਾ ਸੀ ਕਿ ਕਿਸਾਨ ਕਰਜ਼ ਮੁਆਫ਼ੀ ਦੇ ਅਜਿਹੇ ਐਲਾਨਾਂ ਨਾਲ ਵਿੱਤੀ ਸੰਕਟ ਦਾ ਖ਼ਤਰਾ ਹੈ। ਇਸ ਨਾਲ ਮਹਿੰਗਾਈ ਦਰ ਵਧ ਸਕਦੀ ਹੈ। ਰਿਜ਼ਰਵ ਬੈਂਕ ਆਪਣੀ ਮਾਲੀ ਨੀਤੀ ਬਾਰੇ ਫੈਸਲੇ ਲੈਣ ਲਈ ਪਰਚੂਨ ਮਹਿੰਗਾਈ ਦਰ ਉਤੇ ਨੇੜਿਓਂ ਨਜ਼ਰ ਰੱਖਦਾ ਹੈ। ਉਹ ਮੰਗ ਤੇ ਸਪਲਾਈ ਵਿਚਾਲੇ ਤਵਾਜ਼ਨ ਬਿਠਾਉਣ ਲਈ ਰੈਪੋ ਦਰ ਵਰਗੇ ਹਥਿਆਰ ਵਰਤਦਾ ਹੈ। ਇਹ ਉਹ ਦਰ ਹੈ, ਜਿਸ ਉਤੇ ਇਹ ਕੇਂਦਰੀ ਬੈਂਕ ਦੂਜੇ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ।




ਅਰੁਣ ਜੇਤਲੀ ਨਵੀਂ ਦਿੱਲੀ ਵਿੱਚ ਸਰਕਾਰੀ ਬੈਂਕਾਂ ਦੇ ਮੁਖੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ

## ਭਾਜਪਾ ਲਈ ਬਣ ਸਕਦੀ ਹੈ ਕਸੂਤੀ ਸਥਿਤੀ :

ਨਵੀਂ ਦਿੱਲੀ : ਵਿੱਤ ਮੰਤਰੀ ਭਾਵੇਂ ਕਿਸਾਨਾਂ ਨੂੰ ਰਾਹਤ ਦੇਣ ਵਿੱਚ ਕੇਂਦਰੀ ਮਦਦ ਤੋਂ ਇਨਕਾਰ ਕਰ ਚੁੱਕੇ ਹਨ ਪਰ ਪਹਿਲਾਂ ਉਤਰ ਪ੍ਰਦੇਸ਼ ਅਤੇ ਹੁਣ ਮਹਾਰਾਸ਼ਟਰ ਸਰਕਾਰ ਵਲੋਂ ਕਿਸਾਨਾਂ ਦਾ ਕਰਜ਼ ਮੁਆਫ਼ ਕਰਨ ਨਾਲ ਸੱਤਾਧਾਰੀ ਭਾਜਪਾ ਲਈ ਕਸੂਤੀ ਸਥਿਤੀ ਬਣ ਸਕਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਆਮ ਚੋਣਾਂ ਲਈ ਸਿਰਫ਼ ਦੋ ਸਾਲ ਰਹਿ ਗਏ ਹਨ ਤਾਂ ਮੋਦੀ ਸਰਕਾਰ ਇਸ ਮਸਲੇ ਨੂੰ ਟਾਲ ਨਹੀਂ ਸਕਦੀ। ਭਾਵੇਂ ਕੇਂਦਰ ਸਰਕਾਰ ਖੇਤੀਬਾੜੀ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਦਮ ਚੁੱਕਣ ਦੇ ਦਾਅਵੇ ਕਰ ਰਹੀ ਹੈ ਪਰ ਜਾਪਦਾ ਹੈ ਕਿ ਵੱਧ ਉਤਪਾਦਨ ਲਾਗਤ ਖੇਤੀਬਾੜੀ ਕਿੱਤੇ ਨੂੰ ਗ਼ੈਰ ਵਿਹਾਰਕ ਬਣਾ ਰਹੀ ਹੈ। ਸਮਰਥਨ ਮੁੱਲ ਤੇ ਨੋਟਬੰਦੀ ਕਾਰਨ ਦੋ ਸਾਲਾਂ ਤੋਂ ਸੋਕੇ ਨਾਲ ਜੂਝ ਰਹੇ ਕਿਸਾਨਾਂ ਦੀਆਂ ਦਿੱਕਤਾਂ ਵਧੀਆਂ ਹਨ।

## ਨਿਤੀਸ਼ ਬੋਲੇ-ਕਰਜ਼ ਮੁਆਫ਼ੀ ਹੀ ਇਕੋ ਹੱਲ ਨਹੀਂ:

ਪਟਨਾ: ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਫੈਲੇ ਖੇਤੀਬਾੜੀ ਸੰਕਟ ਦਾ ਇਕੋ ਹੱਲ ਕਰਜ਼ ਮੁਆਫ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਐਨਡੀਏ ਸਰਕਾਰ ਨੂੰ ਆਪਣੇ ਚੋਣ ਵਾਅਦੇ ਪੂਰੇ ਕਰਨੇ ਚਾਹੀਦੇ ਹਨ ਅਤੇ ਕਿਸਾਨਾਂ ਨੂੰ ਉਤਪਾਦਨ ਲਾਗਤ ਵਿੱਚ 50 ਫੀਸਦੀ ਮੁਨਾਫ਼ਾ ਜੋੜ ਕੇ ਘੱਟੋ-ਘੱਟ ਸਮਰਥਨ ਮੁੱਲ ਦੇਣਾ ਚਾਹੀਦਾ ਹੈ। ਨਿਤੀਸ਼ ਨੇ ਕਿਹਾ ਕਿ ਉਤਪਾਦਨ ਵਧ ਰਿਹਾ ਹੈ ਪਰ ਕਿਸਾਨਾਂ ਦੀ ਹਾਲਤ ਮਾੜੀ ਹੈ ਕਿਉਂਕਿ ਉਨ੍ਹਾਂ ਨੂੰ ਉਪਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ।

# ਕਰਜ਼ਾ ਮੁਆਫ਼ੀ ਦੇ ਐਲਾਨ ਮਗਰੋਂ ਮਹਾਰਾਸ਼ਟਰ ਦੇ ਕਿਸਾਨਾਂ ਨੇ ਅੰਦੋਲਨ ਖ਼ਤਮ ਕੀਤਾ

**ਮੁੰਬਈ/ਬਿਊਰੋ ਨਿਊਜ਼ :**
ਮਹਾਰਾਸ਼ਟਰ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੈ ਤੇ ਨਾਲ ਹੀ ਕਰਜ਼ਾ ਮੁਆਫ਼ੀ ਦੇ ਮਾਪਦੰਡ ਤੈਅ ਕਰਨ ਲਈ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਹੈ। ਸਰਕਾਰ ਦੇ ਇਸ ਐਲਾਨ ਮਗਰੋਂ ਕਿਸਾਨਾਂ ਨੇ ਆਪਣਾ ਸੰਘਰਸ਼ ਵਾਪਸ ਲੈ ਲਿਆ ਹੈ।

ਮਾਲ ਮੰਤਰੀ ਚੰਦਰਕਾਂਤ ਪਾਟਿਲ ਨੇ ਦੱਸਿਆ ਕਿ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਹੈ। ਘੱਟ ਜ਼ਮੀਨਾਂ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਤੁਰੰਤ ਹੀ ਮੁਆਫ਼ ਕੀਤਾ ਜਾਵੇਗਾ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵਲੋਂ ਗਠਿਤ ਉੱਚ ਪੱਧਰੀ ਕਮੇਟੀ ਦੇ ਪ੍ਰਧਾਨ ਪਾਟਿਲ ਇੱਥੇ ਕਿਸਾਨ ਆਗੂਆਂ ਨਾਲ ਗੱਲਬਾਤ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਗੱਲਬਾਤ 'ਚ ਭਾਗ ਲੈਣ ਆਏ ਕਿਸਾਨ ਆਗੂ ਤੇ ਲੋਕ ਸਭਾ ਮੈਂਬਰ ਰਾਜੂ ਸ਼ੈਟੀ ਨੇ ਕਿਹਾ ਕਿ ਉਹ ਖ਼ੁਸ਼ ਹਨ ਕਿ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਹਨ। ਸ੍ਰੀ ਸ਼ੈਟੀ ਨੇ ਕਿਹਾ, ਸਾਡੇ ਮਸਲੇ ਸੁਲਝ ਗਏ ਹਨ। ਅਸੀਂ ਧਰਨੇ ਮੁਜ਼ਾਹਰੇ ਸਮੇਤ ਆਪਣਾ ਸੰਘਰਸ਼ ਅਸਥਾਈ ਤੌਰ 'ਤੇ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ, ਪਰ ਜੇਕਰ 25 ਜੁਲਾਈ ਤੱਕ ਕਰਜ਼ਾ ਮੁਆਫ਼ੀ ਬਾਰੇ ਕੋਈ ਤਸੱਲੀਬਖ਼ਸ਼ ਫ਼ੈਸਲਾ ਨਾ ਲਿਆ ਗਿਆ ਤਾਂ ਉਹ ਆਪਣਾ ਸੰਘਰਸ਼ ਮੁੜ ਸ਼ੁਰੂ ਕਰ ਦੇਣਗੇ।' ਇੱਕ ਹੋਰ ਕਿਸਾਨ ਆਗੂ ਰਘੂਨਾਥਦਾਦਾ ਪਾਟਿਲ ਨੇ ਕਿਹਾ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਹੋਵੇਗਾ। ਮੰਤਰੀ ਸਮੂਹ ਨੇ ਕਿਸਾਨਾਂ ਨੂੰ ਨਵੇਂ ਸਿਰੇ ਤੋਂ ਕਰਜ਼ਾ ਦੇਣਾ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਹੈ। ਮਾਲ ਮੰਤਰੀ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਾਧਾਰਨ ਬੈਂਕਿੰਗ ਦਾ ਸਵਾਲ ਹੈ। ਜਦ ਤੱਕ ਪੁਰਾਣਾ ਕਰਜ਼ਾ ਮੁਆਫ਼ ਨਹੀਂ ਹੋਵੇਗਾ, ਨਵਾਂ ਕਰਜ਼ਾ ਨਹੀਂ ਮਿਲ ਸਕਦਾ।



ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਜੂਸ ਪਿਲਾ ਕੇ ਉਨ੍ਹਾਂ ਦੀ ਭੁੱਖ ਹੜਤਾਲ ਖ਼ਤਮ ਕਰਾਉਂਦੇ ਹੋਏ ਸਾਬਕਾ ਮੁੱਖ ਮੰਤਰੀ ਕੈਲਾਸ਼ ਜੋਸ਼ੀ।

## ਸ਼ਿਵਰਾਜ ਚੌਹਾਨ ਨੇ ਵਰਤ ਕੀਤਾ ਸਮਾਪਤ

ਭੋਪਾਲ: ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਆਪਣਾ ਮਰਨ ਵਰਤ ਖ਼ਤਮ ਕਰਦਿਆਂ ਐਲਾਨ ਕੀਤਾ ਹੈ ਕਿ ਸੂਬੇ ਵਿੱਚ ਹੁਣ ਹਾਲਾਤ ਸ਼ਾਂਤ ਹੋ ਗਏ ਹਨ। ਸੂਬੇ ਵਿੱਚ ਕਿਸਾਨ ਮੁੱਦਿਆਂ 'ਤੇ ਫੈਲੀ ਹਿੰਸਾ ਮਗਰੋਂ ਵਿਵਾਦਾਂ 'ਚ ਸਾਹਮਣਾ ਕਰ ਰਹੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਸਾਬਕਾ ਮੁੱਖ ਮੰਤਰੀ ਕੈਲਾਸ਼ ਜੋਸ਼ੀ ਹੱਥੋਂ ਨਾਰੀਅਲ ਪਾਣੀ ਪੀ ਕੇ ਮਰਨ ਵਰਤ ਤੋੜਿਆ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੁਣ ਅਮਨ ਦੀ ਸਥਿਤੀ ਹੈ ਤੇ ਦੋ ਦਿਨ ਤੋਂ ਸੂਬੇ 'ਚ ਕੋਈ ਵੀ ਹਿੰਸਕ ਘਟਨਾ ਨਹੀਂ ਵਾਪਰੀ। ਉਨ੍ਹਾਂ ਕਿਹਾ ਕਿ ਮੰਦਸੌਰ 'ਚ ਪੰਜ ਕਿਸਾਨਾਂ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇਗੀ। ਇੱਥੇ ਦਸਹਿਰਾ ਮੈਦਾਨ 'ਚ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਐਲਾਨ ਕੀਤਾ ਕਿ ਮੱਧ ਪ੍ਰਦੇਸ਼ ਵਿੱਚ ਕੇਂਦਰ ਸਰਕਾਰ ਵਲੋਂ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਕਿਸਾਨਾਂ ਦੀ ਜਿਣਸ ਖ਼ਰੀਦਣਾ ਅਪਰਾਧ ਹੋਵੇਗਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਖੇਤੀਬਾੜੀ ਵਾਲੀ ਜ਼ਮੀਨ ਐਕੁਆਇਰ ਨਹੀਂ ਕੀਤੀ ਜਾ ਸਕੇਗੀ। ਉਨ੍ਹਾਂ ਸੂਬਾ ਸਰਕਾਰ ਵਲੋਂ ਕਿਸਾਨ ਬਾਜ਼ਾਰ ਸਥਾਪਤ ਕਰਨ ਦੀ ਗੱਲ ਵੀ ਕਹੀ। ਦੂਜੇ ਪਾਸੇ ਕਿਸਾਨ ਅੰਦੋਲਨ ਹਿੰਸਾ 'ਚ ਮਾਰੇ ਗਏ ਕਿਸਾਨਾਂ ਦੇ ਪਰਿਵਾਰ ਨੂੰ ਮਿਲਣ ਜਾ ਰਹੇ ਆਗੂਆਂ ਮੇਧਾ ਪਾਟਕਰ, ਯੋਗਿੰਦਰ ਯਾਦਵ ਤੇ ਸਵਾਮੀ ਅਗਨੀਵੇਸ਼ ਸਮੇਤ 30 ਸਮਾਜਿਕ ਕਾਰਕੁਨਾਂ ਨੂੰ ਰਤਲਾਮ ਵਿੱਚ ਪੁਲੀਸ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁਝ ਸਮਾਂ ਬਾਅਦ ਰਿਹਾਅ ਕਰ ਦਿੱਤਾ ਗਿਆ। ਉਧਰ ਮੰਦਸੌਰ ਵਿੱਚ ਹਾਲਾਤ ਸ਼ਾਂਤ ਰਹਿਣ ਮਗਰੋਂ ਤਿੰਨ ਥਾਣਿਆਂ ਅਧੀਨ ਖੇਤਰਾਂ 'ਚੋਂ ਕਰਫਿਊ ਹਟਾ ਲਿਆ ਗਿਆ ਹੈ, ਪਰ ਜ਼ਿਲ੍ਹੇ ਵਿੱਚ ਧਾਰਾ 144 ਤਹਿਤ ਲਾਈਆਂ ਗਈਆਂ ਪਾਬੰਦੀਆਂ ਅਜੇ ਜਾਰੀ ਰਹਿਣਗੀਆਂ। ਇੱਕ ਵੱਖਰੀ ਸੂਚਨਾ ਮੁਤਾਬਕ ਪਾਟੀਦਾਰ ਅੰਦੋਲਨ ਦਾ ਆਗੂ ਹਾਰਦਿਕ ਪਟੇਲ ਵੀ ਆਪਣੇ ਸਮਰਥਕਾਂ ਸਮੇਤ ਮੰਦਸੌਰ ਦਾ ਦੌਰਾ ਕਰੇਗਾ।

*ਸਫ਼ਾ ਇਕ ਦੀ ਬਾਕੀ*

## ਮੱਠਾ ਨਹੀਂ ਪੈ ਰਿਹਾ ਮੰਦਸੌਰ ਦਾ ਕਿਸਾਨ ਅੰਦੋਲਨ

ਹਮਾਇਤੀਆਂ ਨੇ ਟੋਲ ਬੂਥ 'ਤੇ ਹੀ ਧਰਨਾ ਮਾਰਦਿਆਂ ਮੰਗ ਕੀਤੀ ਕਿ ਉਨ੍ਹਾਂ ਨੂੰ ਮੰਦਸੌਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਸਿੰਧੀਆ ਨੇ ਕਿਹਾ ਕਿ ਪੁਲੀਸ ਉਸ ਨੂੰ ਮੰਦਸੌਰ ਜਾਣ ਤੋਂ ਕਿਉਂ ਰੋਕ ਰਹੀ ਹੈ। ਇਹ ਤਾਂ ਹਿਟਲਰਸ਼ਾਹੀ ਹੈ। ਇਸ ਤੋਂ ਪਹਿਲਾਂ ਦਿਨੇ ਹਾਰਦਿਕ ਪਟੇਲ ਨੂੰ ਨੀਮਚ 'ਚ ਨਿਆਗਾਓਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪਾਟੀਦਾਰ ਅੰਦੋਲਨ ਦਾ ਮੁਖੀ ਪੁਲੀਸ ਗੋਲੀਬਾਰੀ 'ਚ ਮਾਰੇ ਗਏ ਮੰਦਸੌਰ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲਣ ਜਾ ਰਿਹਾ ਸੀ। ਉਸ ਨਾਲ ਜਨਤਾ ਦਲ (ਯੂ) ਦਾ ਆਗੂ ਅਖਿਲੇਸ਼ ਕਟੀਆਰ ਵੀ ਸੀ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਿਟੀ ਐਸਪੀ ਅਭਿਸ਼ੇਕ ਦੀਵਾਨ ਨੇ ਕਿਹਾ ਕਿ ਹਾਲਾਤ ਵਿਗੜਨ ਤੋਂ ਰੋਕਣ ਲਈ ਪਟੇਲ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਨ੍ਹਾਂ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰਕੇ ਪੁਲੀਸ ਦੇ ਵਾਹਨਾਂ 'ਚ ਮੱਧ ਪ੍ਰਦੇਸ਼ ਭੇਜ ਦਿੱਤਾ ਗਿਆ।

## ਮੈਂ ਲਾਹੌਰੋਂ ਨਹੀਂ ਆਇਆ

ਇਸ ਸਬੰਧੀ ਪਟੇਲ ਨੇ ਕਿਹਾ ਕਿ ਉਹ ਕੋਈ ਅਤਿਵਾਦੀ ਨਹੀਂ ਹੈ ਤੇ ਨਾ ਹੀ ਲਾਹੌਰ ਤੋਂ ਆਇਆ ਹੈ। ਉਹ ਭਾਰਤੀ ਨਾਗਰਿਕ ਹੈ ਤੇ ਉਸ ਨੂੰ ਦੇਸ਼ 'ਚ ਕਿਤੇ ਵੀ ਜਾਣ ਦਾ ਅਧਿਕਾਰ ਹੈ। ਉਸ ਨੇ ਕੇਂਦਰ ਦੀ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ ਤੇ 50 ਕਰੋੜ ਕਿਸਾਨਾਂ ਨੂੰ ਭਗਵਾਂ ਪਾਰਟੀ ਖ਼ਿਲਾਫ਼ ਇਕਜੁੱਟ ਹੋਣ ਦਾ ਸੱਦਾ ਦਿੱਤਾ।

## ਪ੍ਰੋ.ਬਡੂੰਗਰ ਨੂੰ ਅਕਾਲੀ ਧਰਨੇ 'ਚ ਨਹੀਂ ਸੀ ਜਾਣਾ ਚਾਹੀਦਾ : ਗਿਆਨੀ ਗੁਰਬਚਨ ਸਿੰਘ

ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਆਖਿਆ ਕਿ ਜੇਕਰ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਹੀ ਕਰਨੀ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ। ਉਨ੍ਹਾਂ ਆਖਿਆ ਕਿ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਸੀ ਕਿ ਧਰਨੇ, ਮੁਜ਼ਾਹਰਿਆਂ ਵਿਚ ਹਿੱਸਾ ਲੈਣਾ ਵਿਹਲਿਆਂ ਦਾ ਕੰਮ ਹੈ। ਉਨ੍ਹਾਂ ਵਿਅੰਗ ਕੀਤਾ ਕਿ ਕੀ ਸ਼੍ਰੋਮਣੀ ਅਕਾਲੀ ਦਲ ਵਿਹਲਿਆਂ ਦੀ ਜਮਾਤ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਕਾਂਗਰਸ ਖ਼ਿਲਾਫ਼ ਦਿੱਤੇ ਗਏ ਧਰਨੇ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਐਲਾਨ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਅਕਾਲੀ ਧਰਨਿਆਂ ਵਿਚ ਸ਼ਾਮਲ ਹੋਵੇਗੀ। ਉਨ੍ਹਾਂ ਦੇ ਐਲਾਨ ਮਗਰੋਂ ਅਕਾਲੀ-ਭਾਜਪਾ ਗਠਜੋੜ ਵਲੋਂ ਦਿੱਤੇ ਗਏ ਸਾਂਝੇ ਧਰਨਿਆਂ ਵਿਚ ਵੱਖ ਵੱਖ ਥਾਵਾਂ 'ਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਸ਼ਾਮਲ ਹੋਏ ਸਨ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਬੱਚਿਆਂ ਵਾਸਤੇ ਗੁਰਮਤਿ ਕੈਂਪ ਲਈ ਰਜਿਸਟ੍ਰੇਸ਼ਨ ਸ਼ੁਰੂ

### *3 ਜੁਲਾਈ ਤੋਂ ਸ਼ੁਰੂ ਹੋਣਗੀਆਂ ਕਲਾਸਾਂ*

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਬੱਚਿਆਂ ਦੀ ਸਿਖਲਾਈ ਲਈ ਵਿਖੇ ਗੁਰਮਤਿ ਕੈਂਪ ਵਾਸਤੇ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੱਚਿਆਂ ਲਈ ਗੁਰਮਤਿ ਕੈਂਪ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਕੈਂਪ ਵਿੱਚ 6 ਤੋਂ 16 ਸਾਲ ਤੱਕ ਦੀ ਉਮਰ ਦੇ ਬੱਚੇ ਸ਼ਾਮਿਲ ਹੁੰਦੇ ਹਨ। ਇੱਥੇ ਬੱਚਿਆਂ ਨੂੰ ਸਕੂਲ ਵਾਲੇ ਮਾਹੌਲ ਵਿੱਚ ਨਿਪੁੰਨ ਅਧਿਆਪਕਾਂ ਦੁਆਰਾ ਪੜ੍ਹਾਇਆ ਜਾਂਦਾ ਹੈ। ਇਸ ਕੈਂਪ ਵਿੱਚ ਹਰ ਰੋਜ਼ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਵਾ ਕੇ ਬੱਚਿਆਂ ਦੇ ਦਿਨ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਇਸ ਕੈਂਪ ਵਿੱਚ ਬੱਚਿਆਂ ਨੂੰ ਗੁਰਮੁਖੀ ਸਿੱਖਿਆ ਤੋਂ ਇਲਾਵਾ ਕੀਰਤਨ ਅਤੇ ਤਬਲਾ ਵੀ ਸਿਖਾਇਆ ਜਾਂਦਾ ਹੈ। ਕੈਂਪ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ, ਆਰਟ ਦੀਆਂ ਕਲਾਸਾਂ ਅਤੇ ਹੋਰ ਵੀ ਬਹੁਤ ਸਾਰੀਆਂ ਗਤੀਵੀਧੀਆਂ ਹੁੰਦੀਆਂ ਹਨ। ਇਸ ਕੈਂਪ ਵਿੱਚ ਗੁਰਮਤਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦੇ ਸਰੀਰਕ ਵਿਕਾਸ ਦਾ ਧਿਆਨ ਰੱਖਦੇ ਹੋਏ ਸਮੋਕੀ ਪਾਰਕ ਵਿੱਚ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਪ੍ਰੈਸ ਬਿਆਨ 'ਚ ਦਿੱਤੀ ਜਾਣਕਾਰੀ ਅਨੁਸਾਰ ਇਸ ਸਾਲ ਵੀ ਇਹ ਗੁਰਮਤਿ ਕੈਂਪ 3 ਜੁਲਾਈ 2017 ਤੋਂ 28 ਜੁਲਾਈ 2017 ਤੱਕ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸੋਮਵਾਰ ਤੋਂ ਸ਼ੁਕਰਵਾਰ ਸਵੇਰ 08:30 ਤੋਂ ਦੁਪਹਿਰ 02:30 ਵਜੇ ਤੱਕ ਹੈ। ਜਿਸ ਦੇ ਲਈ ਰਜਿਸਟ੍ਰੇਸ਼ਨ ਫਾਰਮ ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿੱਚੋਂ ਕਿਸੇ ਵੀ ਸਮੇਂ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰਬੰਧਕਾਂ ਵਲੋਂ ਦੱਸਿਆ ਗਿਆ ਕਿ ਗੁਰਮਤਿ ਕੈਂਪ ਵਿੱਚ ਗੁਰਮਤਿ ਦੀ ਪੜ੍ਹਾਈ ਕਰਵਾਉਣ ਵਾਸਤੇ ਯੋਗ ਅਧਿਆਪਕ ਆਪਣਾ ਬਾਇਓ ਡਾਟਾ ਅਤੇ ਅਰਜ਼ੀ ਗੁਰਦੁਆਰਾ ਸਾਹਿਬ ਕਾਊਂਟਰ 'ਤੇ ਜਮਾਂ ਕਰਵਾ ਦੇਣ ਜਾਂ ਸੰਬੰਧਤ ਸੇਵਾਦਾਰਾਂ ਨਾਲ ਸੰਪਰਕ ਕਰਨ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਲੋਂ ਕਿਹਾ ਗਿਆ ਹੈ ਕਿ ਇਸ ਸਬੰਧੀ ਹੋਰ ਜਾਣਕਾਰੀ ਲਈ ਫੋਨ: 718-846-3333, ਸ. ਜੋਗਿੰਦਰ ਸਿੰਘ ਮੱਲੀ ਚੇਅਰਮੈਨ ਐਜੂਕੇਸ਼ਨਜ਼ 917-577-1365 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਗਿਆਨਤਾ ਦੀ ਭਾਸ਼ਾ ਹੈ ਅੰਗਰੇਜ਼ੀ

**ਜੋਗਾ ਸਿੰਘ (ਡਾ.)**
'ਸੰਪਰਕ: 9915709582





ਪੰਜਾਬ ਸਰਕਾਰ ਦੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਪਿਛਲੇ ਦਿਨੀਂ ਬਿਆਨ ਦਿੱਤਾ ਸੀ ਕਿ ਪੰਜਾਬ ਦੇ ਚਾਰ ਸੌ ਹੋਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਕੀਤਾ ਜਾਵੇਗਾ। ਇਸ ਤੋਂ ਕੁਝ ਦਿਨ ਬਾਅਦ ਹੀ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਪੰਜਾਬ ਦੀ ਹੀ ਰਾਜਧਾਨੀ ਚੰਡੀਗੜ੍ਹ ਵਿੱਚ ਬਿਆਨ ਦਿੱਤਾ ਸੀ ਕਿ ਅੰਗਰੇਜ਼ੀ ਕਿਸੇ ਰਾਜ ਦੀ ਸਰਕਾਰੀ ਭਾਸ਼ਾ ਨਹੀਂ ਹੋ ਸਕਦੀ ਤੇ ਇਹ ਭਰਮ ਹੈ ਕਿ ਅੰਗਰੇਜ਼ੀ ਨਾਲ ਹੀ ਵਿਕਾਸ ਹੋ ਸਕਦਾ ਹੈ। ਦੋਹਾਂ ਮੰਤਰੀਆਂ ਦੇ ਬਿਆਨਾਂ ਦੀ ਤੁਲਨਾ ਹੀ ਦੱਸ ਦਿੰਦੀ ਹੈ ਕਿ ਭਾਸ਼ਾ ਦੇ ਮਾਮਲਿਆਂ ਬਾਰੇ ਭਾਰਤੀ ਨੀਤੀਕਾਰ ਬੜੀ ਉਲਝਣ ਦੀ ਸਥਿਤੀ ਵਿੱਚ ਹਨ।
ਪਰ ਪ੍ਰਕਾਸ਼ ਜਾਵੜੇਕਰ ਦਾ ਬਿਆਨ ਵੀ ਕੇਵਲ ਬਿਆਨ ਮਾਤਰ ਹੈ ਤੇ ਕੋਈ ਸਬੂਤ ਹਾਸਲ ਨਹੀਂ ਹੈ ਕਿ ਭਾਜਪਾ ਦੀ ਸਰਕਾਰ ਭਾਰਤੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਘਰ ਵਾਪਸ ਦਿਵਾਉਣ ਲਈ ਕੋਈ ਠੋਸ ਹੀਲਾ ਕਰ ਰਹੀ ਹੈ। ਭਾਰਤ ਵਿੱਚ ਜਿੰਨੀ ਰਾਜਸੀ ਏਕਤਾ ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਮਿਲਦੀ ਹੈ ਓਨੀ ਸ਼ਾਇਦ ਹੀ ਕਿਸੇ ਹੋਰ ਸਵਾਲ 'ਤੇ ਮਿਲਦੀ ਹੋਵੇ।
ਇਹ ਏਕਤਾ ਪ੍ਰਸੰਸਾਯੋਗ ਵੀ ਹੋ ਸਕਦੀ ਸੀ ਜੇ ਇਹ ਭਾਰਤ ਵਿੱਚ ਅਗਿਆਨਤਾ ਦਾ ਪਸਾਰ ਕਰਨ ਵਾਲੀ ਭਾਸ਼ਾ ਅੰਗਰੇਜ਼ੀ ਦੇ ਹੱਕ ਵਿੱਚ ਨਾ ਹੁੰਦੀ। ਹੋਰ ਤਾਂ ਹੋਰ, ਅੰਗਰੇਜ਼ੀ ਮਾਧਿਅਮ ਦਾ ਇਹ ਭੁਰਲੂ ਤਾਂ ਚੰਗੀ ਤਰ੍ਹਾਂ ਅੰਗਰੇਜ਼ੀ ਸਿੱਖਣ ਲਈ ਵੀ ਨੁਕਸਾਨਦੇਹ ਹੈ; ਦੁਨੀਆਂ ਭਰ ਦੀ ਖੋਜ ਅਤੇ ਵਿਹਾਰ ਇਹ ਦੱਸਦਾ ਹੈ ਕਿ ਜੇ ਬਾਕੀ ਗੱਲਾਂ ਇੱਕੋ ਜਿਹੀਆਂ ਹੋਣ (ਜਿਵੇਂ ਕਿ ਪੜ੍ਹਾਈ ਦਾ ਪੱਧਰ ਤੇ ਬੱਚੇ ਦਾ ਸਮਾਜਿਕ ਪਿਛੋਕੜ, ਆਦਿ) ਤਾਂ ਮਾਤ ਭਾਸ਼ਾ ਮਾਧਿਅਮ ਵਿੱਚ ਪੜ੍ਹਨ ਵਾਲਾ ਅਤੇ ਵਿਦੇਸ਼ੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨ ਵਾਲਾ ਬੱਚਾ ਵਿਦੇਸ਼ੀ ਭਾਸ਼ਾ ਵੀ ਉਸ ਬੱਚੇ ਨਾਲੋਂ ਬਿਹਤਰ ਸਿੱਖਦਾ ਹੈ ਜਿਸ ਨੂੰ ਸ਼ੁਰੂ ਤੋਂ ਹੀ ਵਿਦੇਸ਼ੀ ਭਾਸ਼ਾ ਮਾਧਿਅਮ ਵਿੱਚ ਪੜ੍ਹਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਸਿੱਖਿਆ ਬਾਰੇ ਸੰਗਠਨ ਯੂਨੈਸਕੋ ਵੱਲੋਂ ਸਾਲ 2008 ਵਿੱਚ 'ਇੰਪਰੂਵਮੈਂਟ ਇਨ ਦਿ ਕੁਆਲਟੀ ਆਫ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ' ਨਾਂ ਦੀ ਪੁਸਤਕ ਵਿਚਲੀ ਇਹ ਟੂਕ ਇਹੀ ਦੱਸਦੀ ਹੈ (ਪੰਨਾ 12): "ਸਾਡੇ ਰਾਹ ਵਿੱਚ ਵੱਡੀ ਰੁਕਾਵਟ ਭਾਸ਼ਾ ਤੇ ਸਿੱਖਿਆ ਬਾਰੇ ਕੁਝ ਅੰਧ-ਵਿਸ਼ਵਾਸ ਹਨ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇੱਕ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੋਂ ਹੈ। (ਅਸਲ ਵਿੱਚ, ਹੋਰ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਹੈ ਪਰ ਲਾਭ ਦੀ ਸਥਿਤੀ ਵਿੱਚ ਉਹ ਸਿੱਖਣ ਵਾਲਾ ਹੁੰਦਾ ਹੈ ਜੋ ਮਾਤ ਭਾਸ਼ਾ 'ਤੇ ਚੰਗੀ ਮੁਹਾਰਤ ਹਾਸਲ ਕਰ ਚੁੱਕਿਆ ਹੋਵੇ)। ਤੀਜਾ ਅੰਧ-ਵਿਸ਼ਵਾਸ ਇਹ ਹੈ ਕਿ ਮਾਤ ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿੱਚ ਰੁਕਾਵਟ ਹੈ। (ਮਾਤ ਭਾਸ਼ਾ ਵਿੱਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਪਸ਼ਟ ਹੈ ਕਿ ਇਹ ਅੰਧ-ਵਿਸ਼ਵਾਸ ਹਨ ਅਸਲੀਅਤ ਨਹੀਂ, ਪਰ ਫਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਹਨ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।" ਇਹ ਪੁਸਤਕ 5 ਮਹਾਂਦੀਪਾਂ ਦੇ 12 ਦੇਸ਼ਾਂ ਵਿੱਚ ਹੋਈ ਪੜਤਾਲ ਦਾ ਨਤੀਜਾ ਹੈ। ਇਸ ਪੜਤਾਲ ਲਈ ਪੈਸਾ ਵਿਸ਼ਵ ਬੈਂਕ ਨੇ ਦਿੱਤਾ ਸੀ। ਇਸ ਮਾਮਲੇ 'ਤੇ ਪਹਿਲੀਆਂ ਪੜਤਾਲਾਂ ਦਾ ਸਿੱਟਾ ਵੀ ਇਹੀ ਰਿਹਾ ਹੈ। ਹੱਥਲੀ ਇਕੱਲੀ ਟੂਕ ਹੀ ਇਹ ਦੱਸਣ ਲਈ ਕਾਫੀ ਹੈ ਕਿ ਅੰਗਰੇਜ਼ੀ ਮਾਧਿਅਮ ਦੀ ਨੀਤੀ ਭਾਰਤੀਆਂ ਲਈ ਮਦਾਰੀ ਦੇ ਭੁਰਲੂ ਤੋਂ ਵੱਧ ਕੁਝ ਨਹੀਂ ਹੈ।
ਭਾਸ਼ਾ ਦਾ ਸਵਾਲ ਸਿੱਖਿਆ, ਵਿਕਾਸ, ਸੁਚਾਰੂ ਪ੍ਰਸ਼ਾਸਨ, ਸੱਭਿਆਚਾਰ, ਪਛਾਣ ਤੇ ਤਾਕਤ ਦੀ ਵੰਡ, ਆਦਿ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਲਈ ਇਹ ਕਿਸੇ ਦੇਸ ਦੀ ਹੋਣੀ ਨੂੰ ਤੈਅ ਕਰਨ ਵਾਲੇ ਸਵਾਲਾਂ 'ਚੋਂ ਵੀ ਹੈ। ਇਸ ਲਈ ਇਸ ਸਬੰਧੀ ਹੋਰ ਸਬੂਤਾਂ ਦੀ ਚੰਗੀ ਪੜਚੋਲ ਜ਼ਰੂਰੀ ਹੈ। ਆਓ ਸਭ ਤੋਂ ਪਹਿਲਾਂ ਸਭ ਤੋਂ ਮਹੱਤਵਪੂਰਨ ਖੇਤਰ ਸਿੱਖਿਆ ਨੂੰ ਵੇਖਦੇ ਹਾਂ।
ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟਸ ਅਸੈਸਮੈਂਟ (ਪੀਸਾ) ਨਾਂ ਦੀ ਸੰਸਥਾ ਵੱਖ-ਵੱਖ ਦੇਸਾਂ ਦੀ ਸਕੂਲੀ ਸਿੱਖਿਆ ਦੀ ਦਰਜਾਬੰਦੀ ਲਈ ਹਰ ਤਿੰਨ ਸਾਲ ਬਾਅਦ ਵੱਡੇ ਪੱਧਰ 'ਤੇ 15 ਸਾਲ ਦੀ ਉਮਰ ਦੇ ਬੱਚਿਆਂ ਦੇ ਗਣਿਤ, ਵਿਗਿਆਨ ਤੇ ਆਮ ਪਠਨ ਦੇ ਪੱਧਰ ਦਾ ਮੁਲੰਕਣ ਕਰਦੀ ਹੈ। 2015 ਦੀ ਦਰਜਾਬੰਦੀ ਵਿੱਚ ਗਣਿਤ ਵਿੱਚ ਪਹਿਲੇ ਚਾਲੀ ਦੇਸ਼ਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦਾ ਦਰਜਾ ਦਸਵਾਂ (ਕੈਨੇਡਾ), ਇੱਕੀਵਾਂ (ਨਿਊਜ਼ੀਲੈਂਡ) ਤੇ ਸਤਾਈਵਾਂ (ਯੂ.ਕੇ.) ਸੀ। ਇਥੇ ਦੋ ਹੋਰ ਗੱਲਾਂ ਵੀ ਧਿਆਨ ਦੇਣ ਵਾਲੀਆਂ ਹਨ; ਪਹਿਲੀ ਇਹ ਕਿ ਕੈਨੇਡਾ ਤੇ ਨਿਊਜ਼ੀਲੈਂਡ ਵਿੱਚ ਵੀ ਪਹਿਲੇ ਸਾਲਾਂ ਵਿੱਚ ਸਿੱਖਿਆ ਕੇਵਲ ਅੰਗਰੇਜ਼ੀ ਮਾਧਿਅਮ ਵਿੱਚ ਹੀ ਨਹੀਂ ਹੁੰਦੀ, ਹੋਰ ਮਾਤ ਭਾਸ਼ਾਵਾਂ ਵਿੱਚ ਵੀ ਹੁੰਦੀ ਹੈ, ਤੇ ਦੂਜੀ ਇਹ ਕਿ ਦੁਨੀਆਂ ਦਾ ਸਭ ਤੋਂ ਤਾਕਤਵਰ ਅੰਗਰੇਜ਼ੀ ਭਾਸ਼ੀ ਦੇਸ ਅਮਰੀਕਾ ਗਣਿਤ ਦੀ ਸਿੱਖਿਆ ਵਿੱਚ ਪਹਿਲੇ ਚਾਲ੍ਹੀਆਂ ਵਿੱਚ ਵੀ ਨਹੀਂ ਆਉਂਦਾ। ਵਿਗਿਆਨ ਅਤੇ ਆਮ ਪਠਨ ਦੇ ਅੰਕੜੇ ਵੀ ਲਗਭਗ ਇੰਨੇ ਹੀ ਦਿਲਚਸਪ ਹਨ - ਵਿਗਿਆਨ ਵਿੱਚ ਯੂ.ਕੇ. ਦੇ ਪੰਦਰਾਂ ਸਾਲਾ ਬੱਚੇ ਪੰਦਰਵੇਂ ਦਰਜੇ 'ਤੇ ਅਤੇ ਅਮਰੀਕਾ ਦੇ ਪੰਜੀਵੇਂ ਦਰਜੇ 'ਤੇ ਸਨ। ਭਾਰਤ ਬਾਰੇ ਤੱਥ ਬੜੇ ਮਹੱਤਵਪੂਰਨ ਹਨ; ਭਾਰਤ ਦੀ ਸਰਕਾਰ ਪੀਸਾ ਨੂੰ ਨਿਰੀਖਣ ਦੀ ਆਗਿਆ ਨਹੀਂ ਦਿੰਦੀ। 2009 ਵਿੱਚ ਤਾਮਿਲਨਾਡੂ ਤੇ ਹਿਮਾਚਲ ਨੇ ਆਪਣੇ ਸਕੂਲਾਂ ਦੇ ਨਿਰੀਖਣ ਦੀ ਆਗਿਆ ਦਿੱਤੀ ਸੀ ਤੇ ਇਨ੍ਹਾਂ ਦਾ ਦਰਜਾ ਚੁਹੱਤਰ ਦੇਸ਼ਾਂ'ਚੋਂ ਤਿਹੱਤਰਵਾਂ ਆਇਆ ਸੀ।
ਸੋ ਇਹ ਸਮਝਣਾ ਕਿ ਅੰਗਰੇਜ਼ੀ ਭਾਸ਼ਾ ਨਾਲ ਵਿਗਿਆਨ, ਗਣਿਤ ਜਾਂ ਹੋਰ ਵਿਸ਼ਿਆਂ ਦੀ ਪੜ੍ਹਾਈ ਲਈ ਕੋਈ ਵਾਧੂ ਲਾਭ ਹੁੰਦਾ ਹੈ ਬਿਲਕੁਲ ਭਰਮਾਂ 'ਤੇ ਆਧਾਰਿਤ ਹੈ। ਹਾਂ, ਜੇ ਅੰਗਰੇਜ਼ੀ ਬੱਚੇ ਦੀ ਮਾਤ ਭਾਸ਼ਾ ਨਹੀਂ ਹੈ ਤਾਂ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਉਣ ਨਾਲ ਬਹੁਤ ਵੱਡੇ ਨੁਕਸਾਨ ਨਿਸ਼ਚਤ ਹਨ ਕਿਉਂਕਿ ਸਿੱਖਿਆ ਕਾਮਯਾਬੀ ਨਾਲ ਕਿਸੇ ਅਬੋਧ ਭਾਸ਼ਾ ਰਾਹੀਂ ਦਿੱਤੀ ਹੀ ਨਹੀਂ ਜਾ ਸਕਦੀ। ਅਬੋਧ ਭਾਸ਼ਾ ਤਾਂ ਅਗਿਆਨਤਾ ਦਾ ਮੁੱਢ ਬੰਨ੍ਹਦੀ ਹੈ। ਦੁਨੀਆਂ ਭਰ ਦੀ ਖੋਜ ਤੇ ਵਿਹਾਰ ਇਹੀ ਸਾਬਤ ਕਰਦੇ ਹਨ। ਹੋਰ ਤਾਂ ਹੋਰ, ਭਾਰਤ ਦਾ ਸੰਵਿਧਾਨ, ਸੁਤੰਤਰਤਾ ਉਪਰੰਤ ਭਾਰਤ ਵਿੱਚ ਬਣੇ ਸਾਰੇ ਆਯੋਗ ਤੇ ਸਮਿਤੀਆਂ ਅਤੇ ਸਾਰੇ ਭਾਸ਼ਾ ਤੇ ਸਿੱਖਿਆ ਮਾਹਿਰਾਂ ਦੀ ਇਹੀ ਸਿਫਾਰਿਸ਼ ਰਹੀ ਹੈ ਕਿ ਸਿੱਖਿਆ ਮਾਤ ਭਾਸ਼ਾ ਵਿੱਚ ਹੀ ਦਿੱਤੀ ਜਾਣੀ ਚਾਹੀਦੀ ਹੈ। ਸੋ, ਸਾਰੇ ਤੱਥਾਂ ਤੇ ਪੇਸ਼ੇਵਰ ਸਮਝ ਦੀ ਰੋਸ਼ਨੀ ਵਿੱਚ ਭਾਰਤ ਵਿੱਚ ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਅਗਿਆਨਤਾ ਤੇ ਭਰਮਾਂ 'ਤੇ ਆਧਾਰਤ ਹੋਣ ਤੋਂ ਇਲਾਵਾ ਕੁਝ ਨਹੀਂ ਹੈ। ਅੰਗਰੇਜ਼ੀ ਮਾਧਿਅਮ ਦੀ ਵਿਚਾਰਕ ਸਰਦਾਰੀ ਨੇ ਭਾਰਤੀ ਸਿੱਖਿਆ ਨੂੰ ਤਬਾਹ ਕਰ ਦਿੱਤਾ ਹੈ।
ਅਸਰ-ਰਸੂਖ ਵਾਲੇ ਵਰਗ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਦੇ। ਇਸ ਦੇ ਨਤੀਜੇ ਵਜੋਂ ਸਰਕਾਰੀ ਸਿੱਖਿਆ ਪ੍ਰਣਾਲੀ ਦਾ ਲਗਪਗ ਭੋਗ ਪੈ ਚੁੱਕਿਆ ਹੈ। ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨ ਵਾਲੇ ਬੱਚੇ ਸਿੱਖਿਆ ਦਾ ਚੰਗਾ ਪੱਧਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਓਪਰੀ ਭਾਸ਼ਾ ਵਿੱਚ ਪੜ੍ਹਾਇਆ ਜਾਣ ਕਰਕੇ ਉਨ੍ਹਾਂ ਦੇ ਪੱਲੇ ਘੱਟ ਹੀ ਪੈਂਦਾ ਹੈ। ਯੂਨੈਸਕੋ ਦੀ ਕਿਤਾਬ ਵਿੱਚੋਂ ਪਿੱਛੇ ਦਿੱਤੀ ਉਕਤੀ ਨਿਸ਼ਚਤ ਰੂਪ ਵਿੱਚ ਦੱਸਦੀ ਹੈ ਕਿ ਉਨ੍ਹਾਂ ਦਾ ਅੰਗਰੇਜ਼ੀ ਦਾ ਪੱਧਰ ਵੀ ਬਹੁਤਾ ਚੰਗਾ ਨਹੀਂ ਹੋ ਸਕਦਾ। ਇਸ ਲਈ ਹਰ ਉਹ ਭਾਸ਼ਾ ਅਗਿਆਨਤਾ ਦੀ ਭਾਸ਼ਾ ਹੋਵੇਗੀ ਜੋ ਬੱਚੇ ਲਈ ਅਬੋਧ ਹੈ ਤੇ ਉਸ ਦੀ ਸਿੱਖਿਆ ਜਾਂ ਕੰਮ-ਕਾਜ ਦੀ ਭਾਸ਼ਾ ਬਣਦੀ ਹੈ।
ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਭੁਗਤਣ ਵਾਲੇ ਭਰਮਾਂ ਵਿੱਚੋਂ ਇੱਕ ਭਰਮ ਇਹ ਵੀ ਹੈ ਕਿ ਇਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਪਾਰ-ਕਾਰੋਬਾਰ ਵਿੱਚ ਲਾਭ ਹੁੰਦਾ ਹੈ। ਇਸ ਲਈ ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਦੇ ਸਿੱਖਿਆ ਦੇ ਮਾਧਿਅਮ ਨਾਲ ਸਬੰਧਾਂ ਦੀ ਪੜਚੋਲ ਵੀ ਜ਼ਰੂਰੀ ਹੋ ਜਾਂਦੀ ਹੈ।
ਪ੍ਰਤੀ ਵਿਅਕਤੀ ਬਰਾਮਦਾਂ (ਐਕਸਪੋਰਟ) ਵਿੱਚ ਚੋਟੀ ਦੇ 50 ਦੇਸਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦੇ ਦਰਜੇ ਇੱਕੀਵਾਂ (ਕੈਨੇਡਾ), ਚੌਤੀਵਾਂ (ਯੂ.ਕੇ.) ਅਤੇ ਛਿਆਲੀਵਾਂ (ਅਮਰੀਕਾ) ਹਨ। ਭਾਰਤ ਦਾ ਦਰਜਾ ਇੱਕ ਸੌ ਗਿਆਰਵਾਂ ਹੈ। ਕੁੱਲ ਬਰਾਮਦ ਦੀ ਮਾਤਰਾ ਨੂੰ ਵੀ ਜੇ ਆਧਾਰ ਬਣਾਇਆ ਜਾਏ ਤਾਂ ਵੀ ਅੰਗਰੇਜ਼ੀ ਭਾਸ਼ਾ ਕੋਈ ਲਾਭ ਨਹੀਂ ਕਰਦੀ ਦਿੱਸਦੀ; ਬਰਾਮਦਾਂ ਵਿੱਚ ਪਹਿਲੇ ਪੰਜਾਹ ਦੇਸ਼ਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸ਼ਾਂ ਦੇ ਦਰਜੇ ਦੂਜਾ (ਅਮਰੀਕਾ), ਦਸਵਾਂ (ਯੂ.ਕੇ.), ਗਿਆਰਵਾਂ (ਕੈਨੇਡਾ) ਅਤੇ ਪੰਜੀਵਾਂ (ਆਸਟਰੇਲੀਆ) ਹਨ। ਭਾਰਤ ਦਾ ਦਰਜਾ ਸਤਾਰ੍ਹਵਾਂ ਹੈ ਜੋ ਪੰਜ ਕਰੋੜ ਦੀ ਆਬਾਦੀ ਵਾਲੇ ਦੱਖਣੀ ਕੋਰੀਆ ਤੋਂ ਬਾਰਾਂ ਦਰਜੇ ਹੇਠਾਂ ਹੈ।
ਇੰਜ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਭਾਰਤ ਵਿੱਚ ਅੰਗਰੇਜ਼ੀ ਭਾਸ਼ਾ ਦੀ ਸਥਿਤੀ ਮਦਾਰੀ ਦੇ ਭੁਰਲੂ ਤੋਂ ਵੱਧ ਕੁਝ ਨਹੀਂ ਹੈ। ਅੰਗਰੇਜ਼ੀ ਜਾਂ ਵਿਦੇਸ਼ੀ ਭਾਸ਼ਾ ਮਾਧਿਅਮ ਵਿੱਚ ਸਿੱਖਿਆ ਸਿੱਖਿਆ ਲਈ ਘਾਤਕ ਹੈ, ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਵਿੱਚ ਕੋਈ ਲਾਭ ਨਹੀਂ ਕਰਦੀ ਅਤੇ ਇਥੋਂ ਤੱਕ ਕਿ ਅੰਗਰੇਜ਼ੀ ਜਾਂ ਵਿਦੇਸ਼ੀ ਭਾਸ਼ਾ ਦੀ ਚੰਗੀ ਮੁਹਾਰਤ ਲਈ ਵੀ ਨੁਕਸਾਨਦੇਹ ਹੈ। ਇਸ ਨਾਲ ਬੱਚਿਆਂ ਦੇ ਜੋ ਮਨੋਵਿਗਿਆਨਕ ਸਮਾਜਕ ਸਮਾਜਿਕ ਅਤੇ ਸੱਭਿਆਚਾਰਕ, ਆਦਿ ਨੁਕਸਾਨ ਹੁੰਦੇ ਹਨ ਉਸ ਦੀ ਥਾਹ ਹੀ ਨਹੀਂ ਪਾਈ ਜਾ ਸਕਦੀ। ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਅੰਗਰੇਜ਼ੀ ਭੁਰਲੂ ਦੇ ਉਸਤਤ-ਗੀਤ ਵਿੱਚ ਸਾਰਾ ਭਾਰਤ ਅਥਾਹ ਉਤਸਾਹ ਨਾਲ ਸ਼ਾਮਲ ਹੈ। ਫਿਰ ਵੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਨ੍ਹਾਂ ਚੋਣ-ਚੁਪ ਦੇ ਦਿਨਾਂ ਵਿੱਚ ਤਾਂ ਕੋਈ ਨੀਤੀਕਾਰ ਇਥੇ ਬਿਆਨ ਕੀਤੇ ਤੱਥਾਂ ਵੱਲ ਧਿਆਨ ਦੇ ਸਕੇਗਾ।
**('ਸਾਬਕਾ ਮੁਖੀ ਭਾਸ਼ਾ ਵਿਗਿਆਨ ਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ)**

# ਕੇਂਦਰੀ ਫ਼ਰਮਾਨਾਂ ਨੇ ਪਸ਼ੂਆਂ ਤੋਂ ਭੈੜੀ ਕੀਤੀ ਪਸ਼ੂ ਪਾਲਕਾਂ ਦੀ ਜੂਨ

**ਚੰਡੀਗੜ੍ਹ/ਹਮੀਰ ਸਿੰਘ:**
ਕੇਂਦਰ ਦੇ ਵਾਤਾਵਰਣ, ਵਣ ਅਤੇ ਜਲਵਾਯੂ ਮੰਤਰਾਲੇ ਵੱਲੋਂ ਪਸ਼ੂਆਂ ਦੀਆਂ ਮੰਡੀਆਂ ਸਬੰਧੀ ਨਿਯਮਾਂਵਲੀ ਦੇ ਜਾਰੀ ਨੋਟੀਫਿਕੇਸ਼ਨ ਨਾਲ ਦੇਸ਼ ਭਰ ਦੇ ਪਸ਼ੂ ਪਾਲਕਾਂ ਵਿੱਚ ਡਰ ਪੈਦਾ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਰਾਜਾਂ ਦੀਆਂ ਸਰਕਾਰਾਂ ਨੇ ਡੇਅਰੀ ਨਾਲ ਜੁੜੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਯਕੀਨ ਦਿਵਾਇਆ ਹੈ ਪਰ ਇਨ੍ਹਾਂ ਨਵੇਂ ਨਿਯਮਾਂ ਕਾਰਨ ਕਿਸਾਨਾਂ 'ਤੇ ਵਿੱਤੀ ਸੰਕਟ ਹੋਰ ਡੂੰਘਾ ਹੋਣ ਦੀ ਤਲਵਾਰ ਲਟਕ ਗਈ ਹੈ। ਪੰਜਾਬ ਵਿੱਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਕੇਰਲਾ ਵਿਧਾਨ ਸਭਾ ਵਾਂਗ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਇਸ ਸਬੰਧੀ ਮਤਾ ਪਾਸ ਕਰਨ ਦੀ ਮੰਗ ਕੀਤੀ ਹੈ।
ਜਾਨਵਰਾਂ 'ਤੇ ਜ਼ੁਲਮ ਰੋਕਣ ਦੇ ਨਾਮ ਉੱਤੇ ਜਾਰੀ ਨਿਯਮਾਂ ਅਨੁਸਾਰ ਪਸ਼ੂਆਂ ਦੀ ਖ਼ਰੀਦ ਅਤੇ ਵੇਚ ਪੂਰੀ ਤਰ੍ਹਾਂ ਠੱਪ ਹੋਣ ਦੇ ਆਸਾਰ ਹਨ। ਕੇਰਲਾ ਵਿਧਾਨ ਸਭਾ ਨੇ 8 ਜੂਨ ਨੂੰ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਇਸ ਨੂੰ ਸੰਘੀ ਢਾਂਚੇ ਦੀ ਖ਼ਿਲਾਫ਼ਤ ਦੱਸਿਆ ਹੈ। ਮਤੇ ਅਨੁਸਾਰ ਸੰਸਦ ਨੂੰ ਰਾਜਾਂ ਦੇ ਵਿਸ਼ਿਆਂ ਸਬੰਧੀ ਕਾਨੂੰਨ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ ਤੇ ਪਸ਼ੂ ਧਨ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਸੰਵਿਧਾਨ ਮੁਤਾਬਕ ਰਾਜਾਂ ਦਾ ਵਿਸ਼ਾ ਹੈ। ਇਸ ਤੋਂ ਇਹ ਨਿਯਮ ਜਿਊਣ ਦੇ ਅਧਿਕਾਰ ਦੇ ਵੀ ਖ਼ਿਲਾਫ਼ ਹਨ। ਫੂਲਕਾ ਨੇ ਕਿਹਾ ਕਿ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਵੀ ਲਿਖੀ ਹੈ ਅਤੇ ਇਸ ਮੁੱਦੇ ਨੂੰ ਆਉਂਦੇ ਵਿਧਾਨ ਸਭਾ ਸੈਸ਼ਨ ਵਿੱਚ ਵੀ ਉਠਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਕੇਰਲਾ, ਤ੍ਰਿਪੁਰਾ ਅਤੇ



ਕਰਨਾਟਕ ਸਰਕਾਰ ਨੇ ਵੀ ਇਨ੍ਹਾਂ ਨਿਯਮਾਂ ਨੂੰ ਲਾਗੂ ਨਾ ਕਰਨ ਦਾ ਐਲਾਨ ਕੀਤਾ ਹੈ।
ਜੇ ਨਿਯਮ ਲਾਗੂ ਰਹਿੰਦੇ ਹਨ ਤਾਂ ਪੰਜਾਬ ਦੀਆਂ ਜ਼ਿਆਦਾਤਰ ਪਸ਼ੂ ਮੰਡੀਆਂ ਰੱਦ ਹੋ ਜਾਣਗੀਆਂ ਕਿਉਂਕਿ ਦੂਜੇ ਸੂਬਿਆਂ ਦੀ ਹੱਦ ਤੋਂ 25 ਕਿਲੋਮੀਟਰ ਅਤੇ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਦੇ ਘੇਰੇ ਤੱਕ ਪਸ਼ੂ ਮੰਡੀ ਨਹੀਂ ਲੱਗ ਸਕਦੀ। ਜ਼ਿਲ੍ਹਾ ਪੱਧਰੀ ਮਾਰਕੀਟ ਮੋਨੀਟਰਿੰਗ ਕਮੇਟੀ ਕੋਲ ਰਜਿਸਟਰੇਸ਼ਨ ਕਰਵਾਏ ਬਿਨਾਂ ਕੋਈ ਮੰਡੀ ਨਹੀਂ ਚੱਲ ਸਕਦੀ। ਇਸ ਦਾ ਮਤਲਬ ਸਾਫ਼ ਹੈ ਕਿ ਚੰਡੀਗੜ੍ਹ ਤੋਂ ਅਬੋਹਰ ਤੱਕ ਅਤੇ ਸਰਹੱਦੀ ਜ਼ਿਲ੍ਹਿਆਂ ਵਿੱਚ ਪਸ਼ੂ ਮੰਡੀਆਂ ਦਾ ਕੰਮ ਬੰਦ ਹੋ ਜਾਵੇਗਾ। ਇਸ ਨਾਲ ਵਪਾਰਕ ਡੇਅਰੀ ਫਾਰਮਰਾਂ ਤੋਂ ਵੱਧ ਸੰਕਟ ਦਾ ਸ਼ਿਕਾਰ ਛੋਟੇ ਕਿਸਾਨ ਹੋਣਗੇ। ਪੰਜਾਬ ਵਿੱਚ ਦੁੱਧ ਦੀ 85 ਤੋਂ 90 ਫੀਸਦ ਪੈਦਾਵਾਰ ਇਕ ਤੋਂ ਦਸ ਪਸ਼ੂਆਂ ਵਾਲੇ ਛੋਟੇ ਕਿਸਾਨਾਂ ਤੋਂ ਹੀ ਆਉਂਦੀ ਹੈ। ਵਪਾਰਕ ਡੇਅਰੀ ਦਾ ਹਿੱਸਾ ਤਾਂ ਹਾਲੇ 10 ਤੋਂ 15 ਫ਼ੀਸਦ ਹੈ।
ਛੋਟੇ ਕਿਸਾਨ ਨੇੜਲੀਆਂ ਮੰਡੀਆਂ ਵਿੱਚ ਪਸ਼ੂ ਤੋਰ ਕੇ ਵੀ ਲੈ ਜਾਂਦੇ ਸਨ ਤੇ ਉਹ ਪੰਜ ਪੰਜ ਤਰ੍ਹਾਂ ਦੇ ਦਸਤਾਵੇਜ਼ ਮੁਕੰਮਲ ਕਰਵਾਉਣ ਦੀ ਸਥਿਤੀ ਵਿੱਚ ਨਹੀਂ ਹੋਣਗੇ। ਮੰਡੀ ਤੋਂ ਪਸ਼ੂ ਕੇਵਲ ਉਹੀ ਵਿਅਕਤੀ ਖ਼ਰੀਦ ਸਕਦਾ ਹੈ, ਜੋ ਕਿਸਾਨ ਹੋਵੇਗਾ ਅਤੇ ਜਿਸ ਕੋਲ ਜ਼ਮੀਨ ਹੋਵੇਗੀ ਅਤੇ ਉਸ ਨੂੰ ਦਸਤਾਵੇਜ਼ੀ ਸਬੂਤ ਨਾਲ ਰੱਖਣੇ ਪੈਣਗੇ। ਪੰਜਾਬ ਵਿੱਚ ਵੱਡੇ ਪੱਧਰ 'ਤੇ ਬੇਜ਼ਮੀਨੇ ਖੇਤ ਮਜ਼ਦੂਰ ਅਤੇ ਹੋਰ ਲੋਕ ਵੀ ਪਸ਼ੂ ਰੱਖ ਕੇ ਆਪਣਾ ਗੁਜ਼ਾਰਾ ਕਰਦੇ ਹਨ। ਦੇਸ਼ ਭਰ ਵਿੱਚ ਖੇਤੀ ਅਰਥ ਵਿਵਸਥਾ ਦਾ ਕੁੱਲ ਘਰੇਲੂ ਪੈਦਾਵਾਰ ਵਿੱਚ ਹਿੱਸਾ ਘਟ ਕੇ ਬੇਸ਼ੱਕ 14 ਫ਼ੀਸਦ ਰਹਿ ਗਿਆ ਹੈ ਪਰ ਪੰਜਾਬ ਵਿੱਚ ਅਜੇ ਵੀ ਖੇਤੀ ਦਾ ਹਿੱਸਾ 23 ਫ਼ੀਸਦ ਹੈ ਅਤੇ ਇਸ 'ਚੋਂ ਲਗਪਗ ਇਕ ਤਿਹਾਈ ਭਾਵ 8 ਫ਼ੀਸਦ ਹਿੱਸਾ ਡੇਅਰੀ ਖੇਤਰ ਦਾ ਹੈ। ਇਸ ਤੋਂ ਇਲਾਵਾ ਛੇ ਮਹੀਨੇ ਤੋਂ ਘੱਟ ਉਮਰ ਦੇ ਵੱਛਾ-ਵੱਛੀ ਤੇ ਕੱਟਾ-ਕੱਟੀ ਨੂੰ ਮੰਡੀ ਵਿੱਚ ਨਹੀਂ ਲਿਜਾਇਆ ਜਾ ਸਕੇਗਾ। ਭਾਵ ਨਵਾਂ ਸੂਇਆ ਪਸ਼ੂ ਵੇਚਿਆ ਹੀ ਨਹੀਂ ਜਾ ਸਕੇਗਾ। ਕਿਸੇ ਵੀ ਪਸ਼ੂ ਨੂੰ ਮੀਟ ਪਲਾਂਟ ਲਈ ਨਹੀਂ ਵੇਚਿਆ ਜਾ ਸਕੇਗਾ ਅਤੇ ਕਿਸੇ ਵੀ ਧਾਰਮਿਕ ਰਸਮ ਵਾਸਤੇ ਕਿਸੇ ਪਸ਼ੂ ਦੀ ਬਲੀ ਨਹੀਂ ਦਿੱਤੀ ਜਾ ਸਕੇਗੀ। ਸੂਬੇ ਦੇ ਪਸ਼ੂ ਸੰਭਾਲ ਅਤੇ ਸੁਰੱਖਿਆ ਕਾਨੂੰਨਾਂ ਮੁਤਾਬਕ ਲਈ ਮਨਜ਼ੂਰੀ ਤੋਂ ਬਿਨਾਂ ਬਾਹਰੀ ਸੂਬਿਆਂ ਨੂੰ ਕੋਈ ਪਸ਼ੂ ਨਹੀਂ ਵੇਚਿਆ ਜਾ ਸਕੇਗਾ।
ਪੰਜਾਬ ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਕਿਹਾ ਕਿ ਸੂਬੇ ਵਿੱਚੋਂ ਹੁਣ ਤੱਕ ਹਰ ਸਾਲ ਲਗਭਗ ਤਿੰਨ ਲੱਖ ਗਊਆਂ ਦੂਜੇ ਸੂਬੇ ਖ਼ਰੀਦ ਕੇ ਲੈ ਜਾਂਦੇ ਰਹੇ ਹਨ। ਇਸ ਤੋਂ ਪਹਿਲਾਂ 'ਗਊ ਰਾਖਿਆਂ' ਨੇ ਪੂਰਾ ਵਪਾਰ ਬੰਦ ਕਰਵਾ ਦਿੱਤਾ ਸੀ। ਹੁਣ ਮਸਾਂ ਵਪਾਰ ਲੀਹ 'ਤੇ ਆਇਆ ਸੀ ਪਰ ਨਵੇਂ ਨਿਯਮਾਂ ਕਾਰਨ ਖ਼ਰੀਦ ਤੇ ਵੇਚ ਠੱਪ ਹੋ ਜਾਵੇਗੀ। ਜੇ ਅਜਿਹਾ ਹੁੰਦਾ ਹੈ ਤਾਂ ਪੰਜਾਬ ਦੇ ਪਸ਼ੂ ਪਾਲਕਾਂ ਨੂੰ 2500 ਕਰੋੜ ਰੁਪਏ ਦੇ ਬਰਾਬਰ ਸਾਲਾਨਾ ਘਾਟਾ ਸਹਿਣਾ ਪਵੇਗਾ।
ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪਹਿਲਾਂ ਹੀ ਅਵਾਰਾ ਪਸ਼ੂਆਂ ਨੇ ਕਿਸਾਨਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ ਕਿਉਂਕਿ ਅਵਾਰਾ ਪਸ਼ੂ ਉਨ੍ਹਾਂ ਦੀਆਂ ਫ਼ਸਲਾਂ ਉਜਾੜਦੇ ਹਨ। ਪੰਜਾਬ ਗਊ ਸੇਵਾ ਕਮਿਸ਼ਨ ਮੁਤਾਬਕ ਸੂਬੇ ਵਿੱਚ 400 ਦੇ ਕਰੀਬ ਰਜਿਸਟਰਡ ਗਊਸ਼ਾਲਾਵਾਂ ਹਨ। ਇਸ ਦੇ ਬਾਵਜੂਦ ਸੂਬੇ ਵਿੱਚ ਲਗਭਗ ਸਵਾ ਲੱਖ ਗਊਆਂ ਸੜਕਾਂ 'ਤੇ ਘੁੰਮ ਰਹੀਆਂ ਹਨ। ਕਿਸਾਨਾਂ ਮੁਤਾਬਕ ਦੁੱਧ ਨਾ ਦੇਣ ਵਾਲੇ ਪਸ਼ੂ ਰੱਖਣ 'ਤੇ ਕਰੀਬ ਪੰਜ ਸੌ ਰੁਪਏ ਰੋਜ਼ਾਨਾ ਖਰਚ ਹੁੰਦੇ ਹਨ। ਆਰਥਿਕ ਸੰਕਟ ਪਹਿਲਾਂ ਹੀ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰ ਰਿਹਾ ਹੈ।
( "ਪੰਜਾਬੀ ਟ੍ਰਿਬਿਊਨ" ਤੋਂ ਧੰਨਵਾਦ ਸਹਿਤ)

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : ਮੇਰੀ ਇਕ ਧੀ ਭਾਰਤੀ, ਇਕ ਪਾਕਿਸਤਾਨੀ

**ਜੰਮੂ-ਕਸ਼ਮੀਰ ਦੀਆਂ ਠੰਢੀਆਂ ਵਾਦੀਆਂ ਦਹਿਸ਼ਤ, ਹਿੰਸਾ, ਪੱਥਰਾਅ, ਫ਼ੌਜੀ ਦਮਨ ਨਾਲ ਉਬਲ ਰਹੀਆਂ ਹਨ। ਭਾਜਪਾ ਦੇ ਗਠਜੋੜ ਨਾਲ ਪੀ.ਡੀ.ਪੀ. ਸਰਕਾਰ ਭਾਵੇਂ ਸੱਤਾ 'ਤੇ ਕਾਬਜ਼ ਹੋ ਗਈ ਹੈ ਪਰ ਉਹ ਕਸ਼ਮੀਰੀਆਂ, ਖ਼ਾਸ ਕਰ ਨੌਜਵਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਮੋਦੀ ਸਰਕਾਰ ਹਾਲਾਤ 'ਤੇ ਕਾਬੂ ਪਾਉਣ ਦੀ ਥਾਂ ਅਖੌਤੀ ਰਾਸ਼ਟਰਵਾਦ ਦਾ ਸੁਨੇਹਾ ਦਿੰਦੀ ਹੋਈ ਪੂਰੀ ਦੁਨੀਆ ਵਿਚ ਕਸ਼ਮੀਰੀ ਨੌਜਵਾਨਾਂ ਦਾ ਗ਼ਲਤ ਅਕਸ ਪੇਸ਼ ਕਰਨ ਵਿਚ ਲੱਗੀ ਹੋਈ ਹੈ। ਭਾਰਤ ਪ੍ਰਸ਼ਾਸਤ ਕਸ਼ਮੀਰ ਵਿਚ ਦਹਾਕਿਆਂ ਤੋਂ ਚੱਲ ਰਹੇ ਸੰਘਰਸ਼ ਦੀ ਸੁਰਖੀਆਂ ਵਿਚ ਆਮ ਆਦਮੀ ਦੀ ਆਪਬੀਤੀ ਕਿਤੇ ਖੋ ਗਈ ਹੈ। ਸਾਲ 2016 ਦੀਆਂ ਗਰਮੀਆਂ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਤੇ ਕਈ ਲੋਕਾਂ ਦੀ ਮੌਤ ਤੋਂ ਬਾਅਦ ਹੁਣ ਇਕ ਹੋਰ ਗਰਮੀ ਆਈ ਹੈ। ਖ਼ਦਸ਼ਾ ਹੈ ਕਿ ਭਾਵਨਾਵਾਂ ਫੇਰ ਨਾ ਭੜਕ ਜਾਣ, ਭਾਰਤ ਤੋਂ 'ਆਜ਼ਾਦੀ' ਦੇ ਨਾਅਰੇ ਫੇਰ ਨਾ ਬੁਲੰਦ ਹੋ ਜਾਣ। ਅਜਿਹੇ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਵੰਡੀ ਹੋਈ ਕਸ਼ਮੀਰ ਵਾਦੀ ਵਿਚ ਲੋਕਾਂ ਨੂੰ ਆਖ਼ਰ ਕੀ ਜੋੜਦਾ ਹੈ? ਬੱਚੇ ਤੇ ਨੌਜਵਾਨ ਆਪਣੇ ਆਉਣ ਵਾਲੇ ਕੱਲ੍ਹ ਲਈ ਕੀ ਖਵਾਬ ਦੇਖ ਰਹੇ ਹਨ? ਉਥੋਂ ਦੀਆਂ ਬੱਚੀਆਂ ਦਾ ਜੀਵਨ, ਵਾਦੀ ਦੇ ਬਾਹਰ ਰਹਿ ਰਹੇ ਬੱਚਿਆਂ ਦੀ ਜ਼ਿੰਦਗੀ ਤੋਂ ਕਿੰਨਾ ਵੱਖਰਾ ਹੈ? ਅਜਿਹੇ ਹੀ ਸਵਾਲਾਂ ਦਾ ਜਵਾਬ ਲੱਭਣ ਲਈ ਬੀ.ਬੀ.ਸੀ. ਦੇ ਪੱਤਰਕਾਰਾਂ ਦੀਆਂ ਟੀਮਾਂ ਭਾਰਤ ਪ੍ਰਸ਼ਾਸਤ ਤੇ ਪਾਕਿਸਤਾਨ ਪ੍ਰਸ਼ਾਸਤ ਕਸ਼ਮੀਰ ਗਈਆਂ। ਬੀ.ਬੀ.ਸੀ. ਵਲੋਂ ਇਸ ਸਬੰਧ ਵਿਚ ਭਾਰਤ ਤੇ ਕਸ਼ਮੀਰ ਵਿਚ ਵਸੇ ਦੋਹਾਂ ਕਸ਼ਮੀਰੀਆਂ ਦੇ ਹਾਲਾਤ 'ਤੇ ਲੜੀਵਾਰ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ, ਉਹ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਅੱਗੇ ਵੀ ਪੇਸ਼ ਕੀਤੀ ਜਾ ਰਹੀ ਹੈ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ ਇਹ ਰਿਪੋਰਟ ਪ੍ਰਕਾਸ਼ਤ ਕਰਨ ਦਾ ਮਕਸਦ, ਦੁਨੀਆ ਨੂੰ ਉਥੋਂ ਦੇ ਹਾਲਾਤ ਬਾਰੇ ਰੂਬਰੂ ਕਰਾਉਣਾ ਹੈ।**



ਵਹੀਦਾ ਕੁਰੈਸ਼ੀ, ਪਾਕਿਸਤਾਨ ਅਧੀਨ ਕਸ਼ਮੀਰ 'ਚ ਵਿਆਹੀ ਭਾਰਤੀ ਕਸ਼ਮੀਰੀ। ਮੈਂ ਉਦੋਂ ਸਿਰਫ਼ 20 ਸਾਲ ਦੀ ਸੀ, ਜਦੋਂ ਇਸ ਦੇ ਪਿਤਾ ਪਾਕਿਸਤਾਨ ਤੋਂ ਆਏ ਅਤੇ ਐਲ.ਓ.ਸੀ. 'ਤੇ ਮੇਰੇ ਪਿਤਾ ਨੂੰ ਮਿਲੇ। ਫਿਰ ਸਾਡੇ ਘਰ ਆਏ ਅਤੇ ਆਪਣੇ ਬੇਟੇ ਲਈ ਮੇਰਾ ਹੱਥ ਮੰਗ ਲਿਆ। ਮੇਰੇ ਪਤੀ ਦੇ ਪਿਤਾ ਰਿਸ਼ਤੇ 'ਤੇ ਮੇਰੇ ਦਾਦਾ ਲੱਗਦੇ ਹਨ ਤਾਂ ਇਕ ਤਰ੍ਹਾਂ ਨਾਲ ਇਹ ਵਿਆਹ ਰਿਸ਼ਤੇਦਾਰੀ 'ਚ ਹੀ ਹੋ ਰਿਹਾ ਸੀ। ਹਾਲਾਂਕਿ ਇਸ ਤੋਂ ਪਹਿਲਾਂ ਸਾਡੇ ਪਰਿਵਾਰ 'ਚ ਕਿਸੇ ਨੇ ਪਾਕਿਸਤਾਨ ਵਾਲੇ ਕਸ਼ਮੀਰ 'ਚ ਵਿਆਹ ਨਹੀਂ ਕੀਤਾ ਸੀ। ਮੈਂ ਉਥੇ ਕਦੇ ਨਹੀਂ ਗਈ ਸੀ। ਪਿਤਾ ਜੀ ਜ਼ਰੂਰ ਗਏ ਸਨ ਅਤੇ ਦੱਸਦੇ ਸਨ ਕਿ ਉਥੇ ਉਨ੍ਹਾਂ ਦੇ ਬਹੁਤ ਸਾਰੇ ਰਿਸ਼ਤੇਦਾਰ ਹਨ। ਪਿਤਾ ਜੀ ਨੇ ਜੋ ਤੈਅ ਕਰ ਦਿੱਤਾ, ਉਸ 'ਤੇ ਸਵਾਲ ਚੁੱਕਣ ਦਾ ਮੈਨੂੰ ਕੋਈ ਹੱਕ ਨਹੀਂ ਸੀ। ਬੱਸ ਸਭ ਕੁੱਝ ਅਚਾਨਕ ਹੋ ਗਿਆ। ਮੈਂ ਨਾ ਆਪਣੇ ਹੋਣ ਵਾਲੇ ਪਤੀ ਨੂੰ ਮਿਲੀ ਸੀ, ਨਾ ਗੱਲ ਕੀਤੀ ਸੀ।

**ਅੰਦਾਜ਼ਾ ਨਹੀਂ ਸੀ ਮੁਸ਼ਕਲਾਂ ਦਾ :**

ਜਦੋਂ ਇਹ ਸਭ ਹੋਇਆ ਤਾਂ ਮੈਨੂੰ ਅੰਦਾਜ਼ਾ ਵੀ ਨਹੀਂ ਸੀ ਕਿ ਭਾਰਤ ਦੇ ਕਸ਼ਮੀਰ ਆਉਣਾ-ਜਾਣਾ ਇੰਨਾ ਮੁਸ਼ਕਲ ਹੋਵੇਗਾ। ਮੈਂ ਭਾਰਤ ਦੀ ਨਾਗਰਿਕ ਹਾਂ ਅਤੇ ਵੀਜ਼ਾ 'ਤੇ ਮੁਜੱਫਰਾਬਾਦ 'ਚ ਰਹਿਣ ਲੱਗੀ। ਇੱਥੇ ਸਭ ਵੱਖ ਹੈ। ਇਸਲਾਮੀ ਤੌਰ-ਤਰੀਕ ਕਿਤੇ ਵੱਧ ਸ਼ਿੱਦਤ ਨਾਲ ਅਮਲ 'ਚ ਲਿਆਏ ਜਾਂਦੇ ਹਨ। ਇਹ ਮੈਨੂੰ ਬਹੁਤ ਚੰਗਾ ਲੱਗਦਾ ਹੈ। ਜਿਵੇਂ ਭਾਰਤ ਦੇ ਕੁਪਵਾੜਾ 'ਚ ਜਿੱਥੇ ਮੈਂ ਰਹਿੰਦੀ ਸੀ, ਆਮ ਤੌਰ 'ਤੇ ਔਰਤਾਂ ਬੁਰਕਾ ਨਹੀਂ ਪਾਉਂਦੀਆਂ ਸਨ, ਇੱਥੇ ਇਹ ਲਗਭਗ ਜ਼ਰੂਰੀ ਹੈ।

ਭਾਸ਼ਾ, ਖਾਣ-ਪਾਣ, ਗੀਤੀ-ਰਿਵਾਜ ਸਭ 'ਚ ਫ਼ਰਕ ਹੈ, ਪਰ ਹੁਣ ਆਦਤ ਪੈ ਗਈ ਹੈ। ਇਹ ਸਭ ਵਧੀਆ ਲੱਗਣ ਲੱਗਾ ਹੈ। ਸ਼ੁਰੂ 'ਚ ਮਾਂ-ਬਾਪ ਤੋਂ ਬਿਨਾਂ ਘਬਰਾਹਟ ਹੁੰਦੀ ਸੀ, ਘਰ ਦੀ ਬਹੁਤ ਯਾਦ ਆਉਂਦੀ ਸੀ। ਕੁਪਵਾੜਾ 'ਚ ਸਾਡਾ ਪਰਿਵਾਰ ਬਹੁਤ ਫੈਲਿਆ ਹੋਇਆ ਹੈ ਅਤੇ ਸਾਰਿਆਂ ਦੇ ਮਕਾਨ ਨਜ਼ਦੀਕ ਬਣੇ ਹੋਏ ਹਨ, ਜਿਵੇਂ ਪੂਰਾ ਮੁਹੱਲਾ ਸਾਡਾ ਹੀ ਹੈ। ਉੱਥੇ ਮੇਰੀਆਂ ਕਈ ਸਹੇਲੀਆਂ ਹਨ, ਪਰ ਇਥੇ ਘਰ ਦੇ ਅੰਦਰ ਰਹਿਣ ਦਾ ਹੀ ਰਿਵਾਜ਼ ਹੈ। ਔਰਤਾਂ ਨੂੰ ਘਰ 'ਚ ਹੀ ਸੂਕੂਨ ਨਾਲ ਰਹਿਣਾ ਚਾਹੀਦਾ ਹੈ। ਵਿਆਹ ਤੋਂ ਪਹਿਲਾਂ ਮੈਂ ਸਕੂਲ ਛੱਡ ਕੇ ਮਦਰਸੇ 'ਚ ਪੜ੍ਹਨ ਲੱਗੀ ਸੀ। ਪੰਜ ਸਾਲ ਬਾਅਦ ਮਹਾਰਾਸ਼ਟਰ ਦੇ ਮਾਲੇਗਾਂਵ 'ਚ ਮੈਂ ਆਪਣੀ ਪੜ੍ਹਾਈ ਪੂਰੀ ਕੀਤੀ। ਫਿਰ ਮਦਰਸੇ 'ਚ ਪੜ੍ਹਾਈ ਸ਼ੁਰੂ ਕਰ ਦਿੱਤਾ ਸੀ। ਇੱਥੇ ਆਈ ਤਾਂ ਪਰਿਵਾਰ ਦੀ ਸੇਵਾ 'ਚ ਲੱਗ ਗਈ, ਤਾਂ ਸਭ ਕੁੱਝ ਪਿੱਛੇ ਰਹਿ ਗਿਆ। ਸ਼ਾਇਦ ਅੱਗੇ ਜਾ ਕੇ ਫਿਰ ਪੜ੍ਹ ਸਕਾਂ।

**ਵੀਜ਼ੇ ਦੀ ਪ੍ਰੇਸ਼ਾਨੀ :** ਵਿਆਹ ਦੇ ਲਗਭਗ 9 ਮਹੀਨੇ ਬਾਅਦ ਭਾਰਤ ਵਾਪਸ ਜਾਣ ਦਾ ਮੌਕਾ ਮਿਲਿਆ। ਉਦੋਂ ਮੈਂ ਗਰਭਵਤੀ ਸੀ। ਮੇਰੀ ਪਹਿਲੀ ਬੇਟੀ ਉੱਥੇ ਪੈਦਾ ਹੋਈ। ਉਹ ਭਾਰਤ ਦੀ ਨਾਗਰਿਕ ਹੈ। ਦੂਜੀ ਬੇਟੀ ਇੱਥੇ ਮੁਜੱਫਰਾਬਾਦ 'ਚ ਹੋਈ। ਉਹ ਪਾਕਿਸਤਾਨ ਦੀ ਨਾਗਰਿਕ ਹੈ। ਇਹ ਉਨ੍ਹਾਂ ਦੀ ਕਿਸਮਤ ਹੈ, ਜਿਵੇਂ ਮੇਰੀ ਕਿਸਮਤ 'ਚ ਇੱਥੇ ਰਹਿਣਾ ਹੈ। ਵਧੀਆ ਲੱਗਦਾ ਹੈ ਕਿ ਇੱਥੇ ਸਾਰੇ ਆਪਣੀ ਕੌਮ ਦੇ ਹਨ। ਇੱਥੇ ਬਹੁਤ ਆਜ਼ਾਦੀ ਵੀ ਹੈ। ਘਰ ਤੋਂ ਬਾਹਰ ਨਿਕਲਣ 'ਚ ਡਰ ਨਹੀਂ ਲੱਗਦਾ। ਫੌਜ ਦੇ ਚੈੱਕਪੋਸਟ, ਹੜਤਾਲਾਂ, ਕਰਫਿਊ, ਸਕੂਲ ਬੰਦ... ਉਹ ਸਭ ਜੋ ਕੁਪਵਾੜਾ 'ਚ ਆਮ ਸੀ, ਉਹ ਸਭ ਇੱਥੇ ਨਹੀਂ ਹੈ, ਪਰ ਮਾਂ-ਬਾਪ ਤੋਂ ਮਿਲਣ ਲਈ ਵੀਜ਼ਾ ਅਤੇ ਆਉਣ-ਜਾਣ 'ਚ ਪ੍ਰੇਸ਼ਾਨੀ ਬਹੁਤ ਹੈ।

ਸੌਤਿਕ ਬਿਸਵਾਸ

ਵਾਰ-ਵਾਰ ਇਹੀ ਲੱਗਦਾ ਹੈ ਕਿ ਰਸਤੇ ਆਸਾਨ ਹੋ ਜਾਂਦੇ ਤਾਂ ਵਿਛੜੇ ਲੋਕ ਮਿਲ ਜਾਂਦੇ। ਕਦੇ ਸੋਚਦੀ ਹਾਂ ਕਿ ਮਾਂ-ਬਾਪ ਇੱਥੇ ਹੀ ਆ ਕੇ ਰਹਿਣ ਲੱਗ ਜਾਣ ਤਾਂ ਸੁੱਖ-ਦੁੱਖ 'ਚ ਫਿਰ ਉਨ੍ਹਾਂ ਦਾ ਸਾਥ ਹੋਵੇ। ਮੈਂ ਘਰ ਦੀ ਸਭ ਤੋਂ ਵੱਡੀ ਹਾਂ। ਮੇਰਾ ਵਿਆਹ ਵੀ ਸਭ ਤੋਂ ਪਹਿਲਾਂ ਹੋਇਆ ਹੈ। ਮੈਨੂੰ ਛੋਟੇ ਪੰਜ ਭਰਾ-ਭੈਣ ਪੁੱਛਣਗੇ ਤਾਂ ਇਹੀ ਕਹਾਂਗੀ ਕਿ ਉਧਰ ਹੀ ਰਹੋ, ਆਪਣਿਆਂ ਦੇ ਨਜ਼ਦੀਕ ਰਹਿਣਾ ਹੀ ਵਧੀਆ ਹੈ।




**ਸ਼ਹਨਾਜ਼ ਭੱਟ ਭਾਰਤੀ ਨਾਲ ਵਿਆਹੀ ਪਾਕਿਸਤਾਨੀ ਔਰਤ**

"ਮੈਂ ਪਾਕਿਸਤਾਨੀ ਕਸ਼ਮੀਰ ਤੋਂ ਹਾਂ, ਪਰ ਭਾਰਤ ਦੇ ਕਸ਼ਮੀਰ ਤੋਂ ਆਏ ਹਿਜ਼ਬੁਲ ਮੁਜਾਹਿਦੀਨ ਦੇ ਇਕ ਅਤਿਵਾਦੀ ਨਾਲ ਮੇਰਾ ਵਿਆਹ ਹੋਇਆ। ਫਿਰ ਉਮਰ ਅਬਦੁੱਲਾ ਸਰਕਾਰ ਸਮੇਂ 2011 'ਚ "ਸਰੈਂਡਰ ਸਕੀਮ" ਦੇ ਚੱਕਰ 'ਚ ਮੇਰੇ ਪਤੀ ਨੇ ਭਾਰਤ ਵਾਪਸ ਆਉਣ ਦੀ ਜ਼ਿੱਦ ਕੀਤੀ ਅਤੇ ਉਨ੍ਹਾਂ ਨਾਲ ਮੈਂ ਅਤੇ ਸਾਡੇ ਬੱਚੇ ਵੀ ਭਾਰਤ ਵਾਲੇ ਕਸ਼ਮੀਰ ਆ ਗਏ। ਪਰ ਇੱਥੇ ਹੁਣ ਅਸੀਂ ਫਸ ਗਏ ਹਾਂ। ਚਾਹ ਕੇ ਵੀ ਵਾਪਸ ਉਸ ਵਾਲੇ ਕਸ਼ਮੀਰ ਨਹੀਂ ਜਾ ਸਕਦੇ। ਮੈਂ ਪਾਕਿਸਤਾਨ ਵਾਲੇ ਕਸ਼ਮੀਰ ਦੀਆਂ ਸਾਰੀਆਂ ਔਰਤਾਂ ਨੂੰ ਕਹਾਂਗੀ ਕਿ ਕਦੇ ਆਪਣਾ ਰਿਸ਼ਤਾ ਇਧਰ ਨਾ ਕਰਨਾ ਅਤੇ ਜੇ ਇਸ ਸਮੇਂ ਕੋਈ ਰਿਸ਼ਤਾ ਹੈ ਤਾਂ ਤੁਰੰਤ ਤੋੜ ਦਿਓ। ਸਰਕਾਰ ਮੇਰੇ ਪਤੀ ਨੂੰ ਅਤਿਵਾਦੀ ਮੰਨਦੀ ਹੈ, ਪਰ ਸਾਡਾ ਕੀ ਦੋਸ਼ ਹੈ। ਅਸੀਂ ਤਾਂ ਉਨ੍ਹਾਂ ਨੂੰ ਅਤਿਵਾਦੀ ਨਹੀਂ ਬਣਾਇਆ। ਅਸੀਂ ਸਿਰਫ ਵਿਆਹ ਕੀਤਾ ਅਤੇ ਫਿਰ ਇੱਥੇ ਚਲੇ ਆਏ। ਸਾਨੂੰ ਬੰਦੀ ਬਣਾ ਕੇ ਕਿਉਂ ਰੱਖਿਆ ਹੈ? ਇਨ੍ਹਾਂ 5 ਸਾਲਾਂ 'ਚ ਇਕ ਵਾਰ ਵੀ ਵਾਪਸ ਆਪਣੇ ਦੇਸ਼, ਆਪਣੇ ਪਰਿਵਾਰ ਕੋਲ ਜਾਣ ਦਾ ਮੌਕਾ ਨਹੀਂ ਮਿਲਿਆ। ਇਸ ਦੌਰਾਨ ਮੇਰੇ ਪਿਤਾ ਗੁਜ਼ਰ ਗਏ ਅਤੇ ਮੈਨੂੰ ਇਕ ਸਾਲ ਬਾਅਦ ਇਸ ਦੀ ਖਬਰ ਮਿਲੀ। ਮੇਰੇ ਜਿਹੀਆਂ ਹਜ਼ਾਰਾਂ ਕੁੜੀਆਂ ਹਨ ਮੁਜੱਫਰਾਬਾਦ 'ਚ, ਜਿਨ੍ਹਾਂ ਨੇ ਭਾਰਤੀ ਕਸ਼ਮੀਰੀਆਂ ਨਾਲ ਵਿਆਹ ਕੀਤਾ ਹੈ। ਆਖਰ ਦੋਵੇਂ ਹਿੱਸੇ ਹਾਂ ਤਾਂ ਇਕ ਹੀ ਕਸ਼ਮੀਰ ਦੇ।

ਸਰੈਂਡਰ ਸਕੀਮ :

ਭਾਰਤ ਤੋਂ ਇਹ ਸਾਰੇ ਕਸ਼ਮੀਰੀ ਘੱਟ ਉਮਰ 'ਚ ਅਤਿਵਾਦੀ ਬਣਨ ਪਾਕਿਸਤਾਨ ਆਉਂਦੇ ਹਨ ਅਤੇ ਫਿਰ ਕੁੱਝ ਸਾਲ 'ਚ ਉਹ ਸਭ ਕੁੱਝ ਛੱਡ ਕੇ ਆਮ ਜ਼ਿੰਦਗੀ ਬਿਤਾਉਣ ਲੱਗਦੇ ਹਨ। ਮੇਰੇ ਪਤੀ ਵੀ ਸਬਜ਼ੀ-ਫਲ ਦੀ ਦੁਕਾਨ ਲਗਾਉਣ ਲੱਗੇ ਸਨ। ਮਾਂ-ਬਾਪ ਦੀ ਰਜ਼ਾਮੰਦੀ ਨਾਲ ਸਾਡਾ ਵਿਆਹ ਹੋ ਗਿਆ। ਫਿਰ ਸਾਲ 2011 'ਚ 'ਸਰੈਂਡਰ ਸਕੀਮ' ਆਈ ਅਤੇ ਇਨ੍ਹਾਂ ਨੇ ਜ਼ਿੱਦ ਕੀਤੀ ਕਿ ਉਹ ਆਪਣੇ ਮਾਂ-ਬਾਪ, ਭਰਾ-ਭੈਣ ਨੂੰ ਮਿਲਣਾ ਚਾਹੁੰਦੇ ਹਨ। ਮੇਰੇ ਮਾਂ-ਬਾਪ ਨੇ ਬਹੁਤ ਮਨ੍ਹਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਡਰ ਹੈ ਕਿ ਵਾਪਸ ਆਉਣ ਦਾ ਰਸਤਾ ਨਹੀਂ ਮਿਲੇਗਾ। ਮੈਨੂੰ ਯਕੀਨ ਨਹੀਂ ਹੋਇਆ। ਮੈਨੂੰ ਭਾਰਤ ਦਾ ਕਸ਼ਮੀਰ ਵੇਖਣ ਦਾ ਬੜਾ ਸ਼ੌਕ ਵੀ ਸੀ, ਤਾਂ ਇਨ੍ਹਾਂ ਦੀ ਗੱਲ ਮੰਨ ਲਈ। ਇਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਘਰਵਾਲੇ ਵੀ ਉਨ੍ਹਾਂ ਨੂੰ ਮਿਲਣ। ਇਕ ਵਿਆਹੁਤਾ ਔਰਤ ਕੋਲ ਹੋਰ ਕੀ ਰਸਤਾ ਸੀ। ਨਾ ਕਹਿਣ 'ਤੇ ਘਰ ਟੁੱਟ ਸਕਦਾ ਸੀ, ਜਿਸ ਕਾਰਨ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ। ਅਸੀਂ 10 ਦਸੰਬਰ 2011 ਨੂੰ ਨੇਪਾਲ ਦੇ ਰਸਤੇ ਕਸ਼ਮੀਰ ਆਏ। 'ਸਰੈਂਡਰ ਸਕੀਮ' ਵਿੱਚ ਦੱਸੇ ਗਏ ਆਰ ਅਧਿਕਾਰਕ ਰਸਤਿਆਂ 'ਚ ਇਹ ਨਹੀਂ ਸੀ, ਪਰ ਉਨ੍ਹਾਂ ਰਸਤਿਆਂ ਤੋਂ ਸਾਨੂੰ ਪਾਕਿਸਤਾਨ ਪ੍ਰਸ਼ਾਸਨ ਜਾਣ ਨਹੀਂ ਦੇ ਰਿਹਾ ਸੀ। ਇੱਥੇ ਭਾਰਤ ਦੇ ਕਸ਼ਮੀਰ 'ਚ ਆਉਣ ਤੋਂ ਬਾਅਦ ਸਾਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਦਾ ਮਾਮਲਾ ਦਾਇਰ ਕਰ ਦਿੱਤਾ। ਉਹ ਅੱਜ ਵੀ ਚੱਲ ਰਿਹਾ ਹੈ। ਮੈਂ ਜਦੋਂ ਇੱਥੇ ਆਈ ਤਾਂ ਸੋਚਿਆ ਸੀ ਕਿ ਇਕ ਮਹੀਨੇ ਬਾਅਦ ਵਾਪਸ ਚਲੀ ਜਾਵਾਂਗੀ, ਪਰ ਥਾਣੇ ਅਤੇ ਅਦਾਲਤ ਦੇ ਹੀ ਚੱਕਰ ਕੱਟ ਰਹੀ ਹਾਂ। ਹਾਲੇ ਤਕ ਪਛਾਣ ਦਾ ਕੋਈ ਕਾਰਡ ਨਹੀਂ ਮਿਲਿਆ ਹੈ। ਜਦੋਂ ਵੀ ਕੋਈ ਗੱਲ ਕਹਿੰਦ ਹਾਂ ਆਉਣ-ਜਾਣ ਦੀ, ਪਾਸਪੋਰਟ ਬਣਵਾਵੁਣ ਦੀ, ਤਾਂ ਕਹਿ ਦਿੱਤਾ ਜਾਂਦਾ ਹੈ ਕਿ ਤੁਸੀਂ ਗੈਰ-ਕਾਨੂੰਨੀ ਹੋ। ਜੇ ਅਸੀਂ ਇੰਨੇ ਹੀ ਗੈਰ-ਕਾਨੂੰਨੀ ਹਾਂ ਤਾਂ ਸਾਨੂੰ ਵਾਪਸ ਕਿਉਂ ਨਹੀਂ ਭੇਜ ਦਿੰਦੇ ਅਤੇ ਸਾਰੇ ਦੇਸ਼ਾਂ 'ਚ ਇਹੀ ਕੀਤਾ ਜਾਂਦਾ ਹੈ। ਇਕ ਪਾਸੇ ਤਾਂ ਭਾਰਤ-ਪਾਕਿਸਤਾਨ ਦੋਸਤੀ ਦਾ ਹੱਥ ਵਧਾਉਂਦੇ ਹਨ ਅਤੇ ਫਿਰ ਆਮ ਲੋਕਾਂ ਨੂੰ ਕਿਉਂ ਮੁਕੱਦਮਿਆਂ 'ਚ ਉਲਝਾਇਆ ਜਾਂਦਾ ਹੈ।

ਇੱਥੇ ਦੇ ਲੋਕਾਂ 'ਤੇ ਭਰੋਸਾ ਨਹੀਂ ਹੁੰਦਾ। ਇੱਥੇ ਸਹੇਲੀਆਂ ਹਨ, ਪਰ ਦਿਲ ਦੀ ਗੱਲ ਕਿਸੇ ਨਾਲ ਨਹੀਂ ਕਰ ਪਾਉਂਦੀ ਹਾਂ। ਲੋਕਾਂ ਦੇ ਚਿਹਰੇ ਕੁੱਝ ਹੋਰ ਹਨ ਅਤੇ ਲੱਗਦਾ ਹੈ ਕਿ ਅੰਦਰ ਤੋਂ ਉਹ ਕੁੱਝ ਹੋਰ ਹਨ। ਸਾਢੇ 5 ਸਾਲਾਂ 'ਚ ਸਾਨੂੰ ਲੱਗ ਰਿਹਾ ਹੈ ਕਿ ਅਸੀਂ ਕਿਸੇ ਜੇਲ੍ਹ 'ਚ ਬੰਦ ਕਰ ਦਿੱਤੇ ਗਏ ਹਾਂ। ਇਸ ਵਿਚਕਾਰ ਛੋਟੇ ਭਰਾ ਦਾ ਵਿਆਹ ਹੋ ਗਿਆ ਅਤੇ ਮੈਨੂੰ ਪਤਾ ਨਹੀਂ ਲੱਗਾ। ਹਾਲੇ ਲਗਭਗ 8 ਮਹੀਨੇ ਤੋਂ ਇੰਟਰਨੈੱਟ ਅਤੇ ਵਾਟਸਐਪ ਰਾਹੀਂ ਗੱਲ ਹੋ ਜਾਂਦੀ ਹੈ, ਪਰ ਇੱਥੇ ਸਰਕਾਰ ਵਾਰ-ਵਾਰ ਇੰਟਰਨੈੱਟ ਬੰਦ ਕਰ ਦਿੰਦੀ ਹੈ ਤਾਂ ਉਸ ਦਾ ਵੀ ਆਸਰਾ ਨਹੀਂ ਰਹਿੰਦਾ। ਹਰ ਸਮੇਂ ਇੱਥੇ ਹਿੰਸਾ ਹੁੰਦੀ ਰਹਿੰਦੀ ਹੈ। ਹਰ ਸਮੇਂ ਖਤਰੇ ਦਾ ਅਹਿਸਾਸ ਰਹਿੰਦਾ ਹੈ। ਪ੍ਰੇਸ਼ਾਨੀ ਰਹਿੰਦੀ ਹੈ। ਖੇਤ 'ਚ ਕੰਮ ਕਰਨਾ ਪੈਂਦਾ ਹੈ, ਜੋ ਪਹਿਲਾਂ ਕਦੇ ਨਹੀਂ ਕੀਤਾ। ਭਾਸ਼ਾ ਅਤੇ ਤੌਰ-ਤਰੀਕੇ ਵੀ ਵੱਖ ਹਨ। ਪਾਕਿਸਤਾਨ 'ਚ ਵਿਛੜ ਗਏ ਪਰਿਵਾਰ ਦੀ ਕਮੀ ਉਨ੍ਹਾਂ ਨੂੰ ਮਹਿਸੂਸ ਹੁੰਦੀ ਹੈ। ਕਈ ਹੋਰ ਕੁੜੀਆਂ ਵੀ ਹਨ ਜੋ ਪਾਕਿਸਤਾਨ ਅਧੀਨ ਕਸ਼ਮੀਰ ਤੋਂ ਬਾਹਰ ਦੇ ਦੇਸ਼ 'ਚ ਵਿਆਹ ਕਰ ਕੇ ਜਾਂਦੀਆਂ ਹਨ, ਪਰ ਉਨ੍ਹਾਂ ਨੂੰ ਵਾਪਸ ਆਉਣ 'ਚ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਅਸੀਂ ਇਹੀ ਸੋਚਦੇ ਹਾਂ ਕਿ ਭਾਰਤ ਕਿਉਂ ਆਏ? ਇਨ੍ਹਾਂ ਲੋਕਾਂ 'ਤੇ ਗੁੱਸਾ ਆਉਂਦਾ ਹੈ ਕਿ ਕਿਉਂ ਲਿਆਏ ਸਨ? ਸਾਨੂੰ ਝੂਠ ਬੋਲ ਕੇ ਇੱਥੇ ਕਿਉਂ ਲੈ ਆਏ? ਮਨ ਕਰਦਾ ਹੈ ਕਿ ਇਨ੍ਹਾਂ ਨਾਲ (ਆਪਣੇ ਪਤੀ ਨਾਲ) ਕੁੱਝ ਅਜਿਹਾ ਕਰਾਂ, ਅਜਿਹਾ ਇਲਾਜ ਕਰਾਂ ਕਿ ਯਾਦ ਰੱਖਣ। ਫਿਰ ਸੋਚਦੀ ਹਾਂ ਕਿ ਉਸ ਨਾਲ ਕੀ ਹੋਵੇਗਾ? ਸਭ ਕੁੱਝ ਬੱਸ ਝੂਠ ਹੀ ਲੱਗਦਾ ਹੈ।



# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। ।ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ ਸੱਤਵਾਂ)

## ਜੀਉਂਦੇ ਰਹੋ ਲੰਮੀਆਂ ਉਮਰਾਂ

ਆਓ ਅੰਮਾ ਨੂੰ ਮਿਲੀਏ – ਆਹ ਬੈਠੀ ਹੈ, ਐਧਰ ਚੁੱਲ੍ਹੇ ਮੂਹਰੇ

"ਮੱਥਾ ਟੇਕਦਾ ਆਂ ਅੰਮਾ।"

"ਜਿਉਂਦੇ ਰਹੋ, ਲੰਮੀਆਂ ਉਮਰਾਂ ਹੋਣ।" ਢੇਰ ਸਾਰੀਆਂ ਅਸੀਸਾਂ ਦੀ ਪਟਾਰੀ ਖੋਲ੍ਹ ਦਿੰਦੀ ਹੈ ਅੰਮਾ, ਜਦ ਵੀ ਕੋਈ ਮਿਲਦਾ ਹੈ – ਨਿਆਣਾ, ਸਿਆਣਾ, ਆਪਣਾ, ਬੇਗਾਨਾ – ਅੰਮਾ ਅਸੀਸਾਂ ਦਿੰਦੀ ਵਾਰੇ ਵਾਰੇ ਜਾਂਦੀ ਨਹੀਂ ਥੱਕਦੀ – ਉਹਦੇ ਦਵਾਰੇ ਜੋ ਆਵੇ, ਸੋ ਰਾਜੀ ਜਾਵੇ।

ਅੰਮਾ (ਨਾਨੀ) ਸੰਤੀ ਉਰਫ਼ ਸੁੱਲੋ... ਕਣਕ ਵੰਨਾ-ਰੰਗ, ਦਰਮਿਆਨਾ ਕੱਦ, ਹੱਸ ਮੁੱਖ, ਮਿੱਠ ਬੋਲੜੀ ਤੇ ਅੰਤਾਂ ਦੀ ਰਕਾਨ ਔਰਤ ਹੈ ਅੰਮਾ। ਦੋਹਤੇ, ਦੋਹਤੀਆਂ, ਪੋਤੇ, ਪੋਤੀਆਂ, ਨੂਹਾਂ ਧੀਆਂ, ਪੁੱਤ-ਜਵਾਈਆਂ ਦੀ ਪਿਆਰੀ ਹੀ ਨਹੀਂ, ਅਤਿ – ਪਿਆਰੀ ਮਾਂ – ਸੱਸ, ਨਾਨੀ ਦਾਦੀ ਦੀ ਨਹੀਂ, ਸਗੋਂ ਸਭ ਦੀ ਸਾਂਝੀ ਅੰਮਾ...।

ਮੈਂ ਆਪਣੀ ਸੋਝੀ ਵਿਚ ਮਾਮੀ ਹੋਰਾਂ ਜਾਂ ਅੰਮਾ ਨੂੰ ਉੱਚੇ ਬੋਲਦੇ ਨਹੀਂ ਦੇਖਿਆ, ਨਾ ਸੁਣਿਆ – ਤਕਰਾਰਬਾਜ਼ੀ ਤਾਂ ਬਹੁਤ ਦੂਰ ਦੀ ਗੱਲ ਹੈ। ਜੇਬ ਵਾਲਾ ਕੁੜਤਾ ਉੱਚੀ ਜਿਹੀ ਬੰਨ੍ਹੀ ਸਲਵਾਰ ਤੇ ਮਲਮਲ ਦਾ ਝੋਨਾ (ਦੁੱਪਟਾ) ਆਮ ਲੈਂਦੀ ਹੈ ਅੰਮਾ – ਵਾਲਾਂ ਨੂੰ ਤੇਲ ਲਾ ਗੁੰਦ ਸੰਵਾਰ ਕੇ ਜਦ ਬੈਠਦੀ ਤਾਂ ਸਾਧਾਰਨ ਹੁੰਦੀ ਵੀ ਅੰਤਾਂ ਦੀ ਫੱਬ ਫੱਬ ਪੈਂਦੀ। ਕੰਨਾਂ ਵਿਚ ਸੋਨੇ ਦੀਆਂ ਬੁਜਲੀਆਂ, ਸੱਜੇ ਹੱਥ ਲੋਹੇ ਦਾ ਕੜਾ, ਗਲੇ ਵਿਚ ਦੋ ਚਾਂਦੀ ਦੀਆਂ ਤੀਲਾਂ (ਇਕ ਚਪਟੀ ਮੂਹਰੇ ਤੋਂ ਜ਼ਰਾ ਤਿੱਖੀ, ਦੂਜੀ ਮੂਹਰੇ ਤੋਂ ਕੜਛੀ ਨੁਮਾ) ਕਾਲੇ ਧਾਗੇ ਵਿਚ ਪਰੋ ਪਾ ਕੇ ਰੱਖਦੀ ਹੈ। (ਇਹ ਦੋਵੇਂ ਸੰਦ ਕੰਨ ਤੇ ਦੰਦ ਸਾਫ਼ ਕਰਨ ਦੇ ਕੰਮ ਆਉਂਦੇ ਹਨ)। – ਇਸ ਤੋਂ ਬਿਨਾਂ ਅੰਮਾ ਦੇ ਮੈਂ ਕਦੇ ਕੋਈ ਹੋਰ ਟੂਮ-ਟੱਲਾ ਨਹੀਂ ਪਾਇਆ ਦੇਖਿਆ।

ਸਰਦੀਆਂ ਦੀ ਇਕ ਦੁਪਹਿਰ ਵਿਹੜੇ ਵਿਚ ਬੈਠੇ ਹਰ ਘਰ ਦੇ ਸਾਰੇ ਜੀਅ – ਗੱਲਾਂ ਹੋ ਰਹੀਆਂ ਹਨ – ਕੀਹਦੇ ਹੱਥ ਕਿੰਨੇ ਨਿਆਣੇ ਹਨ – ਹੱਥ ਦੇਖ ਦੇਖ ਸਭ ਕੋਈ ਆਪਣੀ ਆਪਣੀ ਜੋਤਿਸ਼ ਵਿਦਿਆ ਘੋਟ ਰਿਹਾ ਹੈ, "ਬਾਈ ਆਪਾਂ ਤਾਂ ਐਨੇ ਜਣੇ ਆਂ – ਤੇਰੇ ਹੱਥ ਵਿਚ ਤਾਂ ਨਿਆਣੇ ਕੁਰਬਲ ਕੁਰਬਲ ਕਰਦੇ ਹੋਏ ਆ।" ਚੰਨੋ ਮਾਮੀ ਹੱਸਦੀ ਹੱਸਦੀ ਬਾਈ ਨੂੰ ਲਾਡ ਜਿਹਾ ਕਰਦੀ ਹੈ। ਸਾਰੇ ਹੱਸ ਪੈਂਦੇ ਹਨ ਤੇ ਮੁਸਕੜੀਆਂ ਬਾਈ ਵੀ। – ਅੰਮਾ "ਫੋਟ-ਫੋਟ" ਕਰਦੀ ਮਾਸੀ ਨੂੰ ਝਿੜਕਦੀ ਹੈ।

ਜੀ ਹਾਂ – ਛੇ ਪੁੱਤਾਂ ਤੇ ਪੰਜ ਧੀਆਂ ਨੂੰ ਜਨਮ ਦੇਣ ਵਾਲੀ ਅੰਮਾ – ਇਹ ਵੀ ਦਸਦੀ ਹੈ "ਦੋ ਛੋਕਰੇ ਤਾਂ ਹੋਰ ਵੀ ਉਪਰੋਥਲੀ ਦੇ ਨਿੱਕੇ ਹੁੰਦੇ ਹੀ ਮਰਗੇ ਤੇ..."

ਹੁਣ ਸੁਖ ਨਾਲ ਸਾਰੇ ਹੀ ਅੱਗੋਂ ਆਪਣੇ ਆਪਣੇ ਪਰਿਵਾਰਾਂ ਵਾਲੇ ਹਨ–

ਵੱਡੇ ਮਾਮਾ ਜੀ – ਬਚਨ ਸਿੰਘ ਫੌਜ ਵਿਚ ਹਨ – ਵੱਡੀ ਜੰਗ ਵੇਲੇ ਸਿੰਘਾਪੁਰ, ਮਲਾਇਆ ਗਏ, ਮੁੜ ਪਰਤੇ ਨਾ। ਅੰਮਾ ਨੇ ਪਤਾ ਨਹੀਂ ਕੀ ਕੀ ਨਹੀਂ ਕੀਤਾ, ਕਿੱਥੇ ਕਿੱਥੇ ਨਹੀਂ ਪੁੱਜੀ – ਸਾਧਾਂ, ਸੰਤਾਂ ਦੇ ਡੇਰੇ – ਉਲਟੇ ਚਰਖੇ ਫੇਰੇ ਪਰ ਉਹ... ਮੇਰੇ ਇਸ ਨਾਨਕੇ ਪਰਿਵਾਰ ਨੇ ਅੱਜ ਤੱਕ ਮਾਮਾ ਜੀ ਦੀ ਅੰਤਿਮ-ਅਰਦਸ ਨਾ ਕੀਤੀ, ਨਾ ਕਰਾਈ।

ਦੂਜੇ ਦਿਆਲ ਮਾਮਾ ਜੀ, ਪਹਾੜ ਵਿਚ ਬੂੰਗਾ ਅਟਾਰੀ ਵਿਆਹੇ ਗਏ ਤਾਂ ਉਥੋਂ ਦੇ ਹੀ ਹੋ ਕੇ ਰਹਿ ਗਏ।

ਪਿਆਰਾ ਮਾਮਾ ਜੀ ਤੇ ਸਭ ਤੋਂ ਛੋਟੇ ਭਜਨ ਮਾਮਾ ਜੀ ਖੇਤੀ ਕਰਦੇ ਹਨ, ਘਰੇ। ਵਿਚਕਾਰਲੇ ਮਿੰਦਰ ਮਾਮਾ ਜੀ ਦਾ ਹੋਟਲ ਹੈ ਰੋਪੜ ਕਚਹਿਰੀਆਂ ਮੂਹਰੇ, ਤੇ ਰਤਨ ਮਾਮਾ ਜੀ ਪੁਲੀਸ ਵਿਚ ਭਰਤੀ ਹਨ–

ਅੰਤਾਂ ਦੇ ਹੱਸਮੁਖ ਸੁਭਾਅ ਦੇ – ਸਿੰਦਰ ਨੂੰ ਹਮੇਸ਼ਾਂ 'ਨੰਨ੍ਹਾ' ਤੇ ਮੈਨੂੰ 'ਜਿੰਦਰ' ਕਹਿ ਕੇ ਹੀ ਬੁਲਾਉਂਦੇ ਹਨ।

ਇਕ ਦਿਨ ਰੋਟੀ ਖਾਂਦੇ ਖਾਂਦੇ ਕਹਿੰਦੇ, "ਕੀ ਰੀਸ ਹੈ, ਘਰ ਦੀ ਰੋਟੀ ਦੀ। ਉੱਥੇ ਤਾਂ ਲੰਗਰ ਵਿਚ ਸਾਨੂੰ ਰੋਜ਼ ਆਲੂ ਮਿਲਦੇ ਹਨ – ਉਹ ਵੀ 'ਵਰਦੀ' ਸਮੇਤ। ਜਦੋਂ ਉਹ ਇੰਝ ਕਹਿੰਦੇ ਮੇਰੀਆਂ ਅੱਖਾਂ ਮੂਹਰੇ ਵੱਡੇ ਵੱਡੇ ਮੋਟੇ ਮੋਟੇ ਆਲੂ ਪੁਲੀਸ ਦੀ ਵਰਦੀ ਪਾਈ ਘੁੰਮਣ ਲੱਗ ਜਾਂਦੇ, ਭਾਵੇਂ ਉਨ੍ਹਾਂ ਤਾਂ 'ਛਿਲਕਾਂ ਵਾਲੇ ਆਲੂਆਂ' ਨੂੰ ਹੀ ਆਪਣੀ ਸਰਕਾਰੀ ਬੋਲੀ ਵਿਚ 'ਵਰਦੀ ਵਾਲੇ' ਕਿਹਾ ਹੋਵੇ। ਜਦੋਂ ਵੀ ਉਨ੍ਹਾਂ ਨੇ ਆਉਣਾ ਮੈਂ ਜ਼ਰੂਰ ਛੇੜਨਾ, 'ਮਾਮਾ ਜੀ ਬਣਾਈਏ ਵਰਦੀ ਵਾਲੇ ਆਲੂ...।' ਤੇ ਉਹ ਹੱਸ ਪੈਂਦੇ।

ਇੰਜ ਵੱਡੀ ਮਾਸੀ ਬਚਨੀ ਫੇਰ ਇੰਦਰੋ ਦਿਆਲੋ ਪਿਆਰੋ (ਬੀਜੀ) ਤੇ ਸਭ ਤੋਂ ਛੋਟੀ ਮਾਸੀ ਚੰਨੋ, ਚੰਨਣ ਕੌਰ – ਲਗਭਗ ਸਾਰੀਆਂ ਦੇ ਨਾਂ ਭਾਈਆਂ ਦੇ ਨਾਵਾਂ 'ਤੇ ਹੀ ਰੱਖੇ ਹੋਏ ਜਾਂ ਰੱਖ ਦਿੱਤੇ ਹੋਏ ਹਨ ਜਿਵੇਂ ਰਿਵਾਜ਼ ਹੀ ਹੋਵੇ ਕੋਈ। ਜਿਹੜੇ ਮੁੰਡੇ ਪਿੱਛੋਂ ਜਿਹੜੀ ਕੁੜੀ ਹੋਈ ਉਹੋ ਨਾਉਂ ਰੱਖ ਦਿੱਤਾ ਜਾਂਦਾ ਹੈ ਉਸ ਦਾ "ਭਾਈ ਪਿੱਛੇ ਆਈ ਹੈ" ਆਖਦੇ ਉਹ।

ਮੇਰੀ ਸਭ ਤੋਂ ਪਿਆਰੀ ਮਾਸੀ ਹੈ ਚੰਨਣ ਕੌਰ।




ਬਹੁਤ ਸਮਾਂ ਮੈਨੂੰ ਇਸ ਨਾਲ ਹੀ ਰਹਿਣ ਨੂੰ ਮਿਲਦਾ ਹੈ ਨਾਨਕੀ ਵੀ ਤੇ ਦਾਦਕੀ ਵੀ। ਬਾਅਦ ਵਿਚ ਚਾਚਾ ਜੀ ਨਾਲ ਵਿਆਹ ਹੋ ਜਾਂਦਾ ਤੇ ਇਹ 'ਚਾਚੀ' ਤਾਂ ਬਣ ਜਾਂਦੀ ਹੈ ਪਰ ਅਸੀਂ ਸਾਰੇ ਇਸ ਨੂੰ 'ਚੰਨੋ ਮਾਸੀ' ਹੀ ਕਹਿੰਦੇ ਹਾਂ।

"ਬਹੁਤ ਕਰਮਾਂ ਵਾਲੀ ਹੈ" ਇਕ ਦਿਨ ਪਿਆਰਾ ਮਾਮਾ ਜੀ ਗੱਲਾਂ ਕਰਦੇ ਕਹਿੰਦੇ ਹਨ, "ਜਿੱਦਣ ਤੱਕ ਚੰਨੋ ਰਹੀ ਇਸ ਘਰ ਵਿਚ, ਅਨਾਜ ਦੇ ਕੁਠਲੇ ਭਰੇ ਰਹਿੰਦੇ ਸਾਡੇ ਤੇ ਜਿੱਦਣ ਤੋਂ ਉਹਦਾ ਵਿਆਹ ਹੋ ਗਿਆ, ਸਾਡਾ ਵੀ ਹੱਥ ਪਿੱਛੇ ਨੂੰ ਹੀ ਜਾਣ ਲਗ ਪਿਆ...।"

ਹੁਣ ਅੰਮਾ ਪਤਾ ਨੀਂ ਕਿੱਥੇ ਗੁਆਚ ਗਈ। ਆਹ ਬੈਠੀ ਹੈ ਐਧਰ ਚੱਕੀ ਮੂਹਰੇ – ਨਾਲੇ ਹੁਣ ਤੀਜਾ ਪਹਿਰ ਵੀ ਤਾਂ ਹੋ ਚੱਲਿਆ ਸੁੱਖ ਨਾਲ। ਅੱਜ ਹੀ ਥੋੜ੍ਹੀ – ਰੋਜ਼ ਹੀ ਤੀਜੇ ਪਹਿਰ ਚੱਕੀ ਲੈ ਕੇ ਬੈਠ ਜਾਂਦੀ ਹੈ – ਖ਼ਬਰਨੀ ਰੋਜ਼ ਕੀ ਕੀ ਪੀਂਹਦੀ ਰਹਿੰਦੀ ਹੈ। ਕਦੀ ਆਟਾ, ਕਦੀ ਦਲੀਆ, ਕਦੀ ਦੈੜ, ਕਦੀ ਕੁਝ ਕਦੀ ਕੁਝ ਦਲਦੀ ਹੀ ਰਹਿੰਦੀ ਹੈ ਤੇ ਹੋਰ ਪਤਾ ਨਹੀਂ ਕੀ ਕੀ – ਅੰਮਾ ਤਾਂ ਪੀਂਹਦੀ ਹੀ ਹੈ ਪਰ ਮੈਨੂੰ ਉਹਦੇ ਕੋਲ ਬੈਠਣਾ ਬਹੁਤ ਹੀ ਚੰਗਾ ਲੱਗਦਾ ਹੈ, ਖ਼ਾਸ ਕਰ ਗਰਮੀਆ ਨੂੰ –

ਢਲਦੇ ਸੂਰਜ ਦੀ ਨਿੱਕੀ ਨਿੱਕੀ ਧੁੱਪ, ਤੂਤ ਤੇ ਪੱਤਿਆਂ ਵਿਚੋਂ ਛਣ ਛਣ ਕੇ ਚੱਕੀ 'ਤੇ ਪੈ ਰਹੀ ਹੁੰਦੀ ਹੈ – ਅੰਮਾਂ ਮੰਜੀ ਖੜੀ ਕਰ ਉਸ ਦੇ



**ਮੋਹਣ, ਸਿੰਦਰ, ਰਾਜਿੰਦਰ, ਬੀਜੀ, ਸੋਹਣ ਅਤੇ ਰਤਨ ਮਾਮਾ ਜੀ (ਕਸੁਮਟੀ, ਸ਼ਿਮਲਾ 1948)**

ਕਮੀਜ਼ ਲਾਹ ਧਰ ਦਿੰਦੀ ਹੈ ਤੇ ਆਪਣੇ ਪਿੰਡੇ 'ਤੇ ਲੈ ਲੈਂਦੀ ਹੈ – ਆਪਣਾ ਮਲਮਲ ਦਾ ਝੋਨਾ। ਉਂਜ ਇਸ ਵੇਲੇ ਘਰ ਵੀ ਤਾਂ ਕੋਈ ਨਹੀਂ ਹੁੰਦਾ ਕੋਈ ਖੇਤਾਂ ਨੂੰ ਗਿਆ, ਕੋਈ ਘਾਹ ਪੱਠੇ ਨੂੰ – ਕੋਈ ਅੰਦਰ- ਬਾਹਰ।

ਅੰਮਾ ਸਾਰਾ ਸਮਾਨ ਧਰ ਆਟਾ ਪੀਹਣ ਬੈਠ ਜਾਂਦੀ ਹੈ ਤੇ ਮੈਂ ਬਹਾਨੇ ਨਾਲ ਉਹਦੇ ਮੂਹਰੇ "ਅੰਮਾ ਤੂੰ ਪੀਹੀ ਜਾਂਈਂ ਮੈਂ ਗਲ਼ਾ ਪਾਈ ਜਾਊਂ..."

ਆਟਾ ਪੀਹਣ ਤੋਂ ਪਹਿਲਾਂ ਅੰਮਾ ਨਿੱਕੇ ਜਿਹੇ ਬੱਬੜ ਦੇ ਝਾੜੂ ਨਾਲ ਸਾਰੀ ਚੱਕੀ ਸਾਫ਼ ਕਰਦੀ ਹੈ। ਫੇਰ ਲੀਰਾਂ ਦੀ ਮਨਮੀ ਠੀਕ ਕਰਦੀ ਹੈ – ਮੋਟਾ ਬਰੀਕ ਦੇਖਣ ਲਈ ਤੇ ਮੂਹਰੇ ਜਿੱਥੇ ਆਟਾ ਡਿਗਣਾ ਹੈ ਪਰਾਤ ਰੱਖ ਦਿੰਦੀ ਹੈ – ਆਟਾ ਚੱਕੀ ਦੇ ਆਸੇ ਪਾਸੇ ਖਾਲ੍ਹ ਜਿਹੀ ਵਿਚ ਇਕੱਠਾ ਹੋਈ ਜਾਂਦਾ ਹੈ ਤੇ ਮੈਂ ਉਂਗਲ ਪਾ ਪਾ ਬਾਹਰ ਮੂਹਰੇ ਪਰਾਤ ਵਿਚ ਕੱਢੀ ਜਾਂਦੀ ਹਾਂ।

ਅੰਮਾ ਚੱਕੀ ਚਲਾ ਰਹੀ ਹੈ ਅੰਮਾ ਦੀਆਂ ਲੰਮੀਆਂ ਲੰਮੀਆਂ ਛਾਤੀਆਂ (ਦੁੱਧੀਆਂ) ਕਦੀ ਮੂਹਰੇ ਨੂੰ ਹੁੰਦੀਆਂ ਕਦੀ ਢਿੱਡ ਨਾਲ ਵਜਦੀਆਂ ਦੇਖ ਦੇਖ ਮੈਨੂੰ ਅੰਤਾਂ ਦਾ ਹਾਸਾ ਆਉਂਦਾ ਹੈ – ਉਂਜ ਮੈਂ ਇਹੋ ਦੇਖਣ ਲਈ ਹੀ ਤਾਂ ਬੈਠੀ ਹੁੰਦੀ ਹਾਂ ਪਰ ਮੈਂ ਹੱਸਦੀ ਨਹੀਂ ਹਾਂ। ਉਂਜ ਜਦੋਂ ਮੈਂ ਇਹੋ ਗੱਲ ਆਪਣੀਆਂ ਸਹੇਲੀਆਂ – ਅਜਮੇਰੋ, ਛੁੱਡੀ ਹੋਰਾਂ ਨੂੰ ਸੁਣਾਉਂਦੀ ਹਾਂ ਤਾਂ ਅਸੀਂ ਹੱਸ ਹੱਸ ਦੂਹਰੀਆਂ ਚੌਹਰੀਆਂ ਹੁੰਦੀਆਂ ਜਿਵੇਂ ਨਿਰੀਆਂ ਝੱਲੀਆਂ ਹੋਈਏ ਪਰ ਸਾਨੂੰ ਕੀ ਸਾਡਾ ਕੰਮ ਤਾਂ 'ਖਲੋਲ' ਹੋਣਾ ਹੈ – ਸੋ ਹੁੰਦੀਆਂ – ਜਦ ਅਜਿਹਾ ਕੁਝ ਵੇਖਣ ਨੂੰ ਮਿਲ ਜਾਂਦਾ, ਉਹ ਭਾਵੇਂ ਅੰਮਾ ਹੋਵੇ ਜਾਂ ਕੋਈ ਹੋਰ।

ਪੀਹਣ ਤੋਂ ਵਿਹਲੀ ਹੋ ਅੰਮਾ, ਹੱਥ ਮੂੰਹ ਧੋ ਜਾਂ ਨਹਾ ਕੇ ਸੁੱਚੇ ਆਟੇ ਦਾ ਚਿਰਾਗ ਬਣਾਉਂਦੀ ਹੈ – ਸੁੱਚਾ ਦੇਸੀ ਘੀ ਜੋ ਅੱਡ ਰਖਿਆ ਹੋਇਆ ਹੈ ਪਾਉਂਦੀ ਹੈ – ਕੰਧ ਦੀ ਝੀਥ 'ਚੋਂ ਮਾੜੀ ਜੀ ਰੂੰ ਕੱਢ (ਬਾਕੀ ਦੀ ਉੱਥੇ ਹੀ ਫਸਾ) ਬੱਤੀ ਵੱਟਦੀ ਹੈ, ਤਲੀ 'ਤੇ – ਦੀਵੇਂ ਤੇ ਧਰ, ਤੀਲਾਂ ਦੀ ਡੱਬੀ ਲੈ, ਥਾਲੀ ਵਿਚ ਸਜਾ, ਕਪੜੇ ਨਾਲ ਢੱਕ ਕੇ ਤੁਰ ਪੈਂਦੀ ਹੈ ਭੱਠਾ ਸਾਹਿਬ ਨੂੰ – ਦੋ ਜੁੰਨ ਮਿਲੇਦੇ, ਨੰਗੇ ਪੈਰ।

ਮੈਂ ਅੰਮਾ ਦੀ ਲਾਡਲੀ – ਰੋਜ਼ ਜਾਂਦੀ ਅੰਮਾ ਨਾਲ – ਉੱਥੇ ਪੌੜ ਸਾਹਿਬ 'ਤੇ ਚਿਰਾਗ ਬਾਲ ਧਰਦੀਆਂ ਹਾਂ ਜਿੱਥੇ ਪਹਿਲਾਂ ਤੋਂ ਹੀ ਹੋਰ ਵੀ ਚਿਰਾਗ ਬਲ ਰਹੇ ਹੁੰਦੇ ਹਨ ਤੇ ਇੰਜ ਨਿਤਨੇਮ ਕਰ ਮੁੜਦੀਆਂ ਹਾਂ ਘਰਾਂ ਨੂੰ।

ਇਕ ਦਿਨ ਅਸੀਂ ਗੋਹਰ ਵਿਚ ਤੁਰੀਆਂ ਘਰ ਨੂੰ ਆ ਰਹੀਆਂ ਹਾਂ (ਜਗ੍ਹਾ ਮੈਨੂੰ ਅੱਜ ਵੀ ਯਾਦ ਹੈ) ਇਸ ਵਾਰ ਮੈਂ ਇਕੱਲੀ ਹੀ ਆਈ ਹਾਂ ਸ਼ਿਮਲੇ ਤੋਂ ਭਾਪਾ ਜੀ ਨਾਲ –

"ਤੇਰੀ ਬੀਬੀਨੇ ਮੈਨੂੰ ਕੁਝ ਨਹੀਂ ਕਿਹਾ ?" ਅੰਮਾ ਪੁੱਛਦੀ ਹੈ।

"ਨਾ ਅੰਮਾ।" ਪਤਾ ਨਹੀਂ ਅੰਮਾ ਕੀ ਪੁੱਛਣਾ ਚਾਹੁੰਦੀ ਹੋਵੇ।

"ਨਾ ਸਤਿ ਸ੍ਰੀ ਅਕਾਲ ਵੀ ਨਹੀਂ ਕਿਹਾ।"

"ਨਾ ਅੰਮਾ, ਕੁਝ ਨਹੀਂ ਕਿਹਾ।"

"ਦੇਖ ਲਾ ਸ਼ਿਮਲੇ ਜਾ ਕੇ ਤਾਂ ਤੇਰੀ ਬੀਬੀ ਸਾਨੂੰ ਜਮਾਂ ਈ ਭੁੱਲ ਜਾਂਦੀ ਹੈ।" ਅੰਮਾ ਅੰਦਰਲੀ ਮਾਂ ਖ਼ਬਰੇ ਕੀ ਫੋਲ ਰਹੀ ਹੋਵੇ ਜਿਵੇਂ –

ਮੈਨੂੰ ਲੱਗਾ ਮੈਂ ਫਸ ਗਦੀ। ਪਰ ਬੀਜੀ ਨੇ ਮੈਨੂੰ ਕਿਹਾ ਵੀ ਤਾਂ ਨਹੀਂ। ਮੈਂ ਕੀ ਕਰਾਂ। ਮੈਂ ਸੋਚਦੀ ਹਾਂ। "ਅੰਮਾ ਤੂੰ ਭਾਪਾ ਜੀ ਨੂੰ ਪੁੱਛ ਲਈ, ਕੀ ਪਤਾ ਉਨ੍ਹਾਂ ਨੂੰ ਕਿਹਾ ਹੋਵੇ।" ਆਖ ਮੈਂ ਆਪਣੇ ਸਿਰੋਂ ਬੋਝ ਲਾਹ ਦਿੰਦੀ ਹਾਂ। ਪਰ ਬੀਜੀ ਨੇ ਕਿਹਾ ਕਿਉਂ ਨਹੀਂ, ਇਹ ਮੈਨੂੰ ਚੰਗਾ ਨਹੀਂ ਲੱਗਦਾ। ਵਿਚਾਰੀ ਅੰਮਾ, ਮੈਂ ਸੋਚੀ ਜਾਂਦੀ ਹਾਂ।

ਅੰਮਾ ਕਦੀ ਵਿਹਲੀ ਨਹੀਂ ਬੈਠਦੀ ਹੈ। ਇਕ ਕੰਮ ਤੋਂ ਵਿਹਲੀ ਹੋ ਦੂਜਾ ਫੜ ਲੈਂਦੀ ਹੈ ਚਰਖਾ ਕੱਤਣਾ, ਸੂਤ ਅਟੇਰਨਾ, ਰੂਈਂ ਵੇਲਣੀ, ਦੁੱਧ ਰਿੜਕਣਾ, ਰੋਟੀ ਪਕਾਉਣੀ, – ਖੁਆਣੀ ਕਦੀ ਕਦੀ ਲਾਲਟੈਣ ਵੀ ਸਾਫ਼ ਕਰਨੀ ਜਾਂ ਹੋਰ ਕਈ ਨਿੱਕੇ ਨਿੱਕੇ ਕੰਮਾਂ ਨਾਲ ਨਿਆਣਿਆਂ ਨੂੰ ਲੈ ਹੱਥ ਵਿਚ ਪੱਖੀ ਫੜ ਬੈਠ ਜਾਂਦੀ ਹੈ ਡਿਊੜੀ ਵਿਚ ਮੰਜੀ ਡਾਹ – ਖੇਡ ਖਿਡੌਣੇ ਨਾਲ ਨਿਆਣਿਆਂ ਨੂੰ ਵਰਾਉਣ ਪਰਚਾਉਣ ਜਾਂ ਗਲੀ ਵਿਚ ਲੰਘੇ ਜਾਂਦੇ ਕਿਸੀ ਚੀਜ਼ ਵੇਚਦੇ ਤੋਂ ਚੁੰਨੀ ਦੇ ਲੜ ਨਾਲੋਂ ਪੈਸਾ ਧੇਲਾ ਦੇ ਜਾਂ ਦਾਣਿਆਂ ਵੱਟੇ ਨਿਆਣਿਆਂ ਦੀ ਮੰਗ ਪੂਰੀ ਕਰਨਾ ਵੀ ਆਉਂਦਾ ਹੈ ਅੰਮਾ ਨੂੰ ਤੇ ਗਲੀ ਚੋਂ ਲੰਘੇ ਹਰ ਆਉਂਦੇ ਜਾਂਦੇ ਦੀ ਸੁਖ ਸਾਂਦ ਪੁੱਛਣਾ – ਢੇਰ ਸਾਰੀਆਂ ਅਸੀਸਾਂ ਨਾਲ ਉਹਦੀ ਝੋਲੀ ਭਰ ਦੇਣੀ – ਇਹ ਅੰਮਾ ਦੇ ਮੁੱਖ ਧੰਦੇ ਹਨ।

ਇਕ ਦਿਨ ਅੰਮਾ ਨੇ ਖੱਦਰ ਦੇ ਇਕ ਟੋਟੇ ਤੇ ਲਕੜੀ ਦੇ ਠੱਪੇ ਨਾਲ, ਨੀਲ ਘੋਲ, ਫੁੱਲ ਛਾਪ ਦਿੱਤੇ ਹਨ ਮੈਨੂੰ – ਸਿਰਾਣਾ ਕੱਢਣ ਲਈ। (ਲੱਕੜੀ ਦੇ ਕਈ ਨਿੱਕੇ ਵੱਡੇ ਠੱਪੇ ਸਾਡੇ ਘਰ ਹੀ ਹਨ) ਲਾਲ, ਹਰੇ, ਨੀਲੇ, ਪੀਲੇ, ਡੀ ਐਮ ਸੀ ਧਾਗਿਆਂ ਨਾਲ ਜੀਹਨੂੰ ਆਮ ਤੀਮੀਂਆਂ 'ਡੈਮਸੀ' ਦੇ ਧਾਗੇ ਹੀ ਕਹਿੰਦੀਆਂ ਹਨ – ਅੰਮਾ ਇਕ ਵੱਡੀ ਸਾਰੀ ਸੂਈ 'ਕੰਦੂਈ' ਰਜਾਈਆਂ ਨਗੰਦਣ ਵਾਲੀ ਵੀ ਦੇ ਦਿੰਦੀ ਹੈ।

ਮੈਂ ਮੁਸ਼ਕਲ ਨਾਲ ਇਕ ਫੁੱਲ ਦੀ ਇਕ ਪਤੀ ਹੀ ਭਰਵੀਂ ਕਢਾਈ ਦੀ ਕਢਦੀ ਹਾਂ। ਕੱਢਣਾ ਨਹੀਂ ਆਉਂਦਾ ਹੈ – ਸਿਖਦੀ ਹਾਂ, ਪਰ ਡੰਡੀ ਟਾਂਕਾ ਤਾਂ ਮੈਂ ਅਰਾਮ ਨਾਲ ਕੱਢ ਲੈਂਦੀ ਹੈ। ਮੈਨੂੰ ਸੌਖਾ ਵੀ ਬਹੁਤ ਲਗਦਾ ਹੈ – ਬਾਕੀ ਸਾਰੇ ਫੁੱਲ ਪੱਤੇ ਮੈਂ ਉਲੀਕਵੇਂ ਹੀ ਕੱਢ ਕੁਝ ਦਿਨਾਂ ਵਿਚ ਹੀ ਮੁਕਾ ਦਿੰਦੀ ਹਾਂ – ਕਾਹਲ ਰਹਿੰਦੀ ਹੈ ਮੇਰੇ ਮਨ ਵਿਚ ਕੋਈ ਕੰਮ ਸ਼ੁਰੂ ਕਰ ਫੇਰ ਖ਼ਤਮ ਕਰਨ ਲਈ। ਸਿਰਾਣਾ ਕਢਿਆ ਜਾਂਦਾ ਹੈ ਪਰ ਉਹ ਭਰਵੀਂ ਪੱਤੀ ਲਾਲ ਫੁੱਲ ਦੀ ਅੱਡ ਹੀ ਦਿਖਦੀ ਹੈ – ਜਿਵੇਂ ਸਾਰੀ ਕਢਾਈ ਵਿਚ ਉਹ ਨਜ਼ਰ-ਬੱਟੂ ਹੋਵੇ ਪਰ ਅੰਮਾ ਤਾਂ ਅੰਤਾਂ ਦੀ ਖੁਸ਼ ਹੈ – ਜਿਹੜਾ ਮਿਲਦਾ ਉਹਨੂੰ ਚੁੱਕ ਚੁੱਕ ਕੇ ਦਿਖਾਉਂਦੀ ਹੈ। ਸਾਰੇ ਹੀ ਖੁਸ਼ ਹੁੰਦੇ ਹਨ ਬਾਈ ਸਣੇ ਤੇ ਮੈਂ ਵੀ ਕਿਤੇ ਪਰ ਇਹ ਇਕੋ ਸਿਰਾਣਾ ਹੈ ਪਹਿਲਾ ਵੀ ਹੈ ਤੇ ਆਖ਼ਰੀ ਵੀ ਜੋ ਮੈਂ ਕਢਦੀ ਹਾਂ ਤੇ ਬੱਸ।

ਘਰ ਬਾਹਰ ਖੇਤਾਂ ਵਿਚ ਸਭ ਥਾਈਂ ਮੈਂ ਅੰਮਾ ਦਾ ਪ੍ਰਛਾਵਾਂ ਬਣੀ ਰਹਿੰਦੀ ਹਾਂ– ਅੰਮਾ ਦੀ ਪੂੰਛ। ਅੰਮਾ ਰੋਟੀ ਪਕਾਉਂਦੀ ਹੈ ਮੈਂ ਚੁੱਲ੍ਹੇ ਮੂਹਰੇ ਬੈਠ ਜਾਂਦੀ ਹਾਂ।

ਕਾਠ ਦੀ ਪ੍ਰਾਤ ਵਿਚ ਜਦ ਮੱਕੀ ਦਾ ਆਟਾ ਮਲਦੀ – ਥੱਪ ਥੱਪ ਦੀ ਆਵਾਜ਼ – ਫੁਰਤੀ ਨਾਲ ਘੁੰਮਦੇ ਹੱਥ – ਸਲੀਕੇ ਨਾਲ ਥੱਪਦੀ ਦੂਜੇ ਹੱਥ ਤੇ ਰੋਟੀ ਪਾ – ਅੰਗਾਰਾਂ 'ਤੇ ਸੇਕਦੀ ਤੇ ਜੇ ਇਕ ਅੱਧਾ ਅੰਗਾਰ ਰੋਟੀ ਨੂੰ ਲੱਗ ਜਾਂਦਾ ਭਖਦਾ ਭਖਦਾ – ਹੱਥ ਨਾਲ ਹੀ ਝਾੜ ਦਿੰਦੀ ਹੈ – ਮੈਨੂੰ ਬਹੁਤ ਅਜੀਬ ਲਗਦਾ ਖਬਰਨੀ ਅੰਮਾ ਦੇ ਹੱਥ ਨਹੀਂ ਸੜਦੇ ਫੇਰ ਤਿੰਨ ਉਂਗਲੀਆਂ ਨਾਲ ਮੱਖਣੀ ਦੀ ਕੌਲੀ 'ਚੋਂ ਮੱਖਣੀ ਕੱਢ ਚੋਪੜਦੀ ਰੋਟੀ ਮਾਂ – ਨਰਮ ਨਰਮ ਗੁਦਗਦੀ ਰੋਟੀ – ਸਬਜ਼ੀ ਭਾਜੀ ਜਾਂ ਸਾਗ ਪਾ ਪਰੋਸਦੀ। ਰੋਟੀ ਪਕਾਉਂਦੀ ਅੰਮਾ ਸੰਦ ਘੱਟ ਹੀ ਵਰਤੀ ਹੈ, ਚਿਮਟਾ ਜਾਂ ਭੂਖਨਾ। ਪਰ ਜਦ ਚੁੱਲ੍ਹੇ ਦੀ ਅੱਗ ਕਣਤਾਉਂਦੀ ਹੈ – ਬਲਦੀ ਨਹੀਂ ਤਾਂ ਅੰਮਾ ਭੂਖਨੇ 'ਚ ਫੂਕਾਂ ਮਾਰ ਮਾਰ ਅੱਗ ਬਾਲਦੀ ਅੱਖਾਂ ਵਿਚ ਧੂਆਂ ਭਰ ਜਾਂਦਾ – ਹੰਝੂ ਨਿਕਲ ਆਉਂਦੇ ਤਾਂ ਮੈਂ ਅੰਮਾਂ ਨੂੰ ਕਹਿੰਦੀ ਹਟ ਜਾ ਅੰਮਾ ਮੈਂ ਬਾਲਦੀ ਹਾਂ – ਫੇਰ ਉਹ ਮੋਟਾ ਜਿਹਾ ਛੋਟਾ ਜਿਹਾ ਭੂਖਨਾ ਲੈ ਫੂਕਾਂ ਮਾਰ ਮਾਰ ਮੈਂ ਅੱਗ ਬਾਲਦੀ ਹਾਂ। ਅੱਗ ਬਲ ਜਾਣ 'ਤੇ ਅੰਤਾਂ ਦੀ ਅੰਦਰੋਂ ਖੁਸ਼ ਵੀ ਹੁੰਦੀ ਹਾਂ ਜਿਵੇਂ ਕੋਈ ਮੋਰਚਾ ਮਾਰ ਲਿਆ ਹੋਵੇ ਮੈਂ।

ਦੇਖਦੀ ਹਾਂ ਕਦੀ ਕਦੀ ਅੰਮਾ ਲੱਕੜ ਦਾ ਮੋਟਾ ਸਾਰਾ ਅੰਗਾਰ ਕੋਲ ਪਏ ਘੜੇ ਵਿਚ ਝਾੜ ਦਿੰਦੀ ਹੈ ਤੇ ਉਪਰੋਂ ਬੰਦ ਕਰ ਦਿੰਦੀ ਹੈ ਚੱਪਣ ਨਾਲ। ਇੰਜ ਅੰਗਾਰ ਬੁਝ ਬੁਝ ਕੇ ਹੌਲੀ ਹੌਲੀ ਘੜਾ ਕੋਲਿਆਂ ਦਾ ਭਰ ਜਾਂਦਾ ਹੈ।

ਇਕ ਵਾਰ ਅੰਮਾ ਦਾ ਚਾਬੀਆਂ ਦਾ ਗੁੱਛਾ ਖੋ ਜਾਂਦਾ ਹੈ। ਕਿੱਥੇ ਕਿੱਥੇ ਨਹੀਂ ਲੱਭਦੀਆਂ ਅਸੀਂ – ਅੰਦਰ, ਬਾਹਰ, ਖੂਹ 'ਤੇ, ਢੇਰਾਂ 'ਤੇ, ਉੱਧਰ ਗੁਹਾਰਿਆਂ ਤੇ ਵੀ ਜਾ ਜਿੱਥੇ ਜਿੱਥੇ ਅੰਮਾ ਗਈ ਹੋਣੀ ਆ, ਸਾਰੀਆਂ ਥਾਵਾਂ 'ਤੇ ਜਾ ਜਾ ਕਿਤੋਂ ਨਹੀਂ ਲੱਭਦਾ। ਅੰਤ ਨੂੰ ਇਸੇ ਕੋਲਿਆਂ ਵਾਲੇ

ਬਾਕੀ ਸਫ਼ਾ 30 'ਤੇ


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
1 color in 1 position. Min Qty. 100
YOUR LOGO HERE
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

# ਜਿਗਿਆਸਾ ਦਿਮਾਗ਼ ਉੱਤੇ ਕੀ ਅਸਰ ਪਾਉਂਦੀ ਹੈ

**ਡਾ. ਹਰਸ਼ਿੰਦਰ ਕੌਰ, ਐਮ. ਡੀ.**
(ਫੋਨ ਨੰ: 0175-2216783)

ਇਕ ਕਮਰੇ ਵਿਚ ਇਕ ਨਿੱਕੀ ਜਿਹੀ ਨੀਲੀ ਡੱਬੀ ਪਈ ਸੀ। ਉਸ ਸਾਧਾਰਨ ਡੱਬੀ ਉੱਤੇ ਕੁੱਝ ਲਿਖਿਆ ਨਹੀਂ ਸੀ ਹੋਇਆ। ਉਸਦੇ ਆਲੇ-ਦੁਆਲੇ ਬਹੁਤ



ਚੋਟੀ ਦੇ ਵਿਗਿਆਨੀ ਤੇ ਬੁੱਧੀਜੀਵੀ ਬੈਠੇ ਸਨ। ਸਭ ਨੂੰ ਕਿਹਾ ਗਿਆ ਕਿ ਕਮਰੇ ਦੀ ਹਰ ਚੀਜ਼ ਘੋਖੋ, ਛੇੜੋ ਤੇ ਪਰਖੋ ਕਿਉਂਕਿ ਪੂਰਾ ਕਮਰਾ ਪੁਰਾਤਨ ਚੀਜ਼ਾਂ ਨਾਲ ਭਰਿਆ ਪਿਆ ਹੈ, ਪਰ ਇੱਕ ਗ਼ੱਲ ਦਾ ਧਿਆਨ ਰੱਖਿਓ ਕਿ ਇਹ ਨੀਲੀ ਡੱਬੀ ਬਿਲਕੁਲ ਨਹੀਂ ਛੇੜਨੀ। ਖੋਲ੍ਹਣ ਬਾਰੇ ਤਾਂ ਸੋਚਿਓ ਵੀ ਨਾ।

ਉਨ੍ਹਾਂ ਨੂੰ ਦੱਸੇ ਬਗ਼ੈਰ ਕਮਰੇ ਦੇ ਕੋਨਿਆਂ ਵਿਚ ਬਰੀਕ ਕੈਮਰੇ ਲਗਾ ਦਿੱਤੇ ਹੋਏ ਸਨ। ਸਾਰੇ ਜਣੇ ਆਲੇ-ਦੁਆਲੇ ਚੀਜ਼ਾਂ ਵੇਖਣ ਲੱਗੇ ਪਰ ਕੈਮਰੇ ਰਾਹੀਂ ਪਤਾ ਲੱਗਿਆ ਕਿ ਆਲੇ-ਦੁਆਲੇ ਇਕ ਨਜ਼ਰ ਘੁਮਾਉਣ ਬਾਅਦ ਹਰ ਕਿਸੇ ਨੇ ਨੀਲੀ ਡੱਬੀ ਨੂੰ ਚੰਗੀ ਤਰ੍ਹਾਂ ਨਿਹਾਰਿਆ। ਸਾਰੇ ਹੀ ਜਣੇ ਨੀਲੀ ਡੱਬੀ ਵੱਲ ਖਿੱਚੇ ਮਹਿਸੂਸ ਹੋ ਰਹੇ ਸਨ। ਕੁੱਝ ਜਣੇ ਤਾਂ ਆਪਣੀਆਂ ਕੁਰਸੀਆਂ ਤੋਂ ਉੱਠ ਦੂਜੇ ਪਾਸੇ ਜਾਣ ਤੋਂ ਪਹਿਲਾਂ ਉਸ ਡੱਬੀ ਦੇ ਬਿਲਕੁਲ ਨੇੜਿਓਂ ਹੋ ਕੇ ਲੰਘੇ ਤੇ ਪੂਰੀ ਨੀਝ ਲਾ ਕੇ ਤੱਕਿਆ। ਪ੍ਰਤੱਖ ਦਿਸ ਰਿਹਾ ਸੀ ਕਿ ਨੀਲੀ ਡੱਬੀ ਨੇ ਸਭ ਨੂੰ ਆਪਣੇ ਵੱਲ ਬਦੋਬਦੀ ਖਿੱਚ ਲਿਆ ਹੋਇਆ ਸੀ। ਅਖ਼ੀਰ ਜਦੋਂ ਰਿਹਾ ਹੀ ਨਾ ਗਿਆ ਤਾਂ ਇੱਕ ਬੁੱਧੀਜੀਵੀ ਨੇ ਕਹਿ ਹੀ ਦਿੱਤਾ, "ਭਲਾਂ ਕੀ ਹੋ ਸਕਦਾ ਹੈ ਇਸ ਨਿੱਕੀ ਜਿਹੀ ਨੀਲੀ ਡੱਬੀ ਵਿਚ, ਜਿਹੜਾ ਬਿਲਕੁਲ ਹੀ ਵਰਜਿਤ ਸਮਾਨ ਹੈ? ਵੇਖੀਏ ਤਾਂ ਸਹੀ, ਹੈ ਕੀ?"

ਬਾਕੀ ਜਣੇ ਜਿਵੇਂ ਇਸੇ ਗ਼ੱਲ ਦੀ ਹੀ ਉਡੀਕ ਕਰ ਰਹੇ ਸਨ। ਸਭ ਨੇ ਹਾਮੀ ਭਰ ਦਿੱਤੀ। ਫੇਰ ਕੀ ਸੀ। ਝਟਪਟ ਦੋ ਤਿੰਨ ਜਣੇ ਅਗਾਂਹ ਹੋਏ ਤੇ ਡੱਬੀ ਦਾ ਢੱਕਣ ਚੁੱਕ ਦਿੱਤਾ। ਡੱਬੀ ਖਾਲੀ ਸੀ। ਉਨੀ ਹੀ ਦੇਰ ਨੂੰ ਤਿੰਨ ਮਨੋਵਿਗਿਆਨੀ ਬਾਹਰੋਂ ਅੰਦਰ ਵੜੇ ਤੇ ਕਹਿਣ ਲੱਗੇ, "ਅਸੀਂ ਇਸੇ ਉੱਤੇ ਹੀ ਖੋਜ ਕਰ ਰਹੇ ਸੀ। ਆਮ ਬੰਦਾ ਤਾਂ ਵਰਜਿਤ ਚੀਜ਼ ਵੱਲ ਝਟਪਟ ਦੌੜਦਾ ਹੈ। ਵੇਖਣਾ ਇਹ ਸੀ ਕਿ ਚੋਟੀ ਦੇ ਸਮਝਦਾਰ ਬੰਦੇ ਕੀ ਕਰਦੇ ਹਨ?"

ਇਹ ਹਕੀਕਤ ਹੈ। ਸਾਡਾ ਦਿਮਾਗ਼ ਹੈ ਹੀ ਇੰਜ ਦਾ ਕਿ ਰੋਕੀ ਹੋਈ ਚੀਜ਼ ਵੱਲ ਜ਼ਿਆਦਾ ਖਿੱਚਿਆ ਜਾਂਦਾ ਹੈ।

ਅਜਿਹੀ ਜਿਗਿਆਸਾ ਵਾਸਤੇ ਵੀ ਕੁਦਰਤ ਨੇ ਸਾਡੇ ਦਿਮਾਗ਼ ਵਿਚ ਇਕ ਕੇਂਦਰ ਬਣਾਇਆ ਹੋਇਆ ਹੈ। ਡਾ. ਮੈਥੀਅਸ ਗਰੂਬਰ ਨੇ ਡੇਵਿਸ ਵਿਚਲੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਖੇ ਇਕ ਮਜ਼ੇਦਾਰ ਖੋਜ ਕੀਤੀ। ਉਸ ਨੇ ਕਈ ਬੰਦਿਆਂ ਨੂੰ ਕੰਪਿਊਟਰ ਸਾਹਮਣੇ ਬਿਠਾ ਕੇ ਇੱਕ ਅਣਜਾਣ ਬੰਦੇ ਦੀ ਤਸਵੀਰ ਵਿਖਾਈ ਤੇ ਉਸ ਬਾਰੇ ਕੁੱਝ ਸਵਾਲ ਪੁੱਛੇ। ਹਰ ਸਵਾਲ ਦਾ ਸਹੀ ਜਵਾਬ ਕੰਪਿਊਟਰ ਵਿਚ ਆਪਣੇ ਆਪ 14 ਸਕਿੰਟ ਬਾਅਦ ਲਿਖਿਆ ਦਿਸ ਜਾਂਦਾ ਸੀ। ਉਸ ਸਮੇਂ ਵਿਚ ਸਾਰਿਆਂ ਦੀ ਐਮ.ਆਰ.ਆਈ. ਸਕੈਨ ਕੀਤੀ ਗਈ। ਇਹ ਵੇਖਣ ਵਿਚ ਆਇਆ ਕਿ ਜਿਨ੍ਹਾਂ ਨੂੰ ਕੁੱਝ ਜਾਣਨ ਦੀ ਇੱਛਾ ਸੀ, ਉਨ੍ਹਾਂ ਨੇ ਚਿਹਰਾ ਚੰਗੀ ਤਰ੍ਹਾਂ ਘੋਖਿਆ ਸੀ, ਜ਼ਿਆਦਾ ਸਹੀ ਜਵਾਬ ਦਿੱਤੇ ਸਨ ਤੇ ਅਜਿਹੇ ਸੈਸ਼ਨ ਤੋਂ ਬਾਅਦ ਸਵਾਲਾਂ ਦੇ ਜਵਾਬਾਂ ਨੂੰ ਪੂਰੀ ਤਰ੍ਹਾਂ ਯਾਦ ਵੀ ਰੱਖ ਲਿਆ ਸੀ।

ਐਮ.ਆਰ.ਆਈ. ਸਕੈਨ ਰਾਹੀਂ ਪਤਾ ਲੱਗਿਆ ਕਿ ਵੱਧ ਜਿਗਿਆਸਾ ਵਾਲੇ ਲੋਕਾਂ ਦੇ ਦਿਮਾਗ਼ ਦੇ ਇੱਕ ਹਿੱਸੇ ਵਿਚ ਵੱਧ ਹਲਚਲ ਹੋਈ ਸੀ ਤੇ ਉਨ੍ਹਾਂ ਦੇ ਦਿਮਾਗ਼ ਵਿਚਲੇ ਸੈੱਲਾਂ ਵਿਚ ਵੀ ਵੱਧ ਹਰਕਤ ਹੋਈ ਸੀ ਜਿਸ ਨਾਲ ਸੁਣੇਹਾ ਅੱਗੇ ਤੱਕ ਯਾਨੀ ਯਾਦਾਸ਼ਤ ਸੈਂਟਰ ਤਕ ਪਹੁੰਚ ਗਿਆ ਸੀ। ਜਿਨ੍ਹਾਂ ਨੂੰ ਜਵਾਬ ਯਾਦ ਰਹਿ ਗਏ ਸਨ, ਉਨ੍ਹਾਂ ਸਾਰਿਆਂ ਦਾ 24 ਘੰਟੇ ਬਾਅਦ ਦੁਬਾਰਾ ਐਮ.ਆਰ.ਆਈ. ਸਕੈਨ ਕੀਤਾ ਗਿਆ। ਜਿਨ੍ਹਾਂ ਨੂੰ ਜਿਗਿਆਸਾ ਵੱਧ ਸੀ, ਉਨ੍ਹਾਂ ਦੇ ਦਿਮਾਗ਼ ਵਿਚ 24 ਘੰਟੇ ਬਾਅਦ ਵੀ ਹਰਕਤ ਹੁੰਦੀ ਦਿਸੀ।

ਡਾ. ਗਰੂਬਰ ਨੇ ਨਤੀਜੇ ਕੱਢੇ ਕਿ ਜਿਸ ਨੂੰ ਵੱਧ ਜਾਨਣ ਦੀ ਚਾਹ ਹੋਵੇ, ਉਸ ਦਾ ਦਿਮਾਗ਼ ਜ਼ਿਆਦਾ ਦੇਰ ਚੁਸਤ ਦਰੁਸਤ ਰਹਿੰਦਾ ਹੈ ਤੇ ਅਜਿਹੇ ਬੱਚੇ ਜ਼ਿਆਦਾ ਚੰਗੀ ਤਰ੍ਹਾਂ ਗ਼ੱਲ ਨੂੰ ਸਮਝ ਕੇ ਲੰਮੇ ਸਮੇਂ ਤੱਕ ਯਾਦ ਰੱਖ ਸਕਦੇ ਹਨ।

ਰੱਟੂ ਤੋਤੇ ਗ਼ੱਲ ਨੂੰ ਬਹੁਤ ਦੇਰ ਯਾਦ ਨਹੀਂ ਰੱਖ ਸਕਦੇ। ਜੇ ਰੱਖਦੇ ਵੀ ਹਨ ਤਾਂ ਉਸ ਗ਼ੱਲ ਨੂੰ ਲਾਗੂ ਕਰਨ ਵਿਚ ਮਾਰ ਖਾ ਜਾਂਦੇ ਹਨ।

ਦਿਮਾਗ਼ ਵਿਚਲਾ ਡੋਪਾਮੀਨ' ਜੋ ਸੁਨੇਹੇ ਅੱਗੇ ਪਹੁੰਚਾਉਂਦਾ ਹੈ, ਤੇ ਦਿਮਾਗ਼ ਦੇ ਸੈੱਲ ਰਵਾਂ ਰੱਖਦਾ ਹੈ, ਇਨ੍ਹਾਂ ਲੋਕਾਂ ਵਿਚ, ਜੋ ਜਿਗਿਆਸੂ ਹੋਣ, ਵੱਧ ਹੁੰਦਾ ਹੈ ਤੇ ਨਵੀਆਂ ਕਾਢਾਂ ਕੱਢਣ ਵਿਚ ਸੈੱਲਾਂ ਦੇ ਸੁਣੇਹੇ ਝੱਟਪਟ ਅਗਾਂਹ ਪਿਛਾਂਹ ਭੇਜਣ ਵਿਚ ਮਦਦ ਕਰਦਾ ਹੈ ਤੇ ਨਤੀਜੇ ਕੱਢਣ ਵਿਚ ਵੀ।

ਇਕ ਹੋਰ ਚੀਜ਼ ਜੋ ਖ਼ੋਜ ਰਾਹੀਂ ਲੱਭੀ, ਉਹ ਸੀ, ਜਿਗਿਆਸੂ ਦਿਮਾਗ਼ ਵਿਚਲੇ 'ਹਿੱਪੋਕੈਂਪਸ' ਹਿੱਸੇ ਵਿਚ ਸਾਰੀਆਂ ਵੇਖੀਆਂ ਸੁਣੀਆਂ ਚੀਜ਼ਾਂ ਦਾ ਪਹੁੰਚ ਕੇ ਯਾਦ ਬਣਨਾ ਅਤੇ ਉੱਥੋਂ ਵਾਪਸ ਨੱਕ, ਜੀਭ, ਚਮੜੀ, ਕੰਨਾਂ ਤੇ ਅੱਖਾਂ ਨੂੰ ਸੁਣੇਹਾ ਜਾਣਾ। ਇਸਦਾ ਮਤਲਬ ਹੈ ਵੇਖੀ, ਸੁਣੀ, ਸੁੰਘੀ, ਛੋਹੀ ਤੇ ਚੱਖੀ ਚੀਜ਼ ਬਾਰੇ ਸਾਰੀ ਨਿੱਕੀ ਤੋਂ ਨਿੱਕੀ ਜਾਣਕਾਰੀ ਦਿਮਾਗ਼ ਤੱਕ ਪਹੁੰਚਣੀ ਤੇ ਚੋਖੀ ਦੇਰ ਟਿਕੀ ਵੀ ਰਹਿਣੀ।

ਇਸ ਖੋਜ ਦੇ ਆਧਾਰ ਉੱਤੇ ਨਾ ਸਿਰਫ਼ ਬੀਮਾਰੀਆਂ ਦਾ ਇਲਾਜ ਕਰਨਾ ਸੌਖਾ ਹੋ ਗਿਆ ਬਲਕਿ ਵਿਗਿਆਰਥੀਆਂ ਦੇ ਪੜਾਉਣ ਵਿਚ ਵੀ ਬਹੁਤ ਮਦਦ ਮਿਲੀ।

ਵਡੇਰੀ ਉਮਰ ਵਿਚ ਡੋਪਾਮੀਨ ਦਾ ਘਟਣਾ ਤੇ ਯਾਦਾਸ਼ਤ ਘਟਣੀ ਆਮ ਹੀ ਵੇਖਣ ਵਿਚ ਆਉਂਦੀ ਹੈ। ਇੰਜ ਹੀ ਵਿਦਿਆਰਥੀਆਂ ਨੂੰ ਪੜ੍ਹਾਉਣ ਵੇਲੇ ਕਿਸੇ ਬੋਰਿੰਗ ਲੈਕਚਰ ਦੌਰਾਨ ਡੋਪਾਮੀਨ ਕਿਤੇ ਖੂੰਜੇ 'ਚ ਵੜ ਕੇ ਬਹਿ ਜਾਂਦੀ ਹੈ ਤੇ ਵਿਦਿਆਰਥੀ ਸਿਵਾਏ ਉਬਾਸੀਆਂ ਮਾਰਨ ਜਾਂ ਸੌਣ ਤੋਂ ਇਲਾਵਾ ਕੁੱਝ ਨਹੀਂ ਕਰਦੇ। ਅਜਿਹੀ ਕਲਾਸ ਤੋਂ ਬਾਅਦ ਇਕ ਵੀ ਅਜਿਹਾ ਹਰਫ਼ ਨਹੀਂ ਜਿਹੜਾ ਪੁੱਛੇ ਜਾਣ ਉੱਤੇ ਵਿਦਿਆਰਥੀ ਯਾਦ ਕਰ ਕੇ ਦੱਸ ਸਕਣ।

ਇਸ ਖੋਜ ਤੋਂ ਬਾਅਦ ਅਨੇਕ ਦੇਸਾਂ ਵਿਚ ਯਾਦਾਸ਼ਤ ਵਧਾਉਣ ਲਈ ਖੋਜਾਂ ਕੀਤੀਆਂ ਗਈਆ ਤੇ ਹਰ ਥਾਂ ਉੱਤੇ ਇਹੀ ਨਤੀਜਾ ਨਿਕਲਿਆ ਕਿ ਜਿਗਿਆਸੂ ਹੋਣਾ ਬਹੁਤ ਜ਼ਰੂਰੀ ਹੈ। ਜਿਗਿਆਸਾ ਵਧਾਉਣਾ ਕੋਈ ਔਖਾ ਨਹੀਂ ਤੇ ਨਾ ਹੀ ਵੱਡੇ-ਵੱਡੇ ਮਾਹਿਰ ਮਨੋਵਿਗਿਆਨੀਆਂ ਦੀ ਲੋੜ ਪੈਂਦੀ ਹੈ।

ਜਿਹੜੇ ਕੁਦਰਤ ਵੱਲੋਂ ਹੀ ਜਿਗਿਆਸੂ ਹੋਣ, ਉਨ੍ਹਾਂ ਨੇ ਆਪੇ ਹੀ ਲਾਇਕ ਬਣ ਕੇ ਚੋਟੀ ਉੱਤੇ ਪਹੁੰਚ ਜਾਣਾ ਹੁੰਦਾ ਹੈ। ਕੁਦਰਤ ਨੇ ਹਰ ਬੱਚੇ ਨੂੰ ਜੰਮਣ ਸਮੇਂ ਖੋਜੀ ਸੁਭਾਓ ਦੇ ਕੇ ਭੇਜਿਆ ਹੁੰਦਾ ਹੈ। ਉਸਨੇ ਹਰ ਚੀਜ਼ ਉੱਤੇ ਸਵਾਲ ਪੁੱਛ-ਪੁੱਛ ਕੇ ਮਾਪਿਆਂ ਨੂੰ ਬੇਹਾਲ ਕਰ ਦੇਣਾ ਹੁੰਦਾ ਹੈ। ਜਿਹੜੇ ਮਾਪੇ ਬੱਚੇ ਦੀ ਉਤਸੁਕਤਾ ਵੱਲ ਧਿਆਨ ਨਾ ਦੇਣ ਤੇ ਝਿੜਕ ਕੇ ਚੁੱਪ ਕਰਵਾ ਦੇਣ, ਉਹ ਬੱਚੇ ਦਾ ਬੌਧਿਕ ਵਿਕਾਸ ਖ਼ਤਮ ਕਰ ਰਹੇ ਹੁੰਦੇ ਹਨ। ਜਿਹੜੇ ਮਾਪੇ ਬੱਚੇ ਦੇ ਸਵਾਲਾਂ ਦੇ ਜਵਾਬ ਵੀ ਦੇਣ ਅਤੇ ਉਸੇ ਵਰਗਾ ਕੋਈ ਹੋਰ ਸਵਾਲ ਵੀ ਅੱਗੋਂ ਕਰ ਦੇਣ, ਉਹ ਆਪਣੇ ਬੱਚੇ ਨੂੰ ਉੱਚ ਕੋਟੀ ਦਾ ਗਿਆਨੀ ਬਣਾ ਰਹੇ ਹੁੰਦੇ ਹਨ।

ਮਸਲਨ, ਬੱਚੇ ਨੇ ਕੀੜੀ ਨੂੰ ਵੇਖ ਕੇ ਪੁੱਛਿਆ, "ਇਹ ਕੀ?" ਮਾਂ ਨੇ ਦੱਸਆ "ਕੀੜੀ।" ਬੱਚੇ ਦੇ ਦਿਮਾਗ਼ੀ ਕੰਪਿਊਟਰ ਨੇ ਸ਼ਬਦ ਪਹਿਲੀ ਵਾਰ ਸੁਣਿਆ ਹੈ ਤਾਂ ਉਹ ਫੇਰ ਪੁੱਛੇਗਾ, "ਇਹ ਕੀ?" ਜਿਵੇਂ ਮੋਬਾਈਲ ਵਿਚ ਲੌਕ ਭਰਨ ਸਮੇਂ ਮੋਬਾਈਲ ਵੀ ਦੋ ਜਾਂ ਤਿੰਨ ਵਾਰ ਪੁੱਛਦਾ ਹੈ ਕਿ ਉਹੀ ਲੌਕ ਦੁਬਾਰਾ ਭਰੋ, ਉਂਜ ਹੀ ਬੱਚੇ ਦਾ ਦਿਮਾਗ਼ ਫੇਰ ਪੁੱਛਦਾ ਹੈ। ਮਾਂ ਨੇ ਦੂਜੀ ਵਾਰ ਵੀ ਜਵਾਬ ਦਿੱਤਾ ਤਾਂ ਬੱਚੇ ਨੇ ਤੀਜੀ ਵਾਰ ਫੇਰ ਉਹੀ ਸਵਾਲ ਪੁੱਛਣਾ ਹੈ।

ਜੇ ਮਾਂ ਖਿੱਝ ਕੇ ਬੱਚੇ ਨੂੰ ਚੁੱਕ ਕੇ ਤੁਰ ਪਈ ਤਾਂ ਸਮਝੋ ਬੱਚੇ ਦੇ ਜਿਗਿਆਸੂ ਹੋਣ ਦੇ ਆਸਾਰ ਅੱਧੇ ਰਹਿ ਗਏ। ਜੇ ਹਮੇਸ਼ਾ ਹੀ ਇੰਜ ਹੁੰਦਾ ਰਹੇ ਤਾਂ ਬੱਚਾ ਔਸਤ ਜਾਂ ਘੱਟ ਬੁੱਧੀ ਦਾ ਬਣ ਜਾਏਗਾ।

ਜੇ ਇਸਦੀ ਥਾਂ ਦੱਸ ਵਾਰ ਕੀੜੀ' ਕਹਿ ਕੇ ਫੇਰ ਅੱਗੋਂ ਮਕੌੜਾ ਵਿਖਾ ਕੇ-ਵੱਡੀ ਕੀੜੀ-ਮਕੌੜਾ', ਕਹਿ ਕੇ ਸਮਝਾਇਆ ਜਾਵੇ ਤੇ ਫੇਰ ਸੁੰਡੀ ਜਾਂ ਤਿਤਲੀ ਵਿਖਾਈ ਜਾਏ, ਤਾਂ ਮਾਂ ਆਪਣੇ ਬੱਚੇ ਦੀ ਹੋਰ ਜਾਨਣ ਦੀ ਚਾਹ ਵਧਾ ਰਹੀ ਹੋਵੇਗੀ ਤੇ ਡੋਪਾਮੀਨ ਵੀ। ਇਸ ਦਾ ਮਤਲਬ ਹੈ ਅਜਿਹੇ ਬੱਚੇ ਦਾ ਬੌਧਿਕ ਵਿਕਾਸ ਉੱਚ ਕੋਟੀ ਦਾ ਹੋਵੇਗਾ।

ਹੁਣ ਗ਼ੱਲ ਕਰੀਏ ਵਿਦਿਆਰਥੀਆਂ ਦੀ, ਜਿਨ੍ਹਾਂ ਨੂੰ ਬੋਰਿੰਗ ਕਲਾਸ ਪੜ੍ਹਨੀ ਪੈ ਰਹੀ ਹੈ। ਅਜਿਹੀ ਕਲਾਸ ਵਿਚ ਨਿੱਕੀ ਕਹਾਣੀ, ਚਿੱਤਰ, ਪਹੇਲੀ, ਕਲਾਸ ਦੇ ਵਿਸ਼ੇ ਨਾਲ ਆਧਾਰਿਤ ਕੋਈ ਖੋਜ ਵਗੈਰਾਹ ਜੇ ਕਲਾਸ ਵਿਚ ਸ਼ਾਮਲ ਕਰ ਲਈ ਜਾਏ ਤਾਂ ਹਰ ਵਿਦਿਆਰਥੀ ਦੇ ਸਿਰ ਅੰਦਰਲਾ ਹਿੱਪੋਕੈਂਪਸ ਹਰਕਤ ਕਰਦਾ ਰਹੇਗਾ ਤੇ ਨਾ ਚਾਹੁੰਦਿਆਂ ਹੋਇਆਂ ਵੀ ਬੋਰਿੰਗ ਕਲਾਸ ਯਾਦਗਾਰੀ ਬਣ ਜਾਏਗੀ।

ਜੇ ਬੁਢੇਪੇ ਦੀ ਗ਼ੱਲ ਕਰੀਏ ਤਾਂ ਉੱਥੇ ਜਿਗਿਆਸਾ ਦਾ ਵੱਧ ਹੋਣਾ ਬਹੁਤ ਜ਼ਿਆਦਾ ਜ਼ਰੂਰੀ ਹੈ। ਆਮ ਹੀ ਲੋਕ ਆਪਣੇ ਮਾਪਿਆਂ ਨੂੰ ਸੱਤਰਿਆ-ਬਹੱਤਰਿਆ ਕਹਿ ਕੇ ਖੂੰਜੇ ਲਾ ਛੱਡਦੇ ਹਨ ਤੇ ਉਨ੍ਹਾਂ ਤੋਂ ਕੁੱਝ ਸਲਾਹ ਮਸ਼ਵਰਾ ਵੀ ਲੈਣਾ ਪਸੰਦ ਨਹੀਂ ਕਰਦੇ। ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਹਿੱਪੋਕੈਂਪਸ ਤੇ ਡੋਪਾਮੀਨ ਆਪਣਾ ਕੰਮ ਕਾਰ ਘਟਾ ਦਿੰਦੇ ਹਨ ਤੇ ਹੌਲੀ-ਹੌਲੀ ਦਿਮਾਗ਼ ਸੁੰਗੜਨਾ ਸ਼ੁਰੂ ਹੋ ਜਾਂਦਾ ਹੈ। ਜਿਗਿਆਸਾ ਪੈਦਾ ਕਰਨ ਨਾਲ ਜ਼ਿਆਦਾ ਦੇਰ ਤੱਕ ਦਿਮਾਗ਼ ਰਵਾਂ ਰੱਖਿਆ ਜਾ ਸਕਦਾ ਹੈ। ਇਸ ਵਾਸਤੇ ਕੁੱਝ ਵੀ ਨਵਾਂ ਕੀਤਾ ਜਾ ਸਕਦਾ ਹੈ। ਮਸਲਨ ਸ਼ੀਸ਼ੇ ਦੇ ਇੱਕ ਭਾਂਡੇ ਵਿਚ ਗਿੱਲਾ ਰੂੰਅ ਰੱਖ ਕੇ, ਉਸ ਵਿੱਚ ਬੀਜ ਪਾ ਦਿਓ। ਉਸਨੂੰ ਰੋਜ਼ ਪੁੰਗਰਦੇ ਵੇਖਣਾ ਤੇ ਪੱਤੀਆਂ ਦੇ ਨਾਲ-ਨਾਲ ਜੜਾਂ ਦਾ ਵਧਣਾ ਵੇਖਣਾ ਵੀ ਜਿਗਿਆਸਾ ਪੈਦਾ ਕਰਦਾ ਹੈ। ਕਿਸੇ ਖੇਡ ਨਾਲ ਜੁੜਨਾ ਤੇ ਉਸ ਵਿਚਲੇ ਜੇਤੂ ਬੰਦੇ ਨਾਲ ਅੰਤ ਤਕ ਜੁੜੇ ਰਹਿਣਾ, ਜਿਵੇਂ, ਚੈੱਸ, ਕੈਰਮ, ਗੀਟੀਆਂ ਜਾਂ ਕਿਸੇ ਰਹੱਸਮਈ ਨਾਵਲ ਨੂੰ ਪੜ੍ਹਨਾ, ਕਿਸੇ ਸੁੰਡੀ ਨੂੰ ਤਿਤਲੀ ਬਣਦੇ ਵੇਖਣਾ, ਵਗੈਰਾਹ। ਇਸ ਤਰ੍ਹਾਂ ਬੁਢੇਪੇ ਵਿਚ ਵੀ ਡੋਪਾਮੀਨ ਦਾ ਰਿਵਾਰਡ ਸਰਕਟ' ਬਣਦਾ ਰਹਿੰਦਾ ਹੈ। ਰਿਵਾਰਡ ਸਰਕਟ ਵਿਚ ਬਾਹਰਲੀ ਕਿਸੇ ਨਵੀਂ ਚੀਜ਼ ਵਿੱਚੋਂ ਸਕਾਰਾਤਮਕ ਊਰਜਾ ਲੈ ਕੇ ਦਿਮਾਗ਼ ਡੋਪਾਮੀਨ ਨੂੰ ਹਿੱਪੋਕੈਂਪਸ ਵੱਲ ਧੱਕਣ ਲੱਗ ਪੈਂਦਾ ਹੈ। ਹਿੱਪੋਕੈਂਪਸ ਫੇਰ ਦਿਮਾਗ਼ ਨੂੰ ਹੋਰ ਸਿੱਖਣ ਤੇ ਯਾਦ ਰੱਖਣ ਲਈ ਤਰੋਤਾਜ਼ਾ ਕਰ ਦਿੰਦਾ ਹੈ।

ਇੱਕ ਗ਼ੱਲ ਪੱਕੀ ਹੋ ਗਈ ਕਿ ਕੁੱਝ ਨਵਾਂ ਪਨਪ ਜਾਣ ਜਾਂ ਜਿੱਤਣ ਦੇ ਇਹਸਾਸ ਨੇ ਹੀ ਵੱਡੀ ਉਮਰ ਵਿਚ ਦਿਮਾਗ਼ ਜਵਾਨ ਰੱਖਣਾ ਹੈ। ਇਹ ਖੋਜ ਸਾਇੰਸ ਡੇਲੀ' ਰਿਸਾਲੇ ਵਿਚ ਅਕਤੂਬਰ 2014 ਵਿਚ ਛਪ ਚੁੱਕੀ ਹੋਈ ਹੈ ਕਿ ਸਿਰਫ਼ ਵਧੀਆ ਸਰੀਰਕ ਸਿਹਤ ਹੀ ਨਹੀਂ ਬਲਕਿ ਦਿਮਾਗ਼ ਨੂੰ ਚੁਸਤ ਰੱਖਣ ਲਈ ਵੀ ਪ੍ਰੇਰਨਾ ਦੀ ਵੱਧ ਲੋੜ ਹੁੰਦੀ ਹੈ ਤੇ ਪ੍ਰੇਰਨਾ ਲੈਣ ਲਈ ਸਕਾਰਾਤਮਕ ਊਰਜਾ ਦੀ ਲੋੜ ਹੈ ਜੋ ਜਿਗਿਆਸਾ ਨਾਲ ਯਾਨੀ ਹੋਰ ਸਿੱਖਣ ਦੀ ਚਾਹ ਨਾਲ ਹੀ ਪੈਦਾ ਹੁੰਦੀ ਹੈ।

ਬਸ ਹੁਣ ਉਡੀਕਿਓ ਨਾ, ਝਟਪਟ ਨਵੀਆਂ ਚੀਜ਼ਾਂ ਸਿੱਖਣ ਵੱਲ ਲੱਗ ਪਵੋ। ਉਮਰ ਦਾ ਕੋਈ ਤਕਾਜ਼ਾ ਨਹੀਂ।



***ਬਾਕੀ***

## ਕੰਨ੍ਹੇੜੀ ਚੜ੍ਹੇ ਵਰ੍ਹੇ

ਘੜੇ 'ਚੋਂ ਹੀ ਮੈਂ ਲੱਭ ਕੇ ਦਿੰਦੀ ਹਾਂ। ਖ਼ਬਰੇ ਕੋਲ ਖੇਡਦੇ ਕਿਸੀ ਨਿਆਣੇ ਨੇ ਅਣਜਾਣੇ ਵਿਚ ਸੁੱਟ ਦਿੱਤਾ ਹੋਵੇ - ਅਸੀਂ ਸੋਚਦੀਆਂ ਹਾਂ।

ਉਂਜ ਆਪਣੀਆਂ ਚਾਬੀਆਂ ਦਾ ਗੁੱਛਾ ਤਾਂ ਅੰਮਾ ਸਦਾ ਨਾਲੇ ਨਾਲ ਹੀ ਬੰਨ੍ਹ ਕੇ ਰਖਦੀ ਹੈ। ਪਤਾ ਨਹੀਂ ਕਾਹਦੀਆਂ ਕਾਹਦੀਆਂ ਚਾਬੀਆਂ ਹਨ। ਅੰਮਾ ਦੇ ਸੰਦੂਕ ਦਾ ਰੋਪੜੀ ਤਾਲਾ ਵੀ ਇਨ੍ਹਾਂ ਚਾਬੀਆਂ ਵਿਚੋਂ ਹੀ ਕਿਸੇ ਇਕ ਨਾਲ ਖੁਲ੍ਹਦਾ ਹੈ ਪਰ ਅੰਮਾ ਦੇ ਸੰਦੂਕ ਦਾ ਹੇਠਲਾ ਗੁਪਤ ਖਾਨਾ ਉਹਨੂੰ ਤਾਂ ਚਾਬੀ ਦੀ ਲੋੜ ਹੀ ਨਹੀਂ ਪੈਂਦੀ ਹੈ - ਉਹ ਤਾਂ ਅੰਮਾ ਵਿਚ ਵੱਡੇ ਸਾਰੇ ਇਸ ਲੋਹੇ ਦੇ ਗਜ਼ ਨਾਲ ਹੀ ਖੋਲ੍ਹ ਲੈਂਦੀ ਹੈ ਪਤਾ ਨੀ ਕਿਵੇਂ - ਇਹ ਤਾਂ ਅੰਮਾ ਹੀ ਜਾਣਦੀ ਹੈ। ਚੱਲੋ ਆਪਾਂ ਕੀ ਲੈਣਾ।

ਆਜੋ ਐਧਰ ਜਿਥੇ ਅੰਮਾ ਦੁੱਧ ਦੀ ਕਾੜ੍ਹਨੀ ਤੇ ਪਲਾ ਲਈ ਬੈਠੀ ਹੈ ਤੇ ਆਸੇ ਪਾਸੇ ਨਿਆਣੇ ਆਪਣਾ ਆਪਣਾ ਕਟੋਰਾ ਲਈ ਘੇਰੀ ਬੈਠੀ ਹਨ ਅੰਮਾ ਨੂੰ - ਅੰਮਾ ਪਲੇ ਨਾਲ ਵਾਰੋ ਵਾਰੀ ਸਾਰਿਆਂ ਨਿਆਣਿਆਂ ਨੂੰ ਦੁੱਧ ਠੰਢਾ ਕਰਕੇ ਪਾਈ ਜਾ ਰਹੀ ਹੈ ਪਰ ਦੁੱਧ ਨਾਲੋਂ ਵੀ ਵੱਧ ਝਾਕ ਹੁੰਦੀ ਹੈ ਸਾਨੂੰ ਨਿਆਣਿਆਂ ਨੂੰ 'ਖੁਰਚਣ' ਦੀ।

ਦੁੱਧ ਵਰਤਾ ਅੰਤ ਵਿਚ ਸਿੱਪੀ ਨਾਲ ਉਹ ਖੁਰਚਣ ਲਾਹੁੰਦੀ ਹੈ ਰਗੜ ਰਗੜ ਕੇ - ਫਿੱਕੀ ਫਿੱਕੀ ਥੋੜ੍ਹੀ ਮਿੱਠੀ ਮਿੱਠੀ ਗੁਲਾਬੀ ਰੰਗੀ ਖੁਰਚਣ ਤਲੀਆਂ 'ਤੇ ਧਰਦੀ ਹੈ ਸਾਰਿਆਂ ਦੇ ਪ੍ਰਸਾਦ ਵਾਂਗੂੰ ਤੇ ਆਪ ਦੁੱਧ ਵਧਾਉਣ ਚਲੀ ਜਾਂਦੀ ਹੈ - ਪੀੜ੍ਹੀ 'ਤੇ ਪਈ ਚਾਟੀ ਵਿਚ - ਢੱਕ ਸੁਆਰ ਰੱਸੀ ਦੀ ਵੱਡੀ ਸਾਰੀ ਛਿੱਕਲੀ ਨਾਲ ਕੱਸ ਦਿੰਦੀ ਹੈ ਚਾਟੀ - ਪੀੜ੍ਹੀ ਦੇ ਪਾਵਿਆਂ ਨਾਲ।

ਇਕ ਅੰਮਾ ਦੀ ਖਾਸ ਗੱਲ ਹੋਰ ਵੀ ਹੈ। ਜਦੋਂ ਅਸੀਂ ਸ਼ਿਮਲੇ ਜਾਣਾ ਹੁੰਦਾ ਸਾਰੇ ਘਰ ਦੇ ਆ ਜਾਂਦੇ ਸੜਕ 'ਤੇ ਬੱਸ ਚੜ੍ਹਾਉਣ। ਬਸ ਆਉਂਦੀ ਹੈ ਚਲੀ ਜਾਂਦੀ ਹੈ ਜਾਣ ਵਾਲਿਆਂ ਨੂੰ ਨਾਲ ਲੈ - ਮਾਨੋ ਅੰਮਾ ਦੇ ਅੰਦਰੋਂ ਤਾਂ ਜਿਵੇਂ ਰੁੱਗ ਭਰਿਆ ਜਾਂਦਾ ਹੋਵੇ। ਹੌਲੀ ਹੌਲੀ ਘਰ ਦੇ ਮੁੜਨ ਲਗਦੇ ਹਨ, ਮੁੜ ਜਾਂਦੇ ਹਨ। ਪਰ ਅੰਮਾ ਸਿਰ ਤੇ ਦੁਪੱਟਾ (ਝੋਨਾ) 'ਕੱਠਾ ਕਰ ਰੱਖੀ, ਲੱਕ ਤੇ ਹੱਥ ਧਰੀ - ਦੂਰ ਦੂਰ ਤਕ ਜਿੱਥੇ ਤਕ ਅੰਮਾ ਨੂੰ ਬੱਸ ਦਿਖਦੀ ਰਹਿੰਦੀ -ਖੜੀ ਦੇਖਦੀ ਰਹਿੰਦੀ ਹੈ, ਬੱਸ ਅੱਖੋਂ ਓਹਲੇ ਹੁੰਦੀ ਤਾਂ ਕਿਤੇ ਮੁੜਦੀ।

ਮੈਂ ਉਸ ਸੜਕ ਤੋਂ ਲੰਘਦੀ ਹਾਂ ਅੱਜ ਵੀ ਅੰਮਾ ਮੈਨੂੰ ਉਥੇ ਹੀ ਖੜ੍ਹੀ ਦਿਖਦੀ ਹੈ ਉਵੇਂ ਹੀ ਜਿਵੇਂ ਉਹ ਕਿਤੇ ਗਏ ਹੀ ਨਾ ਹੋਵੇ।

ਉਂਜ ਬਹੁਤ ਉਮਰ ਤੱਕ ਰਹੀ ਹੈ ਅੰਮਾ ਸਾਡੇ ਨਾਲ। ਦਹੋਤੇ, ਦੋਹਤੀਆਂ, ਪੋਤੇ ਪੋਤੀਆਂ ਦੇ ਕਾਰਜ ਉਹਨੇ ਆਪ ਕੀਤੇ ਹਨ, ਆਪਣੀ ਹੱਥੀਂ।

ਅੱਜ ਵੀ ਜਦੋਂ ਮੈਂ ਪੱਖੇ ਹੇਠ ਪਈ ਹੁੰਦੀ ਹਾਂ ਮੈਨੂੰ ਅੰਮਾ ਯਾਦ ਆ ਜਾਂਦੀ ਹੈ।

ਚੰਡੀਗੜ੍ਹ ਜਦ ਅਸੀਂ ਆ ਗਏ - ਅੰਮਾ ਵੀ ਆਉਂਦੀ ਹੈ ਸਾਡੇ ਕੋਲ। ਪੱਖੇ ਥੱਲੇ ਪਈ ਹੈ ਸੁੱਤੀ। ਹੱਥ ਵਿਚ ਪੱਖੀ ਹੈ, ਰੁਕ ਰੁਕ ਕੇ ਝੱਲ ਮਾਰੀ ਜਾਂਦੀ ਹੈ।

"ਅੰਮਾ ਹਵਾ ਉਪਰੋਂ ਪੱਖੇ ਦੀ ਆ ਰਹੀ ਹੈ ਜਾਂ ਤੇਰੀ ਇਸ ਪੱਖੀ ਦੀ ?" ਮੈਂ ਅੰਮਾ ਨੂੰ ਅੱਧ-ਸੁੱਤੀ ਜਹੀ ਨੂੰ ਪੁੱਛਦੀ ਹਾਂ।

ਅੰਮਾ ਦੀ ਅੱਖ ਖੁੱਲ੍ਹ ਜਾਂਦੀ ਹੈ, "ਹਵਾ ਤਾਂ ਮੁੰਨੀ ਪੱਖੇ ਦੀ ਹੀ ਆਉਂਦੀ ਹੋਊ। ਊਂ ਜੈ ਰੋਈ ਆਦਤ ਜੀ ਪਈ ਹੋਈ ਐ। ਜਦ ਬਿਜਲੀ ਨੀ ਹੁੰਦੀ ਜਾਂ ਵਿਹੜੇ ਵਿਚ ਪਏ ਹੋਈਏ ਆਏਂ ਹੀ ਝਲਦਿਆਂ ਝਲਦਿਆਂ ਦਾ ਢੌਂਕਾਂ ਲੱਗ ਜਾਂਦਾ ਹੈ-ਵਿਚ ਨੂੰ।" ਅੰਮਾ ਆਪਣਾ ਪੱਖ ਪੂਰਦੀ ਹੈ ਪਰ ਅਸੀਂ ਅੰਮਾ ਦੀਆਂ ਗੱਲਾਂ ਕਰ ਕਰ ਨਿਰੇ ਹੱਸਦੇ ਜਦ ਰਲ ਬੈਠਦੇ ਹਾਂ ਤੇ ਅੰਤਾਂ ਦੇ ਖੁਸ਼ ਹੁੰਦੇ ਹਾਂ। ਜਦ ਹਰ ਕੋਈ ਆਪਣੀ ਆਪਣੀ ਹੱਡ ਬੀਤੀ ਪਾਉਂਦਾ ਹੈ।

ਇਹ ਹੈ ਅੰਮਾ, ਨਾਨੀ। ਉਹਦੀ ਹੱਡ ਬੀਤੀ, ਸਾਡੇ ਸਾਰਿਆਂ ਦੀ ਜ਼ਬਾਨੀ।

**(ਬਾਕੀ ਅਗਲੇ ਅੰਕ 'ਚ)**

## ਵਿਪਸਾਅ ਵਲੋਂ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲ ਵਿਸ਼ੇਸ਼ ਮਿਲਣੀ

ਡਾ. ਸੁਰਜੀਤ ਸਿੰਘ ਭੱਟੀ ਨੂੰ ਜਾਣਦੇ ਹਨ। ਉਨ੍ਹਾਂ ਡਾ. ਬਲਵਿੰਦਰਜੀਤ ਕੌਰ ਭੱਟੀ ਦੇ ਖੋਜ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀਵਨ ਮੁੱਲਾਂ ਦਾ ਫ਼ਲਸਫ਼ਾ ਹੈ ਅਤੇ ਮੈਨੂੰ ਜਿੰਦੇ ਸਰੋਕਾਰਾਂ ਵਾਲੀ ਹਰ ਰਚਨਾ ਹੀ ਟੁੰਬਦੀ ਹੈ। ਇਸ ਤੋਂ ਬਾਅਦ ਡਾ. ਭੱਟੀ ਨੇ ਆਪਣੇ ਜੀਵਨ ਦੀ ਸੰਘਰਸ਼ਮਈ ਗਾਥਾ ਸੁਣਾਉਂਦੇ ਹੋਏ ਆਪਣੇ ਔਰਤ ਹੋਣ ਤੇ ਮਾਣ ਮਹਿਸੂਸ ਕੀਤਾ। ਉਨ੍ਹਾਂ ਕਿਹਾ ਕਿ ਮੈਂ ਇਸ ਮੁਕਾਮ ਤੇ ਸੰਘਰਸ਼ ਕਰ ਕੇ ਪੁੱਜੀ ਹਾਂ। ਮੇਰੀ ਪੁਸਤਕ ਵਿਸ਼ੇਸ਼ਤਾ ਸਿੱਖ ਇਤਿਹਾਸ ਹੈ। ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਪਸਾਰ ਲਈ ਬਹੁਤ ਕੰਮ ਕਰ ਰਹੀ ਹੈ ਅਤੇ ਪਰਵਾਸ ਵਿਚ ਤੁਹਾਡੇ ਵਲੋਂ ਪੰਜਾਬੀ ਸਾਹਿਤ ਲਈ ਕੀਤਾ ਜਾ ਰਿਹਾ ਕੰਮ ਕਾਬਿਲੇ-ਤਾਰੀਫ਼ ਹੈ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਢੁੱਕਵੇਂ ਜਵਾਬ ਦਿੰਦਿਆਂ ਡਾ. ਭੱਟੀ ਨੇ ਕਿਹਾ ਕਿ ਜੇ ਕਰ ਬਾਬਾ ਨਾਨਕ ਅੱਜ ਇਸ ਦੁਨੀਆਂ ਵਿਚ ਆ ਜਾਏ ਤਾਂ ਧਾਹਾਂ ਮਾਰ ਕੇ ਰੋਵੇ ਕਿ ਜਿਸ ਸਮਾਜ ਦੀ ਕਲਪਨਾ ਮੈਂ ਕੀਤੀ ਸੀ ਉਹ ਕਿਸ ਤਰ੍ਹਾਂ ਦਾ ਹੋ ਗਿਐ? ਸਵਾਲਾਂ ਦਾ ਸਿਲਸਿਲਾ ਖ਼ਤਮ ਹੋਇਆ ਤਾਂ ਡਾ. ਭੱਟੀ ਨੇ ਬਹੁਤ ਹੀ ਸੁਰੀਲੀ ਅਵਾਜ਼ ਵਿਚ ਪੰਜਾਬੀ ਗੀਤ ਪੇਸ਼ ਕੀਤੇ। ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਰਦੀਪ, ਗੁਲਸ਼ਨ ਦਿਆਲ, ਰੇਸ਼ਮ, ਜਗਜੀਤ ਨੌਸ਼ਿਹਰਵੀ, ਨੀਲਮ ਸੈਣੀ, ਸੁਰਿੰਦਰ ਸਿੰਘ ਸੀਰਤ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਵਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਦੇ ਅੰਤ ਤੇ ਡਾ. ਬਲਵਿੰਦਰਜੀਤ ਕੌਰ ਭੱਟੀ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਆਪ ਸਭ ਦੇ ਰੂਬਰੂ ਹੋਣ ਦਾ ਮੌਕਾ ਮਿਲਿਆ ਹੈ। ਮੈਂ ਇਸ ਸ਼ਾਮ ਨੂੰ ਸਦਾ ਯਾਦ ਰੱਖਾਂਗੀ। ਇਸ ਮੌਕੇ ਜੇ ਕੇ ਅਕੈਡਮੀ ਵਲੋਂ ਪ੍ਰਕਾਸ਼ਿਤ ਪੰਜਾਬੀ ਮੈਗਜ਼ੀਨ ਸ਼ੀਰਾਜ਼ਾ ਦੇ ਪਿਛਲੇ ਚਾਰ ਅੰਕ ਲੋਕ ਅਰਪਣ ਕੀਤੇ ਗਏ। ਵਿਪਸਾਅ ਬੇ ਏਰੀਆ ਦੇ ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਇਸ ਮੈਗਜ਼ੀਨ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਦਾ ਇਸ ਉੱਦਮ ਲਈ ਵਿਸ਼ੇਸ਼ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕੁਲਵਿੰਦਰ ਨੇ ਬਾਖ਼ੂਬੀ ਨਿਭਾਇਆ ਅਤੇ ਪ੍ਰੋ. ਬਲਜਿੰਦਰ ਸਿੰਘ, ਮਨਜੀਤ ਪਲੇਹੀ, ਲਾਜ ਸੈਣੀ ਅਤੇ ਡਾ. ਸਤਵਿੰਦਰ ਦਾ ਉਚੇਚੀ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ।

## ਦਰਬਾਰ ਸਾਹਿਬ ਉੱਤੇ ਭਾਰਤ ਸਰਕਾਰ ਵੱਲੋਂ ਹਮਲੇ ਦੀ ਯਾਦ 'ਚ ਸਿੱਖ ਫਰੀਡਮ ਮਾਰਚ

ਉਨ੍ਹਾਂ ਕਿਹਾ ਕਿ ਵੱਖਰੀ ਸਿੱਖ ਸਟੇਟ ਹੀ ਇਸ ਸਮੱਸਿਆ ਦਾ ਇਕੋ ਇਕ ਹੱਲ ਹੈ।

ਸਮਾਗਮ ਦੇ ਮੁੱਖ ਬੁਲਾਰਿਆਂ ਭਾਈ ਬਲਬੀਰ ਸਿੰਘ ਰਾਗੀ, ਡਾ ਹੁਮਾ ਦਾਰ ਕਸ਼ਮੀਰ ਤੋਂ, ਭਾਈ ਹਰਪ੍ਰੀਤ ਸਿੰਘ ਟੋਰਾਂਟੋ, ਭਾਈ ਸੁੱਖਾ ਸਿੰਘ ਇੰਗਲੈਂਡ ਤੋਂ ਇਲਾਵਾ ਸਥਾਨਕ ਆਗੂਆਂ ਵੀ ਅਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਇਸ ਮੌਕੇ ਬੋਲਦਿਆਂ ਕਸ਼ਮੀਰ ਸੰਘਰਸ਼ ਦੀ ਆਗੂ ਡਾ. ਹੁਮਾ ਦਾਰ ਨੇ ਆਪਣੀ ਪ੍ਰਭਾਵਸਾਲੀ ਤਕਰੀਰ ਚ ਕਿਹਾ ਕਿ ਮੈਂ ਇਸ ਗੱਲੋਂ ਪਭਾਵਤ ਹੋਈ ਹਾਂ ਕਿ ਸਿੱਖਾ ਦੇ ਬੱਚਿਆਂ ਨੂੰ ਵੀ ਅਪਣੇ ਨਾਲ ਹੋਈਆਂ ਜ਼ਿਆਦਤੀਆਂ ਦਾ ਪਤਾ ਹੈ। ਉਨਾਂ ਕਿਹਾ ਕਿ ਕਸਮੀਰ ਤੇ ਲੋਕਾਂ ਨੇ ਤੇ ਸਿੱਖਾਂ ਨੇ ਭਾਰਤੀ ਹਕੂਮਤ ਤੋਂ ਬਰਾਬਰ ਦਰਦ ਹੰਢਾਇਆ ਤੇ ਸਿੱਖ ਤੇ ਕਸਮੀਰੀ ਅਜਾਦੀ ਤੱਕ ਜੂਝਦੇ ਰਹਿਣਗੇ।

ਭਾਈ ਹਰਪ੍ਰੀਤ ਸਿੰਘ ਟੋਰੰਟੋ ਨੇ ਵੱਖ ਵੱਖ ਸਰਕਾਰਾਂ ਵਲੋ ਸਿੱਖਾਂ ਨਾਲ ਹੁੰਦੀਆਂ ਜਿਆਦਤੀਆਂ ਦਾ ਵੇਰਵਾ ਖੁੱਲ੍ਹ ਕੇ ਸੰਗਤਾਂ ਅੱਗੇ ਰੱਖਿਆ ਤੇ ਕਿਹਾ ਸਾਨੂੰ ਕੁੱਤਿਆਂ ਵਾਂਗ ਮਾਰਿਆ ਗਿਆ ਤੇ ਅੱਜ ਤੱਕ ਇਨਸਾਫ ਨਹੀਂ ਮਿਲਿਆ।

ਭਾਈ ਸੁੱਖਾ ਸਿੰਘ, ਜੋ ਇੰਗਲੈਂਡ ਤੋਂ ਆਏ ਸਨ, ਨੇ ਵੀ ਸਹੀਦ ਸਿੰਘਾ ਦੀਆਂ ਸਹੀਦੀਆ ਤੇ ਭਾਰਤੀ ਸਰਕਾਰ ਵਲੋਂ ਕੀਤੀ ਗਈ ਸਿੱਖਾਂ ਦੀ ਨਸਲਕੁਸੀ ਦੀ ਅਸਿਹ ਦਾਸਤਾਨ ਬਿਆਨ ਕੀਤੀ।

ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਅਸੀ ਇਥੇ ਹਰ ਸਾਲ ਇਕੱਠੇ ਹੁੰਦੇ ਹਾਂ ਤੇ ਦਰਬਾਰ ਸਾਹਿਬ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਗਏ ਸਾਡੇ ਭਰਾਵਾਂ ਤੇ ਭੈਣਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ। ਉਨਾਂ ਨੇ ਕਿਹਾ ਕਿ ਅਸੀ ਉਨਾਂ ਨੂੰ ਕਦੀ ਵੀ ਭੁਲ ਨਹੀਂ ਸਕਦੇ ਤੇ ਨਾ ਹੀ ਕਦੀ ਭੁਲਾਉਣਾ ਚਾਹੀਦਾ ਹੈ। ਉਨਾਂ ਨੇ ਕਿਹਾ ਕਿ ਵੱਖਰਾ ਸਿੱਖ ਰਾਜ ਹੀ ਸਿੱਖਾਂ ਦੀ ਸੁਰਖਿਆ ਦਾ ਇਕੋ ਇਕ ਹੱਲ ਹੈ। ਅਪਰੇਸ਼ਨ ਬਲਿਊ ਸਟਾਰ ਭਾਰਤੀ ਇਤਿਹਾਸ ਵਿਚ ਇਕ ਕਦੀ ਨਾ ਮਿਟਣ ਵਾਲਾ ਕਾਲਾ ਧੱਬਾ ਬਣ ਗਿਆ ਜਿਸ ਦੌਰਾਨ ਭਾਰਤੀ ਫੌਜ ਨੇ ਕਿਸੇ ਸਿਆਸੀ ਆਗੂ ਦੀ ਗ੍ਰਿਫਤਾਰੀ ਜਾ ਮਾਰਨ ਲਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਖੁਦਮੁਖਤਿਆਰੀ ਦੀ ਮੰਗ ਕਰ ਰਹੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਗਿਆ ਸੀ। ਪਰ ਦਰਬਾਰ ਸਾਹਿਬ ਦੀ ਬੇਹੁਰਮਤੀ ਖਿਲਾਫ ਡੱਟੇ ਸਿੱਖਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦੀ ਅਗਵਾਈ ਵਿਚ ਭਾਰਤੀ ਫੌਜ ਦਾ ਡਟਕੇ ਮੁਕਾਬਲਾ ਕੀਤਾ ਸੀ। ਇਸ ਹਮਲੇ ਦੀ ਕੋਈ ਜਾਂਚ ਨਹੀਂ ਕਰਵਾਈ ਗਈ ਕਿਸੇ ਨੂੰ ਜਵਾਬਦੇਹ ਨਹੀਂ ਬਣਾਇਆ ਗਿਆ।

ਇਸ ਵਿਸ਼ਾਲ ਸਮਾਗਮ ਵਿੱਚ ਜਿੱਥੇ ਦੂਰ ਨੇੜਿਓਂ ਸਿੱਖ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਚ ਸ਼ਾਮਲ ਹੋਏ ਉੱਥੇ ਸਿੱਖ ਭਾਈਚਾਰੇ ਦੇ ਲੀਡਰ ਵੀ ਵੱਡੀ ਗਿਣਤੀ ਵਿੱਚ ਪਹੁੰਚੇ, ਜਿਨਾਂ ਚ ਡਾ. ਪ੍ਰਿਤਪਾਲ ਸਿੰਘ ਏ ਜੀ ਪੀ ਸੀ, ਸ. ਜੌਹਨ ਸਿੰਘ ਗਿੱਲ, ਸ. ਜਸਜੀਤ ਸਿੰਘ ਸ. ਸੰਤ ਸਿੰਘ ਹੋਠੀ, ਸ. ਹਰਪ੍ਰੀਤ ਸਿੰਘ ਸੰਧੂ, ਸ. ਹਰਜੋਤ ਸਿੰਘ ਖਾਲਸਾ, ਬਲਵੰਤ ਸਿੰਘ ਵਿਰਕ, ਭਾਈ ਜਸਵਿੰਦਰ ਸਿੰਘ ਜੰਡੀ, ਪ੍ਰੋਫੈਸਰ ਲਾਲੀ ਧਨੋਆ, ਭਿੰਦਾ ਗਾਖਲ, ਕੁਲਜੀਤ ਸਿੰਘ ਨਿੱਝਰ, ਹਰਨੇਕ ਸਿੰਘ ਅਟਵਾਲ, ਸ. ਬਲਰਾਜ ਸਿੰਘ ਢਿਲੋਂ, ਜਸਦੇਵ ਸਿੰਘ, ਕਸਮੀਰ ਸਿੰਘ ਸਾਹੀ, ਦਰਸਨ ਸਿੰਘ ਅਤੇ ਹੋਰ ਪਤਵੰਤੇ ਸ਼ਾਮਲ ਸਨ। ਇਸ ਮੌਕੇ ਧਾਰਮਿਕ ਸਟੇਜ ਤੋਂ ਸਾਰੀ ਕਾਰਵਾਈ ਸ ਦਵਿੰਦਰ ਸਿੰਘ ਬੱਬਰ ਨੇ ਚਲਾਈ। ਭਾਵੇਂ ਸਟੇਜ ਤੇ ਮੁੱਖ ਬੁਲਾਰਿਆਂ ਨੂੰ ਕਾਫੀ ਬਾਅਦ ਚ ਬੁਲਾਇਆ ਗਿਆ ਪਰ ਫਿਰ ਵੀ ਸੈਨ ਫਰਾਂਸਿਸਕੋ ਦੇ ਸਵਿਕ ਸੈਂਟਰ ਦੀ ਖੁੱਲੀ ਪਾਰਕ ਚ ਠੰਡੀ ਹਵਾ ਦੇ ਬਾਵਜੂਦ ਸਿੱਖ ਸੰਗਤ ਸਮਾਗਮ ਦੇ ਅਖੀਰ ਤੱਕ ਬੁਲਾਰਿਆਂ ਨੂੰ ਸੁਣਦੀ ਰਹੀ। ਇਸ ਮੌਕੇ ਸਹੀਦਾਂ ਦੇ ਪਰਿਵਾਰਾਂ ਦੇ ਰਿਸ਼ਤੇਦਾਰਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨ ਦਿੱਤਾ ਗਿਆ।

ਵਰਨਣਯੋਗ ਹੈ ਕਿ 6 ਜੂਨ 1606 ਨੂੰ ਗੁਰੂ ਅਰਜਨ ਦੇਵ ਜੀ ਨੂੰ ਭਾਰਤ ਦੇ ਉਸ ਵੇਲੇ ਦੇ ਮੁਗਲ ਸ਼ਾਸ਼ਕ ਜਹਾਂਗੀਰ ਨੇ ਤਸੀਹੇ ਦੇ ਕੇ ਮੌਤ ਦੀ ਸਜ਼ਾ ਦਿੱਤੀ ਸੀ ਜਦੋਂ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਵਲੋਂ ਰੱਬ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਤੋਂ ਰੋਕਣੋਂ ਇਨਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਨੇ ਸੁਨੇਹਾ ਦਿੱਤਾ ਸੀ ਕਿ ਪ੍ਰਮਾਤਮਾ ਇਕ ਹੈ ਤੇ ਉਸ ਦੁਆਰਾ ਪੈਦਾ ਕੀਤੇ ਜੀਵ ਬਰਾਬਰ ਹਨ ਤੇ ਉਨ੍ਹਾਂ ਨਾਲ ਇਕੋ ਜਿਹਾ ਵਿਹਾਰ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਨੂੰ ਸਜ਼ਾ ਦੇਣ ਲਈ ਤੱਤੀ ਤਵੀ 'ਤੇ ਬਿਠਾਇਆ ਗਿਆ। ਤੇ ਉਪਰੋ ਗਰਮ ਰੇਤ ਪਾਈ ਗਈ। ਏਨੇ ਤਸੀਹਿਆਂ ਮਗਰੋਂ ਗੁਰੂ ਅਰਜਨ ਦੇਵ ਜੀ ਨੂੰ ਦਰਿਆ ਵਿਚ ਨਹਾਇਆ ਗਿਆ। ਹਜ਼ਾਰਾਂ ਪ੍ਰਤੱਖ ਦਰਸੀਆਂ ਅਨੁਸਾਰ ਗੁਰੂ ਸਾਹਿਬ ਉਸ ਤੋਂ ਬਾਅਦ ਬਾਹਰ ਨਹੀਂ ਆਏ। ਇਸ ਦਿਹਾੜੇ 'ਤੇ ਗੁਰੂ ਨੂੰ ਸੱਜਦਾ ਕਰਦਿਆਂ ਹਜ਼ਾਰਾਂ ਸਿੱਖਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਸਿੱਖ ਧਰਮ ਬਾਰੇ ਪੱਛਮ ਦੇ ਉੱਘੇ ਖੋਜੀ ਵਿਦਵਾਨ ਜੋਇਸ ਜੇ ਐਮ ਪੈਟੀਗਰੀਊ ਅਨੁਸਾਰ ਸਿੱਖ ਕਤਲੇਆਮ, ਜਿਸ ਨੂੰ ਸਾਕਾ ਨੀਲਾ ਤਾਰਾ ਵਜੋਂ ਜਾਣਿਆ ਜਾਂਦਾ ਹੈ, ਨੂੰ ਭਾਰਤ ਦੇ ਸਭ ਤੋਂ ਭਿਆਨਕ ਅਤਿਆਚਾਰਾਂ ਵਿਚੋਂ ਇਕ ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ, "ਦਰਬਾਰ ਸਾਹਿਬ ਵਿਚ ਭਾਰਤੀ ਫੌਜ ਕਿਸੇ ਸਿਆਸੀ ਸ਼ਖ਼ਸ਼ੀਅਤ ਜਾਂ ਸਿਆਸੀ ਲਹਿਰ ਨੂੰ ਖ਼ਤਮ ਕਰਨ ਲਈ ਦਾਖ਼ਲ ਨਹੀਂ ਸੀ ਹੋਈ ਸਗੋਂ ਲੋਕਾਂ ਦੇ ਸਭਿਆਚਾਰ ਨੂੰ ਖ਼ਤਮ ਕਰਨ ਲਈ, ਉਨ੍ਹਾਂ ਦੇ ਦਿਲਾਂ ਨੂੰ ਵਲੂੰਦਰਨ ਲਈ, ਉਨ੍ਹਾਂ ਦੇ ਆਤਮ ਵਿਸ਼ਵਾਸ ਨੂੰ ਕੁਚਲਣ ਲਈ ਦਾਖ਼ਲ ਹੋਈ ਸੀ।" ਭਾਰਤੀ ਫੌਜ ਦੀਆਂ 6 ਬਟਾਲੀਅਨਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਭਾਰਤੀ ਫੌਜ ਨੇ ਹਥਿਆਰਾਂ ਨਾਲ ਲੈਸ ਹੋ ਕੇ ਨਿਹੱਥੇ ਲੋਕਾਂ 'ਤੇ ਹਮਲਾ ਕੀਤਾ। ਸਿੱਖ ਕਤਲੇਆਮ ਦੀ ਘਟਨਾ 3 ਤੋਂ 6 ਜੂਨ, 1984 ਦੌਰਾਨ ਵਾਪਰੀ ਸੀ। ਸਿਰਫ਼ ਦਰਬਾਰ ਸਾਹਿਬ ਹੀ ਨਹੀਂ, ਭਾਰਤੀ ਫੌਜ ਨੇ ਪੰਜਾਬ ਦੇ ਕਰੀਬ 43 ਗੁਰੂ ਘਰਾਂ 'ਤੇ ਹਮਲੇ ਕੀਤੇ। ਸਿੱਖਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਅਗਵਾਈ ਹੇਠ 3 ਦਿਨ ਭਾਰਤੀ ਫੌਜ ਦਾ ਮੁਕਾਬਲਾ ਕੀਤਾ।

ਇਸ ਸੰਘਰਸ਼ ਨੂੰ 'ਅੰਮ੍ਰਿਤਸਰ ਦਾ ਯੁੱਧ' ਵੱਲੋਂ ਵੀ ਜਾਣਿਆ ਜਾਂਦਾ ਹੈ। ਕਾਂਗਰਸ ਦੀ ਅਗਵਾਈ ਵਾਲੀ ਭਾਰਤ ਸਰਕਾਰ ਵੱਲੋਂ ਕੀਤੀ ਇਸ ਕਾਰਵਾਈ, ਨਿਆਂ ਬਾਰੇ ਹਾਲੇ ਤੱਕ ਬਹਿਸ ਜਾਰੀ ਹੈ।

## ਅਕਾਲੀ-ਭਾਜਪਾ ਤੇ ਸ਼੍ਰੋਮਣੀ ਕਮੇਟੀ ਵਲੋਂ ਕੈਪਟਨ ਸਰਕਾਰ ਖ਼ਿਲਾਫ਼ ਧਰਨੇ

ਇਸੇ ਲੜੀ ਤਹਿਤ ਬਠਿੰਡਾ ਜ਼ਿਲ੍ਹੇ ਵਿੱਚ ਗੁਰਦੁਆਰੇ ਦੀ ਬੇਸ਼ਕੀਮਤੀ ਜ਼ਮੀਨ 'ਤੇ ਕਾਂਗਰਸੀ ਆਗੂਆਂ ਨੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਸਨੌਰ ਹਲਕੇ ਦੇ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇਸ਼ ਦੀ ਪਹਿਲੀ ਅਜਿਹੀ ਸਰਕਾਰ ਸਾਬਤ ਹੋਈ ਹੈ, ਜਿਸ ਨੇ ਚੱਲਦੇ ਵਿਕਾਸ ਕਾਰਜ ਰੋਕ ਕੇ ਗ੍ਰਾਂਟ ਵਾਪਸ ਮੰਗਵਾ ਲਈ ਹੈ। ਉਨ੍ਹਾਂ ਕਿਹਾ ਕਿ ਹਰ ਘਰ ਨੌਕਰੀ ਦਾ ਵਾਅਦਾ ਕਰਨ ਵਾਲੀ ਸਰਕਾਰ ਨੇ ਸਭ ਤੋਂ ਪਹਿਲੀ ਨੌਕਰੀ ਬੇਅੰਤ ਸਿੰਘ ਦੇ ਪਰਿਵਾਰ ਨੂੰ ਦਿੱਤੀ ਹੈ। ਪੰਜਾਬ ਦੇ ਲੱਖਾਂ ਨੌਜਵਾਨ ਨੌਕਰੀਆਂ ਤੇ ਸਰਕਾਰੀ ਮੋਬਾਈਲ ਫੋਨ ਉਡੀਕ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਹਾਲੇ ਤੱਕ ਠੱਲ੍ਹ ਨਹੀਂ ਪਈ ਹੈ।

**ਕਾਂਗਰਸ ਨੇ ਉਡਾਇਆ ਮਜ਼ਾਕ :**

ਚੰਡੀਗੜ੍ਹ :ਪੰਜਾਬ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪੱਧਰੀ ਵਿਰੋਧ ਪ੍ਰਦਰਸ਼ਨ ਨੂੰ ਬੇਅਰਥ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ ਜਦੋਂ ਸੱਤਾ ਵਿੱਚ ਸੀ ਤਾਂ ਸਿੱਖ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਵਿੱਚ ਅਸਫ਼ਲ ਰਿਹਾ ਤੇ ਹੁਣ ਆਪਣੀ ਅਸਫ਼ਲਤਾ ਤੋਂ ਧਿਆਨ ਹਟਾਉਣ ਲਈ ਵਿਰੋਧ ਪ੍ਰਦਰਸ਼ਨਾਂ ਦਾ ਸਹਾਰਾ ਲੈ ਰਿਹਾ ਹੈ। ਇੱਥੇ ਜਾਰੀ ਬਿਆਨ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬਹੁਤੇ ਆਗੂਆਂ ਨੇ ਅਕਾਲੀ ਦਲ ਦੇ ਇਸ ਕਦਮ ਨੂੰ ਸੂਬੇ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਦੱਸਿਆ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨਾਂ ਹਰਿੰਦਰ ਸਿੰਘ ਭਾਂਬਰੀ, ਸੁਖਪਾਲ ਸਿੰਘ ਭੁੱਲਰ, ਬਲਬੀਰ ਸਿੰਘ ਸਿੱਧੂ ਅਤੇ ਨਰਿੰਦਰ ਸਿੰਘ ਭਲੇਰੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਵਿਰਾਸਤੀ ਸਟਰੀਟ 'ਚ ਸ਼ਰਾਬ ਦੀ ਇਸ਼ਤਿਹਾਰਬਾਜ਼ੀ ਦੇ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਇਹ ਪਾਰਟੀ ਖ਼ੁਦ ਹੀ ਇਸ ਮਾਮਲੇ 'ਤੇ ਨਿਸ਼ਾਨਾ ਬਣ ਗਈ ਕਿਉਂਕਿ ਐਲ. ਈ.ਡੀ. ਸਕਰੀਨਾਂ ਨੂੰ ਪਟੇ 'ਤੇ ਦੇਣ ਦੇ ਫ਼ੈਸਲੇ ਲਈ ਇਹੀ ਪਾਰਟੀ ਜ਼ਿੰਮੇਵਾਰ ਹੈ। ਇਹ ਫ਼ੈਸਲਾ ਕਾਨੂੰਨੀ ਪ੍ਰਕਿਰਿਆ ਨੂੰ ਅਪਣਾਏ ਬਿਨਾਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿੱਤੀ ਘਪਲਿਆਂ ਅਤੇ ਮਾੜੇ ਪ੍ਰਬੰਧਾਂ ਦੇ ਵੱਖ-ਵੱਖ ਮਾਮਲਿਆਂ ਕਾਰਨ ਅਕਾਲੀ ਦਲ ਹੁਣ ਨਿਰਾਸ਼ਾ ਦੇ ਆਲਮ ਵਿੱਚ ਆਪਣੀਆਂ ਗ਼ਲਤੀਆਂ 'ਤੇ ਪਰਦਾ ਪਾਉਣ ਲਈ ਹੱਥ-ਪੈਰ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਦੇ ਰਾਜ ਦੌਰਾਨ ਹੋਈਆਂ ਵਿੱਤੀ ਬੇਨਿਯਮੀਆਂ ਬਾਰੇ ਕਾਂਗਰਸ ਸਰਕਾਰ ਛੇਤੀ ਹੀ ਵ੍ਹਾਈਟ-ਪੇਪਰ' ਜਾਰੀ ਕਰੇਗੀ। ਕਾਂਗਰਸੀ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਕਾਲੀਆਂ ਦੇ ਧਰਨਿਆਂ ਨੂੰ ਹਮਾਇਤ ਦਿੱਤੇ ਜਾਣ ਨੂੰ ਮੰਦਭਾਗਾ ਕਰਾਰ ਦਿੱਤਾ।

## ਡਾ. ਅਮਰੀਕ ਸਿੰਘ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਨਵੇਂ ਪ੍ਰਿੰਸੀਪਲ ਬਣਾਏ ਗਏ

ਕਰਡੈਂਸ਼ਲ, ਐਡਮਨਿਸਟ੍ਰੇਟਿਵ ਸਰਵਿਸ ਕਰਡੈਂਸ਼ਲ ਤੇ ਮਾਸਟਰ ਇਨ ਐਜ਼ੂਕੇਸ਼ਨ ਦੀ ਪੜ੍ਹਾਈ ਕੀਤੀ । ਇਹ ਜ਼ਿਕਰ ਕਰਨਯੋਗ ਹੈ ਕਿ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਹੋਰ ਪਬਲਿਕ ਸਕੂਲਾਂ ਵਾਂਗ ਸਰਕਾਰ ਤੋਂ ਫੰਡ ਪ੍ਰਾਪਤ ਕਰਦਾ ਹੈ ਤੇ ਸਾਰੇ ਅਧਿਆਪਕ ਸਰਟੀਫ਼ਾਇਡ ਕਰਡੈਂਸਲਡ ਵਾਲੇ ਹੀ ਭਰਤੀ ਕੀਤੇ ਜਾਂਦੇ ਹਨ । ਹਰੇਕ ਕਲਾਸ ਵਿੱਚ ਬੱਚਿਆਂ ਦੀ ਗਿਣਤੀ ਆਮ ਸਕੂਲਾਂ ਨਾਲੋਂ ਘੱਟ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਦੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ । ਇਸ ਸਾਲ ਸਕੂਲ ਦੇ ਨਤੀਜ਼ੇ ਇੰਗਲਿਸ਼ ਤੇ ਮੈਥ ਦੇ ਸਟੇਟ ਇਮਤਿਹਾਨਾਂ ਵਿੱਚ ਬਹੁਤ ਵਧੀਆ ਆਏ ਹਨ ।

ਵਰਨਣਯੋਗ ਹੈ ਕਿ ਇਸ ਸਕੂਲ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਹੈ। ਸਾਰੇ ਬੱਚੇ ਪੰਜਾਬੀ ਵਿੱਚ ਪਹਾੜੇ ਵੀ ਸਿੱਖਦੇ ਹਨ । ਸਾਰੇ ਵਿਦਿਆਰਥੀ ਭਾਵੇਂ ਉਹ ਗੋਰੇ, ਅਫ਼ਰੀਕਨ,ਮੈਕਸੀਕਨ ਜਾਂ ਏਸ਼ੀਅਨ ਮੂਲ ਦੇ ਹੋਣ, ਪੰਜਾਬੀ ਸਿੱਖ ਕੇ ਬਹੁਤ ਖੁਸ਼ ਹੁੰਦੇ ਹਨ ਤੇ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਵਿੱਚ ਵੀ ਮੁਹਾਰਤ ਹਾਸਲ ਕਰਦੇ ਹਨ ।

## ਅਜਮੇਰ ਔਲਖ ਦੇ ਇਲਾਜ ਦਾ ਬਿਲ ਸਰਕਾਰ ਅਦਾ ਕਰੇਗੀ: ਬ੍ਰਹਮ ਮਹਿੰਦਰਾ

ਦੇ ਤੰਦਰੁਸਤ ਹੋਣ ਦੀ ਖ਼ਬਰ ਸੁਣ ਕੇ ਕਾਫ਼ੀ ਰਾਹਤ ਮਿਲੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਸਪਤਾਲ ਪ੍ਰਸ਼ਾਸਨ ਵਲੋਂ ਆਸ ਨਾਲੋਂ ਵੱਧ ਸੋਲਾਂ ਲੱਖ ਦਾ ਬਿਲ ਬਣਾਉਣ ਦਾ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆ ਦਿੱਤਾ ਹੈ ਅਤੇ ਹਸਪਤਾਲ ਰਹਿੰਦੀ ਰਕਮ ਭਰਨ ਲਈ ਔਲਖ ਪਰਿਵਾਰ ਨੂੰ ਨਹੀਂ ਕਹੇਗਾ।

ਨਵਜੋਤ ਸਿੱਧੂ ਵਲੋਂ 8 ਲੱਖ ਰੁਪਏ ਦੀ ਮਦਦ :

ਪੰਜਾਬ ਦੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੁਹਾਲੀ ਦੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ 8 ਲੱਖ ਰੁਪਏ ਦਾ ਚੈੱਕ ਦਿੱਤਾ। ਸ੍ਰੀ ਸਿੱਧੂ ਖੁਦ ਹਸਪਤਾਲ ਗਏ ਤੇ ਉਨ੍ਹਾਂ ਔਲਖ ਪਰਿਵਾਰ ਨੂੰ ਮਾਲੀ ਮਦਦ ਦਿੱਤੀ।

## 'ਬਾਦਲਾਂ' ਦੀ ਮਿਹਰ ਨਾਲ ਮਲਾਈ' ਛਕਦਾ ਰਿਹਾ ਪਹਿਲਵਾਨ

ਸਹਿਮਤੀ ਨਾਲ 37 ਕਰੋੜ ਰੁਪਏ ਕਰ ਦਿੱਤਾ ਗਿਆ। ਸੁਰਿੰਦਰਪਾਲ ਵਲੋਂ ਹੀ ਏਕ ਓਂਕਾਰ ਬਿਲਡਰਜ਼ ਨੂੰ 37 ਕਰੋੜ ਰੁਪਏ ਦਾ ਕੰਮ ਮੁਕੰਮਲ ਕਰਨ ਸਬੰਧੀ 'ਕੰਮ ਤਜਰਬਾ' ਸਰਟੀਫਿਕੇਟ ਜਾਰੀ ਕੀਤਾ ਗਿਆ। ਕੰਪਨੀ ਨੇ ਇਸ ਤੋਂ ਬਾਅਦ ਵੱਡੀ ਕੀਮਤ ਵਾਲੇ ਟੈਂਡਰ ਹਾਸਲ ਕਰਨ ਲਈ ਇਸ ਸਰਟੀਫਿਕੇਟ ਦੀ ਵਰਤੋਂ ਕੀਤੀ। ਐਸ.ਈ.ਸੀ.ਐਲ. ਵਲੋਂ ਏਕ ਓਂਕਾਰ ਬਿਲਡਰਜ਼ ਨੂੰ ਕੁੱਲ 37 ਕਰੋੜ ਰੁਪਏ ਦੇ ਕੰਮ ਲਈ ਤਕਰੀਬਨ 13 ਕਰੋੜ ਰੁਪਏ ਅਦਾ ਕੀਤੇ ਗਏ। ਇਸ ਤੋਂ ਇਹ ਸਪਸ਼ਟ ਹੈ ਕਿ ਏਕ ਓਂਕਾਰ ਬਿਲਡਰਜ਼ ਵਲੋਂ ਹਾਸਲ ਕੀਤਾ ਉਕਤ ਕੰਮ ਵੀ ਖ਼ੁਦ ਨਹੀਂ ਕੀਤਾ ਗਿਆ।

ਸੁਰਿੰਦਰਪਾਲ ਨੇ ਗਮਾਡਾ ਵਿੱਚ ਬਤੌਰ ਮੰਡਲ ਇੰਜਨੀਅਰ (ਸੀ-1) ਵਜੋਂ ਕੰਮ ਕਰਦਿਆਂ 1030 ਕਰੋੜ ਰੁਪਏ ਦੀ ਕੀਮਤ ਦੇ ਕੁੱਲ 200 ਤੋਂ ਵੀ ਵੱਧ ਕੰਮ ਅਲਾਟ ਕੀਤੇ ਤੇ ਇਨ੍ਹਾਂ ਵਿੱਚੋਂ ਲਗਭਗ 230 ਕਰੋੜ ਰੁਪਏ ਦੇ ਕੰਮ ਏਕ ਓਂਕਾਰ ਬਿਲਡਰਜ਼ ਨੂੰ ਹੀ ਦਿੱਤੇ ਗਏ। ਸ੍ਰੀ ਉੱਪਲ ਨੇ ਦੱਸਿਆ ਕਿ ਏਕ ਓਂਕਾਰ ਬਿਲਡਰਜ਼ ਕੰਪਨੀ ਵਿੱਚ ਗੁਰਮੇਜ ਸਿੰਘ ਗਿੱਲ ਵਾਸੀ ਬੀ-36/21, ਪੱਖੋਵਾਲ ਰੋਡ ਵਿਕਾਸ ਨਗਰ, ਲੁਧਿਆਣਾ ਬਤੌਰ ਪ੍ਰੋਮੋਟਰ-ਡਾਇਰੈਕਟਰ 50 ਫ਼ੀਸਦੀ ਸ਼ੇਅਰਾਂ ਦਾ ਮਾਲਕ ਹੈ। ਕੰਪਨੀ ਦਾ ਦੂਜਾ ਡਾਇਰੈਕਟਰ ਅਤੇ ਬਾਕੀ 50 ਫ਼ੀਸਦੀ ਸ਼ੇਅਰਾਂ ਦਾ ਮਾਲਕ ਮੋਹਿਤ ਕੁਮਾਰ ਵਾਸੀ ਮਕਾਨ ਨੰਬਰ 513/1, ਸਰੂਪ ਨਗਰ, ਸਲੇਮ ਟਾਬਰੀ, ਲੁਧਿਆਣਾ ਹੈ। ਗੁਰਮੇਜ ਤੇ ਮੋਹਿਤ ਦੀ ਸੁਰਿੰਦਰਪਾਲ ਨਾਲ ਜਾਣ-ਪਛਾਣ ਹੈ। ਗੁਰਮੇਜ ਗਿੱਲ ਬਤੌਰ ਜੂਨੀਅਰ ਇੰਜਨੀਅਰ ਸੁਰਿੰਦਰਪਾਲ ਅਧੀਨ ਮੰਡੀ ਬੋਰਡ ਲੁਧਿਆਣਾ ਵਿੱਚ ਤਾਇਨਾਤ ਰਿਹਾ ਹੈ ਤੇ ਮੋਹਿਤ ਕੁਮਾਰ ਦਾ ਪਿਤਾ ਹਰੀ ਕ੍ਰਿਸ਼ਨ ਵੀ ਸੁਰਿੰਦਰਪਾਲ ਸਿੰਘ ਦੇ ਅਧੀਨ ਮੰਡੀ ਬੋਰਡ, ਲੁਧਿਆਣਾ ਵਿੱਚ ਬਤੌਰ ਸੁਪਰਵਾਈਜ਼ਰ ਤਾਇਨਾਤ ਰਿਹਾ ਹੈ। ਵਿਜੀਲੈਂਸ ਮੁਤਾਬਕ ਮੋਹਿਤ ਕੁਮਾਰ ਸ਼ੁਰੂ ਵਿੱਚ ਉਕਤ ਕੰਪਨੀ 'ਚ ਕੇਵਲ ਇੱਕ ਕਰਮਚਾਰੀ ਸੀ ਪਰ ਬਾਅਦ ਵਿੱਚ ਕੰਪਨੀ ਦੇ ਰਿਕਾਰਡ ਵਿੱਚ ਉਸ ਨੂੰ ਡਾਇਰੈਕਟਰ ਅਤੇ ਸ਼ੇਅਰਧਾਰਕ ਬਣਾ ਦਿੱਤਾ ਗਿਆ। ਉਹ ਹਾਲੇ ਵੀ ਕੰਪਨੀ ਤੋਂ ਲਗਾਤਾਰ ਤਨਖਾਹ ਲੈ ਰਿਹਾ ਹੈ।

ਸਾਲ 2015-16 ਵਿੱਚ ਇਸ ਕੰਪਨੀ ਨੇ ਕੁਝ ਜ਼ਮੀਨ ਪਿੰਡ ਚਟੌਲੀ (ਜ਼ਿਲ੍ਹਾ ਮੁਹਾਲੀ) ਵਿੱਚ ਖ਼ਰੀਦੀ ਤੇ ਇਸ ਜ਼ਮੀਨ ਨਾਲ ਲਗਦੀ ਕੁਝ ਜ਼ਮੀਨ ਉਸ ਸਮੇਂ ਕੰਪਨੀ ਦੇ ਡਾਇਰੈਕਟਰ ਮੋਹਿਤ ਕੁਮਾਰ ਦੇ ਨਾਮ 'ਤੇ ਵੀ ਖ਼ਰੀਦੀ। ਇਸ ਵਾਸਤੇ ਮੋਹਿਤ ਕੁਮਾਰ ਵਲੋਂ ਐਵਾਰਡ ਐਗਰੋ ਟਰੇਡਰਜ਼ ਲਿਮਟਿਡ ਜਿਹੜੀ ਕਿ ਸੁਰਿੰਦਰਪਾਲ ਦੀ ਪਤਨੀ ਅਤੇ ਮਾਤਾ ਦੇ ਨਾਮ 'ਤੇ ਹੈ, ਪਾਸੋਂ 195 ਲੱਖ ਰੁਪਏ ਹਾਸਲ ਕੀਤੇ ਗਏ। ਗੁਰਮੇਜ ਸਿੰਘ ਗਿੱਲ ਨੇ ਸੇਵਾਮੁਕਤੀ ਉਪਰੰਤ ਪਹਿਲਾਂ ਮੈਸ: ਰੁਪਿੰਦਰ ਸਿੰਘ ਠੇਕੇਦਾਰ' ਦੀ ਨੁਮਾਇੰਦਗੀ ਕੀਤੀ ਤੇ ਇਹ ਕੰਪਨੀ ਬਾਅਦ ਵਿੱਚ ਮੈਸ: ਏਕ ਓਂਕਾਰ ਬਿਲਡਰਜ਼ ਵਿੱਚ ਰਲ਼ ਗਈ। ਜਿਹੜੀ ਜਿਹੜੀ ਥਾਂ ਸੁਰਿੰਦਰਪਾਲ ਤਾਇਨਾਤ ਰਿਹਾ, ਉਸੇ ਥਾਂ ਕੰਪਨੀ ਨੇ ਜ਼ਿਆਦਾ ਕੰਮ ਹਾਸਲ ਕੀਤੇ।

ਸੁਰਿੰਦਰਪਾਲ ਸਿੰਘ ਨੇ ਖ਼ੁਦ ਨੂੰ ਮਕਾਨ ਨੰਬਰ 36/563, ਗੋਬਿੰਦ ਨਗਰ ਪੱਖੋਵਾਲ ਰੋਡ, ਲੁਧਿਆਣਾ ਦਾ ਮਾਲਕ ਦਰਸਾਉਂਦਿਆਂ ਕੰਪਨੀ ਦੇ ਡਾਇਰੈਕਟਰ ਗੁਰਮੇਜ ਸਿੰਘ ਗਿੱਲ ਰਾਹੀਂ ਉਕਤ ਮਕਾਨ ਕੰਪਨੀ ਨੂੰ ਕਿਰਾਏ 'ਤੇ ਦੇਣ ਸਬੰਧੀ ਮਿਤੀ 16-02-2015 ਨੂੰ ਲੀਜ਼ ਡੀਡ' ਕੀਤੀ। ਇਸੇ ਇਮਾਰਤ ਵਿੱਚ ਹੀ ਕੰਪਨੀ ਦਾ ਦਫ਼ਤਰ ਹੈ।

## ਵਿਰਾਸਤੀ ਸਕਰੀਨਾਂ 'ਤੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਲਾਜ਼ਮੀ ਕੀਤੇ ਜਾਣ ਦੀ ਨਹੀਂ ਸੀ ਕੋਈ ਸ਼ਰਤ

ਆਪਣੀ ਮਰਜ਼ੀ ਨਾਲ ਇਸ਼ਤਿਹਾਰਬਾਜ਼ੀ ਸ਼ੁਰੂ ਕਰ ਦਿੱਤੀ ਗਈ ਹੈ ਕਿਉਂਕਿ ਇਸ਼ਤਿਹਾਰਬਾਜ਼ੀ ਤੋਂ ਉਸ ਨੂੰ ਆਮਦਨ ਹੋਣੀ ਹੈ। ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਗੁਰਬਾਣੀ ਕੀਰਤਨ ਦੇ ਨਾਲ ਨਾਲ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਸਬੰਧੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਟਿੱਕਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਇਸ ਸਮੁੱਚੇ ਮਾਮਲੇ ਦੀ ਵਿਜੀਲੈਂਸ ਜਾਂਚ ਕਰਾਈ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਸਾਹਮਣੇ ਲਿਆਂਦਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸਕਰੀਨਾਂ ਸਬੰਧੀ ਸਮਝੌਤੇ ਨੂੰ ਰੱਦ ਕੀਤਾ ਜਾਵੇ ਤੇ ਨਵਾਂ ਸਮਝੌਤਾ ਕੀਤਾ ਜਾਵੇ, ਜਿਸ ਤਹਿਤ ਇਨ੍ਹਾਂ ਸਕਰੀਨਾਂ 'ਤੇ ਸਿਰਫ਼ ਗੁਰਬਾਣੀ ਕੀਰਤਨ ਹੀ ਦਿਖਾਇਆ ਜਾਵੇ।

## ਸਕਰੀਨਾਂ ਦੇ ਮਾਮਲੇ ਦੀ ਜਾਂਚ ਦੇ ਆਦੇਸ਼

ਦੱਸਿਆ ਕਿ ਇਸ ਮਾਮਲੇ ਦੀ ਜਾਂਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਵਿੰਦਰ ਸਿੰਘ ਨੂੰ ਸੌਂਪੀ ਗਈ ਹੈ, ਜੋ ਸਾਰੇ ਪੱਖਾਂ ਤੋਂ ਘੋਖ ਕਰ ਕੇ ਇੱਕ ਹਫ਼ਤੇ ਵਿੱਚ ਰਿਪੋਰਟ ਸੌਂਪਣਗੇ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਜਾਂਚ ਦੌਰਾਨ ਹਰ ਪੱਖ ਨੂੰ ਘੋਖਿਆ ਜਾਵੇਗਾ। ਉਸ ਸਮਝੌਤੇ ਨੂੰ ਵੀ ਘੋਖਿਆ ਜਾਵੇਗਾ, ਜਿਸ ਤਹਿਤ ਐਲਈਡੀ ਸਕਰੀਨਾਂ ਦਾ ਠੇਕਾ ਨਿੱਜੀ ਭਾਈਵਾਲ ਨੂੰ ਦਿੱਤਾ ਗਿਆ ਸੀ। ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਕਰੀਨਾਂ 'ਤੇ ਇਤਰਾਜ਼ਯੋਗ ਦ੍ਰਿਸ਼ ਦਿਖਾਏ ਜਾ ਰਹੇ ਹਨ। ਸਕਰੀਨਾਂ 'ਤੇ ਨਿਰੋਲ ਗੁਰਬਾਣੀ ਦਾ ਕੀਰਤਨ ਦਿਖਾਇਆ ਜਾਣਾ ਚਾਹੀਦਾ ਹੈ।

ਇਸ ਮਾਮਲੇ ਦਾ ਮੁੱਖ ਮੰਤਰੀ ਨੇ ਵੀ ਨੋਟਿਸ ਲਿਆ ਹੈ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਜਾਂਚ ਕਰਾਉਣ ਦੇ ਆਦੇਸ਼ ਦਿੱਤੇ ਹਨ। ਇਸੇ ਤਹਿਤ ਇਥੇ ਲੱਗੀ ਵੱਡੀ ਸਕਰੀਨ ਨੂੰ ਛੱਡ ਕੇ ਛੋਟੀਆਂ ਸਕਰੀਨਾਂ 'ਤੇ ਗੁਰਬਾਣੀ ਦਾ ਕੀਰਤਨ ਦਿਖਾਇਆ ਗਿਆ ਹੈ।

## ਪਰਿਵਾਰਵਾਦ 'ਚ ਉਲਝਿਆ ਉਦਾਰਵਾਦੀ ਭਾਰਤ ਦਾ ਸੰਕਲਪ

ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅਭਿਆਸਾਂ ਵਿੱਚ ਲੋੜੀਂਦੀਆਂ ਸੋਧ-ਸੁਧਾਈਆਂ ਕਰਨ ਦੀ ਲੋੜ ਵੱਲ ਪਾਰਟੀ ਵਿੱਚੋਂ ਕਿਸੇ ਦਾ ਵੀ ਧਿਆਨ ਨਹੀਂ ਗਿਆ। ਜਿਵੇਂ 1991 'ਚ ਇੱਕ ਅਜਿਹੀ ਪ੍ਰਕਿਰਿਆ ਸ਼ੁਰੂ ਹੋਈ, ਜਿਸ ਨੇ ਭਾਰਤੀ ਅਰਥ-ਵਿਵਸਥਾ ਤੇ ਭਾਰਤੀ ਸਮਾਜ ਨੂੰ ਬਦਲ ਕੇ ਤੇ ਮੁੜ-ਵਿਵਸਥਿਤ ਕਰ ਕੇ ਰੱਖ ਦਿੱਤਾ ਸੀ; ਉਵੇਂ ਹੀ '9/11' ਤੋਂ ਬਾਅਦ ਵਿਸ਼ਵ ਪੱਧਰ ਉਤੇ ਨਵੇਂ ਵੈਰ-ਵਿਰੋਧ ਪੈਦਾ ਕਰਨ ਵਾਲੀਆਂ ਤਾਕਤਾਂ ਨੇ ਜਨਮ ਲਿਆ ਤੇ ਭਾਰਤ ਵੀ ਉਨ੍ਹਾਂ ਤੋਂ ਬਚ ਨਹੀਂ ਸਕਿਆ। ਕਾਂਗਰਸ ਨੇ ਸਮੇਂ ਮੁਤਾਬਕ ਆਪਣੇ ਵਿੱਚ ਕੋਈ ਤਬਦੀਲੀ ਨਹੀਂ ਲਿਆਂਦੀ ਸਗੋਂ ਉਹ ਆਪਣੀ ਖ਼ੁਦ ਦੀ ਚੋਣ ਸਫ਼ਲਤਾ ਨਾਲ ਭਾਰਤ ਦੇ ਵਿਚਾਰ' ਦੀ ਟਿਕਾਊਯੋਗਤਾ ਨੂੰ ਨਾਪ ਕੇ ਸੰਤੁਸ਼ਟ ਹੁੰਦੀ ਰਹੀ।

ਇਸ ਸਾਰੇ ਅਰਸੇ ਦੌਰਾਨ ਦੂਜੇ ਪਾਸੇ ਉਹ ਧਿਰ, ਜਿਹੜੀ ਧਿਰ ਭਾਰਤ ਦੇ ਵਿਚਾਰ' ਨੂੰ ਨਹਿਰੂ ਵਲੋਂ ਠੋਸੀ ਗਈ ਧਾਰਨਾ ਦੱਸ ਕੇ ਪੂਰੀ ਤਰ੍ਹਾਂ ਰੱਦ ਕਰਦੀ ਰਹੀ ਸੀ, ਇਸ ਦੇ ਖ਼ਿਲਾਫ਼ ਇੱਕ ਬਦਲਵੀਂ ਵਿਆਖਿਆ, ਬਦਲੀ ਘਟਨਾਵਲੀ ਰਚਣ ਵਿੱਚ ਰੁੱਝੀ ਰਹੀ, ਜਿਸ ਵਿੱਚ ਉਸ ਨੇ ਆਪਣੇ ਖ਼ੁਦ ਦੇ ਵਿਚਾਰਾਂ ਤੇ ਸੁਵਿਧਾ ਦੇ ਹਿਸਾਬ ਨਾਲ ਇਤਿਹਾਸ, ਤੱਥਾਂ ਤੇ ਗਲਪਾਂ ਨੂੰ ਤੋੜਿਆ-ਮਰੋੜਿਆ ਅਤੇ ਸਭ ਤੋਂ ਵੱਧ ਅਹਿਮ ਗੱਲ ਇਹ ਰਹੀ ਕਿ ਉਸ ਨੇ '9/11' ਤੋਂ ਬਾਅਦ ਦੇ ਧਰੁਵੀਕ੍ਰਿਤ ਸੰਸਾਰ ਤੇ ਵੰਡੇ ਹੋਏ ਸਮਾਜਾਂ ਦੇ ਬਦਲਦੇ ਪੱਖਪਾਤੀ ਵਿਚਾਰਾਂ ਉਤੇ ਵੀ ਗ਼ੌਰ ਕੀਤਾ। ਦੇਸ਼ ਵਿੱਚ ਉਨ੍ਹਾਂ ਨੂੰ ਪਾਕਿਸਤਾਨ ਦੇ ਆਪਮੁਹਾਰੇ ਜਹਾਦੀ ਅਨਸਰਾਂ ਦੀਆਂ ਹਰਕਤਾਂ ਤੋਂ ਬਹੁਤ ਜ਼ਿਆਦਾ ਬਲ ਮਿਲਿਆ। ਪਾਕਿਸਤਾਨ ਤੇ ਭਾਰਤ ਦੋਵੇਂ ਦੇਸ਼ਾਂ ਦੀਆਂ ਸੱਜ-ਪਿਛਾਖੜੀ ਤਾਕਤਾਂ ਨੇ ਇੱਕ-ਦੂਜੇ ਪ੍ਰਤੀ ਰੋਸ ਤੇ ਸ਼ਿਕਵੇ-ਸ਼ਿਕਾਇਤਾਂ ਵਿੱਚ ਖ਼ੂਬ ਵਾਧਾ ਕੀਤਾ।

ਸਾਡੇ ਸਾਰਿਆਂ ਨੂੰ ਹਿੰਦੂ ਬਣਾਉਣ ਤੇ ਭਾਰਤ ਨੂੰ ਭਾਰਤ ਦੇ ਨਹਿਰੂਵਾਦੀ ਖ਼ਾਸੇ' ਤੋਂ ਲਾਂਭੇ ਲਿਜਾਣ ਲਈ ਨਰਿੰਦਰ ਮੋਦੀ ਨੂੰ ਦੋਸ਼ ਦੇਣ ਦੀ ਥਾਂ ਸਾਨੂੰ ਇੱਕ ਅਜਿਹੇ ਸੰਦੇਸ਼-ਵਾਹਕ ਦੀ ਜ਼ਰੂਰਤ ਹੈ; ਜਿਸ ਵਿੱਚ ਅਜਿਹੀ ਸਿਆਸੀ ਯੋਗਤਾ ਤੇ ਨੀਤੀਗਤ ਸੂਝ ਹੋਵੇ ਕਿ ਉਹ ਉਨ੍ਹਾਂ ਸਾਰੇ ਲੋਕਾਂ ਨੂੰ ਮੁੜ ਇਕੱਠਾ ਕਰ ਸਕੇ ਜਿਹੜੇ ਭਾਰਤੀ ਜਨਤਾ ਪਾਰਟੀ ਵਾਲੇ ਜ਼ੋਨਾਂ ਵਿੱਚ ਬੈਠੇ ਹਨ, ਪਰ ਆਪਣੇ ਆਪ ਨੂੰ ਉਥੇ ਸੁਵਿਧਾਜਨਕ ਮਹਿਸੂਸ ਨਹੀਂ ਕਰਦੇ। ਭਾਰਤ ਦੇ ਵਿਚਾਰ' ਨੂੰ ਇਸ ਕਰਕੇ ਢਾਹ ਲੱਗੀ ਸੀ ਕਿਉਂਕਿ ਇਸ ਨੂੰ ਇੱਕ ਪਰਿਵਾਰ ਦੇ ਵਿਚਾਰ' ਨਾਲ ਜੋੜ ਕੇ ਵੇਖਿਆ ਜਾਣ ਲੱਗਾ ਸੀ। ਇਹੋ ਕਾਂਗਰਸ ਪਾਰਟੀ ਦਾ ਸਲੀਬ ਹੈ ਅਤੇ ਇਹੋ ਹੀ ਉਦਾਰਵਾਦੀ ਭਾਰਤ ਦੀ ਸਭ ਤੋਂ ਵੱਡੀ ਦੋਚਿੱਤੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# Classified

## ਲੜਕੀ ਦੀ ਲੋੜ

ਸਿੱਖ ਰਾਮਗੜੀਆ ਲੜਕਾ, 30/5'9", ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ।(ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ 'ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।

ਸੰਪਰਕ : ਅਮਰੀਕਾ : 714-232-2482

ਵਟਸਐਪ : 97791-30287, saggu.gagan@gmail.com

## BRIDE WANTED

Seeking a Matrimonial match in Canada & USA only, for a Sikh Ramgharia boy, 30/5'9" having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**
**Call Mobile No. 09045898878**
**E-mail: navi_singh001@yahoo.com**

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

**For Classified Contact**
**510.240.5949**

## "ਹਿੰਸਾ ਨੂੰ ਉਤਸ਼ਾਹਿਤ ਕਰਨ ਜਾਂ ਉਕਸਾਹਟ ਕਰਨ ਲਈ ਜੋ ਵਿਅਕਤੀ ਕੰਮ ਕਰਦੇ ਹਨ ਉਨ੍ਹਾਂ ਨੂੰ ਰੋਕਣਾ ਹਰੇਕ ਇਨਸਾਨ ਦਾ ਮੁੱਢਲਾ ਫਰਜ"

ਦੌਰਾਨ ਅਕਸਰ ਬਹੁਤ ਸਾਰੇ ਲੋਕਾਂ ਨੂੰ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਇਸ ਸਬੰਧੀ ਅਫ਼ਰੀਕਾ ਅਤੇ ਏਸ਼ੀਆ ਦੀਆਂ ਘਟਨਾਵਾਂ 'ਤੇ ਵੀ ਚਾਨਣਾ ਪਾਇਆ।

ਭਾਰਤ ਦੇ ਬਾਰੇ 'ਚ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਭਾਰਤ 'ਚ ਰਹਿ ਰਹੀਆਂ ਘੱਟ ਗਿਣਤੀ ਕੌਮਾਂ 'ਤੇ ਤਲਵਾਰ ਲਟਕ ਰਹੀ ਹੈ। ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਜਾਂ 'ਘਰ ਵਾਪਸੀ' ਦੇ ਨਾਂ 'ਤੇ ਜਬਰਨ ਘੱਟ ਗਿਣਤੀ ਸਮੁਦਾਇ ਦੇ ਲੋਕਾਂ ਨੂੰ ਹਿੰਦੂ ਧਰਮ ਅਪਨਾਉਣ 'ਤੇ ਜਬਰਦਸਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗਾਊ ਮਾਸ ਦੇ ਨਾਂ 'ਤੇ ਵੀ ਹਿੰਸਕ ਘਟਨਾਵਾਂ ਨੇ ਜ਼ੋਰ ਫ਼ੜਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਕਿਸਤਾਨ ਕਈ ਭਾਜਪਾ ਨੇਤਾਵਾਂ ਨੇ ਆਪਣੇ ਭੜਕਾਊ ਭਾਸ਼ਣਾਂ 'ਤੇ ਘੱਟ ਗਿਣਤੀ ਸਮੁਦਾਇ ਨੂੰ ਤਾੜਨਾ ਕੀਤੀ ਹੈ ਕਿ ਜੇਕਰ ਹਿੰਦੂ ਧਰਮ ਅਨੁਸਾਰ ਨਹੀਂ ਚਲਣਗੇ ਤਾਂ ਉਨ੍ਹਾਂ ਨੂੰ ਭਾਰਤ ਛੱਡਣਾ ਪਵੇਗਾ।

ਪ੍ਰੋਗਰਾਮ ਉਪਰੰਤ ਸ਼ਾਮ ਵੇਲੇ ਅਮਰੀਕਨ ਕਾਂਗਰੇਸ਼ਨਲ ਕਾਕਸ ਵੱਲੋਂ ਸਾਲਾਨਾ ਸਮਾਰੋਹ ਕਰਵਾਇਆ ਗਿਆ ਜਿਸ 'ਚ ਕਈ ਅਮਰੀਕਨ ਕਾਂਗਰਸਮੈਨ, ਉਘੇ ਸਿਆਸਤਦਾਨ, ਦੂਰੋਂ-ਨੇੜਿਓਂ ਫਰੈਂਡਸ ਆਫ਼ ਕਾਕਸ ਦੇ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ। ਇਸ ਮੌਕੇ ਉਘੇ ਸਮਾਜ ਸੇਵਕ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਸ: ਐਸ. ਪੀ. ਸਿੰਘ ਓਬਰਾਏ ਨੂੰ ਸਨਮਾਨਿਤ ਵੀ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਸਮਾਜ ਭਲਾਈ ਦੇ ਕਾਰਜਾਂ ਦਾ ਵੇਰਵਾ ਹਾਜ਼ਰੀਨ ਨੂੰ ਦੱਸਿਆ ਗਿਆ। ਇਸ ਮੌਕੇ ਕਾਂਗਰਸਮੈਨ ਪੈਟਰਿਕ ਮੀਹਾਨ, ਜਿੰਮ ਕੋਸਟਾ, ਜੈਰੀ ਮੈਕਨੇਰੀ, ਜੂਡੀ-ਚੂ ਅਤੇ ਹੋਰ ਕਈ ਪ੍ਰਮੁੱਖ ਸਖ਼ਸ਼ੀਅਤਾਂ ਨੇ ਹਾਜ਼ਰੀ ਭਰੀ।

ਇਸ ਦੌਰਾਨ ਹਰਪ੍ਰੀਤ ਸਿੰਘ ਸੰਧੂ ਨੇ ਜਿੱਥੇ ਵੱਖ-ਵੱਖ ਬੁਲਾਰਿਆਂ ਨੂੰ ਬਾਖ਼ੂਬੀ ਪੇਸ਼ ਕੀਤਾ। ਇਸ ਤੋਂ ਇਲਾਵਾ ਇਸ ਸਮਾਗਮ 'ਚ ਅਮਰੀਕੀ ਫੌਜ ਵਿਚ ਸੇਵਾ ਨਿਭਾਅ ਰਹੇ ਕੈਪਟਨ ਸਿਮਰਤਪਾਲ ਸਿੰਘ , ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਮਹਿਤਾਬ ਸਿੰਘ ਕਾਹਲੋਂ ਹਾਜ਼ਰ ਸਨ।

ਅਮਰੀਕਾ ਭਰ ਤੋਂ ਵੱਖ-ਵੱਖ ਆਗੂ ਇਸ ਸਮਾਗਮ ਵਿਚ ਪਹੁੰਚੇ ਹੋਏ ਸਨ। ਸਮਾਗਮ ਦੀ ਖਾਸ ਗੱਲ ਇਹ ਸੀ ਕਿ ਇਸ ਵਾਰ ਨੌਜਵਾਨ ਸਿੱਖਾਂ ਨੇ ਵੀ ਇੱਥੇ ਵੱਧ-ਚੜ ਕੇ ਹਾਜ਼ਰੀਆਂ ਭਰੀਆਂ ਅਤੇ ਉਨ੍ਹਾਂ ਨੇ ਆਪੋ-ਆਪਣੇ ਵਿਚਾਰ ਵੀ ਪੇਸ਼ ਕੀਤੇ।

## ਨਸ਼ਾ ਤਸਕਰਾਂ ਤੇ ਗੈਂਗਸਟਰਾਂ ਨੂੰ ਫੜਨ ਵਾਲਾ ਇੰਸਪੈਕਟਰ ਇੰਦਰਜੀਤ ਗ੍ਰਿਫ਼ਤਾਰ

'ਤੇ ਦੋਸ਼ੀ ਤਸਕਰਾਂ ਨੂੰ ਬਰੀ ਕਰ ਦਿੱਤਾ ਕਿ ਇੰਸਪੈਕਟਰ ਇੰਦਰਜੀਤ ਸਿੰਘ ਐਨ.ਡੀ.ਪੀ.ਐਸ. ਕਾਨੂੰਨ ਦੇ ਮੁਤਾਬਕ ਮੁਕੱਦਮੇ ਦਰਜ ਕਰਨ ਸਮੇਂ ਅਤੇ ਉਪਰੰਤ ਪੜਤਾਲ ਕਰਨ ਦੇ ਸਮਰੱਥ ਨਹੀਂ ਸੀ ਕਿਉਂਕਿ ਉਸ ਵੇਲੇ ਉਹ ਪੱਕਾ ਹੌਲਦਾਰ ਹੀ ਸੀ ਅਤੇ ਇੰਸਪੈਕਟਰ ਦਾ ਰੈਂਕ ਉਸ ਨੂੰ ਸਿਰਫ਼ ਰੇਂਜ ਪੱਧਰ 'ਤੇ ਹੀ ਮਿਲਿਆ ਹੋਇਆ ਸੀ। ਇਸ ਕਾਨੂੰਨ ਮੁਤਾਬਕ ਸਿਰਫ ਪੱਕਾ ਇੰਸਪੈਕਟਰ ਜਾਂ ਉਸ ਤੋਂ ਉਪਰਲੇ ਰੈਂਕ ਦਾ ਅਧਿਕਾਰੀ ਹੀ ਨਸ਼ਿਆਂ ਨਾਲ ਜੁੜੇ ਕੇਸਾਂ ਨੂੰ ਦਰਜ ਅਤੇ ਪੜਤਾਲ ਕਰ ਸਕਦਾ ਹੈ।

ਤਿੰਨਾਂ ਮੁਕੱਦਮਿਆਂ ਦੀ ਪੜਤਾਲ ਦੌਰਾਨ ਦੋਸ਼ੀ ਇੰਸਪੈਕਟਰ ਨੇ ਜਾਣ-ਬੁੱਝ ਕੇ ਖਾਮੀਆਂ ਛੱਡੀਆਂ ਅਤੇ ਗੱਡੀਆਂ ਦੇ ਨੰਬਰ ਗਲਤ ਲਿਖੇ। ਇਨ੍ਹਾਂ ਤਿੰਨੇ ਕੇਸਾਂ ਦੀ ਅਗਲੇਰੀ ਪੜਤਾਲ ਲਈ ਆਈ.ਜੀ. ਸਰਹੱਦੀ ਰੇਂਜ ਤੇ ਜ਼ਿਲ੍ਹਾ ਪੁਲਿਸ ਮੁਖੀ ਤਰਨਤਾਰਨ ਨੂੰ ਲਿਖਿਆ ਗਿਆ, ਜਿਨ੍ਹਾਂ ਨੇ ਤੱਥਾਂ ਦੀ ਡੂੰਘਾਈ ਨਾਲ ਪੜਤਾਲ ਉਪਰੰਤ ਦੋਸ਼ੀ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਡੀ.ਐਸ. ਪੀ. ਜਸਵੰਤ ਸਿੰਘ ਖਿਲਾਫ ਐਨ.ਡੀ.ਪੀ.ਐਸ. ਕਾਨੂੰਨ ਦੀ ਧਾਰਾ 59 (2) ਤਹਿਤ ਫ਼ੌਜਦਾਰੀ ਕਾਰਵਾਈ ਲਈ ਸਿਫਾਰਿਸ਼ ਕੀਤੀ ਸੀ। ਇੰਸਪੈਕਟਰ ਵਿਰੁੱਧ ਵਿਜੀਲੈਂਸ ਬਿਓਰੋ ਵਲੋਂ ਵੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਹੋਇਆ ਹੈ ਜਿਸ ਦੀ ਪੜਤਾਲ ਜਾਰੀ ਹੈ।

## ਸਿੱਖ ਨੌਜਵਾਨਾਂ ਨੂੰ ਮਾਰ ਮੁਕਾਉਣ ਲਈ ਅਪਣਾਏ ਗਏ ਕੈਟ ਸਿਸਟਮ ਦਾ ਹਿੱਸਾ ਰਿਹੈ ਇੰਦਰਜੀਤ ਸਿੰਘ ?

ਉਸਦੇ ਨਾਮ ਦੀ ਚਰਚਾ ਦਾ ਜ਼ਿਕਰ ਇੱਕ ਹਿੰਦੀ ਅਖਬਾਰ (ਦੈਨਿਕ ਭਾਸਕਰ) ਦੇ ਅੰਮ੍ਰਿਤਸਰ ਤੋਂ ਰਿਪੋਰਟਰ ਨੇ 30 ਮਈ ਦੇ ਅੰਕ ਵਿੱਚ ਹੀ ਛਾਪ ਦਿੱਤਾ ਸੀ। ਅਖਬਾਰ ਨੇ ਇੰਦਰਜੀਤ ਸਿੰਘ ਵਲੋਂ ਖਾੜਕੂਆਂ ਨੂੰ ਖਤਮ ਕਰਨ ਲਈ ਪਾਏ ਯੋਗਦਾਨ ਦਾ ਬਕਾਇਦਾ ਜ਼ਿਕਰ ਕਰਦਿਆਂ ਸਿਫਤ ਵੀ ਕੀਤੀ ਕਿ ਕਿਸ ਤਰ੍ਹਾਂ ਇੰਦਰਜੀਤ ਸਿੰਘ ਨੇ ਤਰਨ ਤਾਰਨ ਜ਼ਿਲ੍ਹੇ ਵਿੱਚ ਨਸ਼ਾ ਸਮਗਲਰਾਂ ਦਾ ਗੜ੍ਹ ਤੋੜਨ ਵਿੱਚ ਸਫਲਤਾ ਹਾਸਿਲ ਕੀਤੀ।

ਬੀਤੇ ਦਿਨ ਪਹਿਲਾਂ ਜਲੰਧਰ ਸਥਿਤ ਸਰਕਾਰੀ ਪੁਲਿਸ ਕੁਆਟਰ ਤੇ ਫਿਰ ਫਗਵਾੜਾ ਵਿਖੇ ਕੀਤੀ ਗਈ ਛਾਪਾਮਾਰੀ ਬਾਅਦ ਸਪੈਸ਼ਲ ਟਾਸਕ ਫੋਰਸ ਨੇ ਉਸਦੀ ਅੰਮ੍ਰਿਤਸਰ ਸਥਿਤ ਕੋਠੀ ਵੀ ਸੀਲ ਕਰ ਦਿੱਤੀ ਹੈ। ਕੌਂਸਲਰ ਭਰਾ ਕੋਈ ਇੱਕ ਮਹੀਨੇ ਤੋਂ ਸਣੇ ਪਰਿਵਾਰ ਕੈਨੇਡਾ ਦੇ ਦੌਰੇ 'ਤੇ ਹੈ। ਅਖਬਾਰੀ ਖਬਰ ਅਨੁਸਾਰ ਜੇਕਰ ਇੰਦਰਜੀਤ ਸਿੰਘ ਦੇ ਨਾਮ ਦੀ ਚਰਚਾ ਸਪੈਸ਼ਲ ਟਾਸਕ ਫੋਰਸ ਵਿੱਚ ਸੀ ਤਾਂ ਉਸਦੇ ਬਾਵਜੂਦ ਵੀ ਉਹ ਬਿਨਾਂ ਕਿਸੇ ਝਿਜਕ ਵਿਚਰਦਾ ਹੈ। ਉਸਦੇ ਕਬਜ਼ੇ 'ਚੋਂ ਮੋਟੀ ਰਕਮ ਹਥਿਆਰ, ਵਿਦੇਸ਼ੀ ਕਰੰਸੀ, ਸੈਂਕੜੇ ਰੌਂਦ ਤੋਂ ਇਲਾਵਾ ਹੈਰੋਇਨ ਤੇ ਸਮੈਕ ਬਰਾਮਦ ਹੋ ਜਾਂਦੇ ਹਨ ਤਾਂ ਕਿਹਾ ਜਾ ਸਕਦਾ ਹੈ ਕਿ ਇੰਦਰਜੀਤ ਸਿੰਘ ਨੂੰ ਆਤਮ ਵਿਸ਼ਵਾਸ ਸੀ ਕਿ ਉਹ ਆਪਣੇ ਖਿਲਾਫ ਹੋਣ ਵਾਲੀ ਕਿਸੇ ਵੀ ਕਾਰਵਾਈ ਨੂੰ ਨਕੇਲ ਪਾਣ ਦੇ ਸਮਰੱਥ ਹੈ।

ਇੱਕ ਅਖਬਾਰੀ ਖਬਰ ਅਨੁਸਾਰ ਇੰਦਰਜੀਤ ਸਿੰਘ ਦੀ ਗ੍ਰਿਫਤਾਰੀ ਨੇ ਪੰਜਾਬ ਸਕੱਤਰੇਤ ਨੂੰ ਹੀ ਸੁੰਨ ਕਰ ਦਿੱਤਾ ਹੈ। ਚਰਚਾ ਤਾਂ ਇਹ ਵੀ ਹੈ ਕਿ ਖੁਦ ਸਪੈਸ਼ਲ ਟਾਸਕ ਫੋਰਸ ਨੂੰ ਉਮੀਦ ਨਹੀ ਸੀ ਕਿ ਉਸਨੂੰ ਇੰਦਰਜੀਤ ਸਿੰਘ ਤੋਂ ਐਨੀ ਵੱਡੀ 'ਪ੍ਰਾਪਤੀ' ਹੋ ਜਾਵੇਗੀ। ਹਾਲਾਂਕਿ ਵਿਭਾਗ ਇਸ ਦਿਸ਼ਾ ਵਿੱਚ ਕਾਫੀ ਕੰਮ ਕਰ ਚੁੱਕਾ ਸੀ ਕਿ ਪੁਲਿਸ ਵਲੋਂ ਫੜੇ ਜਾਣ ਵਾਲੇ ਨਸ਼ਾ ਸਮਗਲਰ ਛੇਤੀ ਰਿਹਾਅ ਕਿਉਂ ਹੋ ਜਾਂਦੇ ਹਨ ? ਫਿਲਹਾਲ ਫੋਰਸ ਪਾਸ ਇੱਕ ਹੀ ਤਰਕ ਸੀ ਕਿ ਇੰਦਰਜੀਤ ਸਿੰਘ ਸਿਰਫ ਹੌਲਦਾਰ ਸੀ ਤੇ ਨਿਯਮਾਂ ਅਨੁਸਾਰ ਉਹ ਨਰਕਾਟਿਕਸ ਐਕਟ ਅਨੁਸਾਰ, ਨਸ਼ਾ ਬਰਾਮਦਗੀ ਦੇ ਮਾਮਲੇ ਵਿੱਚ ਜਾਂਚ ਕਰਨ ਦਾ ਅਧਿਕਾਰ ਨਹੀਂ ਸੀ ਰੱਖਦਾ। ਅਜਿਹੇ ਵਿੱਚ ਸਵਾਲ ਅਹਿਮ ਹੈ ਕਿ ਪਿਛਲੇ 31 ਸਾਲਾਂ ਤੋਂ ਚਲੇ ਆ ਰਹੇ ਇੱਕ ਹੌਲਦਾਰ ਨੂੰ ਇਹ ਅਖਤਿਆਰ ਕਿਸਨੇ ਦਿੱਤੇ ਕਿ ਉਹ ਬਿਨਾਂ ਕਿਸੇ ਸੀਨੀਅਰ ਅਧਿਕਾਰੀ ਦੇ ਹੀ ਕੋਈ ਕਾਰਵਾਈ ਅੰਜ਼ਾਮ ਦੇ ਜਾਵੇ।

ਇੰਦਰਜੀਤ ਸਿੰਘ ਵਲੋਂ ਕੀਤੇ ਜਾਣ ਵਾਲੇ ਇੰਕਸ਼ਾਫ, ਇਸ ਵਪਾਰ ਵਿੱਚ ਉਸਦੇ ਭਾਈਵਾਲਾਂ ਦੀ ਫਹਿਰਿਸ਼ਤ (ਸੂਚੀ), ਉਸ ਖਿਲਾਫ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਤੇ ਬਚਾਅ ਪੱਖ ਦੇ ਵਕੀਲਾਂ ਵਲੋਂ ਦੋਸ਼ੀ ਨੂੰ ਨਿਰਦੋਸ਼ ਦਿੱਤੀਆਂ ਜਾਣ ਵਾਲੀਆਂ ਦਲੀਲਾਂ ਅਜੇ ਸਮੇਂ ਦੇ ਗਰਭ ਵਿੱਚ ਹਨ। ਲੇਕਿਨ ਇਹ ਜ਼ਰੂਰ ਹੈ ਕਿ ਪਹਿਲਾਂ ਹੱਕਾਂ ਖਾਤਿਰ ਲੜਨ ਵਾਲੇ ਅਣਗਿਣਤ ਸਿੱਖ ਨੌਜੁਆਨਾਂ ਨੂੰ ਮਾਰ ਮੁਕਾਉਣ ਲਈ ਵਰਤਿਆ ਗਿਆ ਕੈਟ ਸਿਸਟਮ ਹੀ ਪੰਜਾਬ ਵਿੱਚ ਨਸ਼ਿਆਂ ਰਾਹੀਂ ਨੌਜੁਆਨਾਂ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਹੈ।

### ਖਾੜਕੂਆਂ ਦਾ ਕਾਤਲ ਬਣ ਕੇ ਲਈਆਂ ਤਰੱਕੀਆਂ

ਵਰਨਣਯੋਗ ਹੈ ਕਿ ਇਹ ਪੁਲਸੀਆ ਇੰਦਰਜੀਤ ਸਿੰਘ ਡਰੱਗ ਦੇ ਨਾਲ ਨਾਲ ਸਿੱਖ ਖਾੜਕੂਆਂ ਦੇ ਕਾਤਲ ਵਜੋਂ ਵੀ ਸਰਗਰਮ ਸੀ। ਇਸਨੇ ਸਿੱਖ ਸੰਘਰਸ਼ ਵਿੱਚ ਸਰਗਰਮ ਸ. ਇਕਬਾਲ ਸਿੰਘ ਬਾਘਾ ਦੀ ਹਤਿਆ ਕੀਤੀ ਸੀ। ਇਸਨੇ ਕਿਸ਼ਨਗੜ੍ਹ ਤੇ ਭੋਗਪੁਰ ਵਿੱਚ ਤਾਇਨਾਤ ਹੋਣ ਵੇਲੇ ਝੂਠੇ ਪੁਲੀਸ ਮੁਕਾਬਲੇ ਕੀਤੇ। ਪਹਿਲਾਂ ਇਹ ਸਿਪਾਹੀ ਸੀ ਪਰ ਇਕਬਾਲ ਸਿੰਘ ਬਾਘਾ ਦੀ ਹਤਿਆ ਬਾਅਦ ਇੰਸਪੈਕਟਰ ਬਣਿਆ। ਵਰਨਣਯੋਗ ਹੈ ਕਿ ਇਕਬਾਲ ਸਿੰਘ ਗੜ੍ਹਦੀਵਾਲਾ ਨੇੜ੍ਹਲੇ ਪਿੰਡ ਬਾਘਾ ਨਾਲ ਸਬੰਧ ਰੱਖਦੇ ਸਨ ਅਤੇ ਇਲਾਕੇ ਵਿੱਚ ਅਪਣੇ ਵੰਗੇ ਵਿਵਹਾਰ ਅਤੇ ਬੇਦਾਗ ਕਿਰਦਾਰ ਕਰਕੇ ਜਾਣੇ ਜਾਂਦੇ ਸਨ।

## ਮਹਾਰਾਸ਼ਟਰ: ਕਿਸਾਨਾਂ ਦੀ ਹੜਤਾਲ ਬਣੀ ਲੋਕ ਲਹਿਰ

ਰਹੇ। ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ ਦੇ ਅਨੁਸਾਰ ਹੋਵੇਗੀ। ਪਰ ਇਸ ਨਾਲ, ਘੱਟੋ-ਘੱਟ ਸਮਰਥਨ ਮੁੱਲ ਤੈਅ ਕਿਵੇਂ ਕੀਤਾ ਜਾਵੇਗਾ, ਇਹ ਬੁਨਿਆਦੀ ਮੁੱਦਾ ਹੱਲ ਨਹੀਂ ਹੁੰਦਾ। ਫੜਨਵੀਸ ਸਰਕਾਰ ਨੂੰ ਕੇਂਦਰ ਤੋਂ ਸਹਾਇਤਾ ਮਿਲਣ ਦੀ ਬਹੁਤੀ ਸੰਭਾਵਨਾ ਨਹੀਂ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਐਨ.ਡੀ.ਏ. ਦੀ ਸਰਕਾਰ ਅਜਿਹੀ ਸਰਕਾਰ ਹੈ, ਜਿਹੜੀ ਕਿਸਾਨਾਂ ਦੇ ਬਹੁਤ ਘੱਟ ਪੱਖ ਵਿੱਚ ਹੈ। ਸਾਨੂੰ ਹਾਲੇ ਇਹ ਪਤਾ ਨਹੀਂ ਹੈ ਕਿ ਕਿਸਾਨਾਂ ਦੀ ਇਹ ਮੌਜੂਦਾ ਹੜਤਾਲ ਕਿੰਨਾ ਕੁ ਸਮਾਂ ਚੱਲੇਗੀ, ਪਰ ਸਾਨੂੰ ਇੰਨਾ ਜ਼ਰੂਰ ਪਤਾ ਹੈ ਕਿ ਅਸਲ ਮੰਗਾਂ ਮੰਨੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਮਹਾਰਾਸ਼ਟਰ ਦੇ ਕਿਸਾਨਾਂ ਨੇ ਤਾਂ ਤਾਂ ਆਪਣਾ ਰਾਹ ਵਿਖਾ ਦਿੱਤਾ ਹੈ। ਬਾਕੀ ਦੇਸ਼ ਦੇ ਕਿਸਾਨਾਂ ਨੂੰ ਵੀ ਹੁਣ ਮੋਰਚਾ ਸੰਭਾਲ ਕੇ ਆਪਣੇ ਸੰਘਰਸ਼ ਨੂੰ ਕਿਸੇ ਤਰਕਪੂਰਨ ਨਤੀਜੇ ਤਕ ਪਹੁੰਚਾਉਣਾ ਹੋਵੇਗਾ।

***(ਇਹ ਆਰਟੀਕਲ ਕੁਝ ਦਿਨ ਪਹਿਲਾਂ ਲਿਖਿਆ ਹੋਣ ਕਾਰਨ ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚਲੇ ਕਿਸਾਨ ਅੰਦੋਲਨ ਦੀ ਤਾਜ਼ਾ ਸਥਿੱਤੀ ਸਬੰਧੀ ਨੁਕਤੇ ਵਿਚਾਰੇ ਜਾਣ ਤੋਂ ਰਹਿ ਗਏ, ਉਸ ਸਬੰਧੀ ਖ਼ਬਰਾਂ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਇਸ ਅੰਕ ਦੇ ਹੋਰਨਾਂ ਸਫਿਆਂ ਉੱਤੇ ਹਨ)***

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
**510-875-3279**


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Katha
Kirtan
News
Debate
Discussion
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889




25 year Power Warranty

Empowering the Sun from all Directions™

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

Solar Café with Bifacial Solar Panels.

SUNPREME CONFIDENTIAL

ਅਲਵਿਦਾ ਕਹੋ

We are representing SunPREME Solar Panel

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

ਸਤਨਾਮ ਸਿੰਘ ਖਾਲਸਾ 510-706-1300


THATH
ਵੱਖਰੇ
BIKKAR BADSHAH
ENTERTAINMENT BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com



Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com